@Qpatrika @qaumipatrika punjabi instagram.com/qaumipatrika

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

Largest Circulated

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 28 March 2026

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 28 ਮਾਰਚ 2026, 12 ਚੈਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 142, qpatrika@gmail.com ਫੋਨ : 9971359517 www.qaumipatrika.org


## ਪ੍ਰਧਾਨ ਮੰਤਰੀ ਮੋਦੀ ਦੀ ਮੁੱਖ ਮੰਤਰੀਆਂ ਨਾਲ ਕੋਰੋਨਾ ਕਾਲ ਵਾਲੇ 'ਮਾਡਲ' 'ਤੇ ਦਿੱਤਾ ਜ਼ੋਰ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨੈਸ਼ਨਲ ਡੈਸਕ 27 ਮਾਰਚ। ਪੱਛਮੀ ਏਸ਼ੀਆ ਵਿੱਚ ਚੱਲ ਰਹੀ ਜੰਗ ਕਾਰਨ ਪੈਦਾ ਹੋਏ ਹਾਲਾਤਾਂ ਅਤੇ ਦੇਸ਼ ਵਿੱਚ ਈਂਧਨ ਦੀ ਸਪਲਾਈ ਨੂੰ ਸੁਚਾਰੂ ਬਣਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੱਖ-ਵੱਖ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਇੱਕ ਵਰਚੁਅਲ ਮੀਟਿੰਗ ਕਰ ਰਹੇ ਹਨ। ਇਸ ਮੀਟਿੰਗ ਵਿੱਚ ਉਨ੍ਹਾਂ ਪੰਜ ਸੂਬੇ (ਪੱਛਮੀ ਬੰਗਾਲ, ਕੇਰਲ, ਤਾਮਿਲਨਾਡੂ, ਅਸਾਮ ਅਤੇ ਪੁਡੂਚੇਰੀ) ਦੇ ਮੁੱਖ ਮੰਤਰੀ ਸ਼ਾਮਲ ਨਹੀਂ ਹੋਏ, ਜਿੱਥੇ ਆਉਣ ਵਾਲੇ ਸਮੇਂ ਵਿੱਚ ਚੋਣਾਂ ਹੋਣੀਆਂ ਹਨ। ਮੀਟਿੰਗ ਦਾ ਮੁੱਖ ਉਦੇਸ਼ ਈਰਾਨ ਜੰਗ ਕਾਰਨ ਪੈਦਾ ਹੋਈਆਂ ਚੁਣੌਤੀਆਂ ਨਾਲ ਕੁਸ਼ਲਤਾ ਨਾਲ ਨਜਿੱਠਣਾ ਹੈ। ਪੱਛਮੀ ਏਸ਼ੀਆ ਵਿੱਚ ਜੰਗ ਕਾਰਨ ਭਾਰਤ ਵਿੱਚ ਤੇਲ ਦੀ ਸਪਲਾਈ ਪ੍ਰਭਾਵਿਤ ਹੋਈ ਹੈ, ਜਿਸ ਕਾਰਨ ਕਈ ਰਾਜਾਂ ਵਿੱਚ ਪੈਟਰੋਲ-ਡੀਜ਼ਲ ਖਤਮ ਹੋਣ ਦੀਆਂ ਅਫ਼ਵਾਹਾਂ ਫੈਲ ਗਈਆਂ ਹਨ। ਇਸ ਕਾਰਨ ਪੈਟਰੋਲ ਪੰਪਾਂ 'ਤੇ ਲੰਬੀਆਂ ਲਾਈਨਾਂ ਲੱਗ ਰਹੀਆਂ ਹਨ। ਹਾਲਾਂਕਿ, ਸਰਕਾਰ ਨੇ ਦਾਅਵਾ ਕੀਤਾ ਹੈ ਕਿ ਦੇਸ਼ ਵਿੱਚ ਪੈਟਰੋਲ ਅਤੇ ਡੀਜ਼ਲ ਦੀ ਕੋਈ ਕਮੀ ਨਹੀਂ ਹੈ। ਭਾਰਤ ਆਪਣਾ ਜ਼ਿਆਦਾਤਰ ਕੱਚਾ ਤੇਲ, ਐਲ.ਪੀ.ਜੀ. ਅਤੇ ਪੀ.ਐਨ.ਜੀ. ਪੱਛਮੀ ਏਸ਼ੀਆਈ ਦੇਸ਼ਾਂ ਤੋਂ 'ਸਟ?ਰੇਟ ਆਫ ਹਾਰਮੁਜ਼' ਰਾਹੀਂ ਮੰਗਵਾਉਂਦਾ ਹੈ। ਖਾਸ ਗੱਲ ਇਹ ਹੈ ਕਿ ਈਰਾਨ ਨੇ ਭਾਰਤ





ਆਉਣ ਵਾਲੇ ਟੈਂਕਰਾਂ ਨੂੰ ਲੰਘਣ ਦੀ ਖਾਸ ਛੋਟ ਦਿੱਤੀ ਹੋਈ ਹੈ। ਪ੍ਰਧਾਨ ਮੰਤਰੀ ਮੋਦੀ ਨੇ ਇਸ ਸੰਕਟ ਨਾਲ ਨਜਿੱਠਣ ਲਈ ਕੋਰੋਨਾ ਕਾਲ ਦੇ 'ਟੀਮ ਇੰਡੀਆ' ਮਾਡਲ ਨੂੰ ਅਪਣਾਉਣ 'ਤੇ ਜ਼ੋਰ ਦਿੱਤਾ ਹੈ। ਇਸ ਮਾਡਲ ਤਹਿਤ ਕੇਂਦਰ ਅਤੇ ਰਾਜ ਸਰਕਾਰਾਂ ਮਿਲ ਕੇ ਇੱਕ ਟੀਮ ਵਜੋਂ ਕੰਮ ਕਰਨਗੀਆਂ। ਜਿੱਥੇ ਕੋਰੋਨਾ ਦੌਰਾਨ ਦਵਾਈਆਂ, ਮਾਸਕ ਅਤੇ ਟੈਸਟਿੰਗ ਕਿੱਟਾਂ 'ਤੇ ਧਿਆਨ ਸੀ, ਹੁਣ ਮੁੱਖ ਫੋਕਸ ਪੈਟਰੋਲ, ਡੀਜ਼ਲ ਅਤੇ ਐਲ.ਪੀ.ਜੀ. ਦੀ ਸਪਲਾਈ 'ਤੇ ਹੈ। ਕੇਂਦਰ ਸਰਕਾਰ ਰਾਜਾਂ ਨੂੰ ਈਂਧਨ ਮੁਹੱਈਆ ਕਰਵਾਏਗੀ ਅਤੇ ਰਾਜ ਸਰਕਾਰਾਂ ਇਹ ਯਕੀਨੀ ਬਣਾਉਣਗੀਆਂ ਕਿ ਲੋਕਾਂ ਤੱਕ ਇਸ ਦੀ ਸਹੀ ਵੰਡ ਹੋਵੇ।

## ਮੇਰੇ ਭਰਾ ਨੂੰ ਫੋਨ ਕਰਨ ਦੀ ਹਿੰਮਤ ਕਿਵੇਂ ਹੋਈ?: ਸੁਪਰੀਮ ਕੋਰਟ

ਕੌਮੀ ਪਤ੍ਰਿਕਾ

ਨਵੀਂ ਦਿੱਲੀ 27 ਮਾਰਚ। ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਸੂਰਿਆ ਕਾਂਤ ਨੇ ਅਦਾਲਤੀ ਕਾਰਵਾਈ ਦੌਰਾਨ ਇੱਕ ਵਿਅਕਤੀ ਵੱਲੋਂ ਉਨ੍ਹਾਂ ਦੇ ਭਰਾ ਨੂੰ ਫੋਨ ਕੀਤੇ ਜਾਣ ਦੀ ਘਟਨਾ 'ਤੇ ਸਖ਼ਤ ਨਾਰਾਜ਼ਗੀ ਜ਼ਾਹਰ ਕੀਤੀ ਹੈ। ਚੀਫ਼ ਜਸਟਿਸ ਨੇ ਅਦਾਲਤ ਵਿੱਚ ਭੜਕਦਿਆਂ ਕਿਹਾ ਕਿ ਉਨ੍ਹਾਂ ਕੋਲ 23 ਸਾਲਾਂ ਦਾ ਤਜ਼ਰਬਾ ਹੈ ਅਤੇ ਉਹ ਅਜਿਹੇ ਲੋਕਾਂ ਨਾਲ ਨਜਿੱਠਣਾ ਚੰਗੀ ਤਰ੍ਹਾਂ ਜਾਣਦੇ ਹਨ। ਇਹ ਮਾਮਲਾ ਹਰਿਆਣਾ ਦੇ ਦੋ ਵਿਦਿਆਰਥੀਆਂ ਨਾਲ ਸਬੰਧਤ ਹੈ ਜੋ ਉੱਤਰ ਪ੍ਰਦੇਸ਼ ਦੇ ਸੁਭਾਰਤੀ ਮੈਡੀਕਲ ਕਾਲਜ ਵਿੱਚ ਬੋਧ ਘੱਟ ਗਿਣਤੀ ਕੋਟੇ ਤਹਿਤ ਦਾਖਲਾ ਲੈਣਾ ਚਾਹੁੰਦੇ ਸਨ। ਇਨ੍ਹਾਂ ਵਿਦਿਆਰਥੀਆਂ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਬੋਧ ਧਰਮ ਅਪਣਾ ਲਿਆ ਹੈ ਅਤੇ ਇਸ ਦੇ ਸਬੂਤ ਵਜੋਂ ਸਰਟੀਫਿਕੇਟ ਵੀ ਪੇਸ਼ ਕੀਤੇ ਸਨ। ਹਾਲਾਂਕਿ, ਅਦਾਲਤ ਨੂੰ ਸ਼ੱਕ ਹੋਇਆ ਕਿ ਇਹ ਧਰਮ ਪਰਿਵਰਤਨ ਸਿਰਫ ਮੈਡੀਕਲ ਕਾਲਜ ਵਿੱਚ ਰਾਖਵੇਂਕਰਨ ਦਾ ਲਾਭ ਲੈਣ ਲਈ ਕੀਤਾ ਗਿਆ ਸੀ। ਸੁਣਵਾਈ ਦੌਰਾਨ ਚੀਫ਼ ਜਸਟਿਸ ਸੂਰਿਆ ਕਾਂਤ ਨੇ ਕਿਹਾ ਕਿ ਉਸ ਵਿਅਕਤੀ ਦੀ ਹਿੰਮਤ ਕਿਵੇਂ ਹੋਈ ਮੇਰੇ ਭਰਾ ਨੂੰ ਫੋਨ ਕਰਕੇ ਇਹ ਪੁੱਛਣ ਦੀ ਕਿ ਮੁੱਖ ਜਸਟਿਸ ਨੇ ਇਹ ਹੁਕਮ ਕਿਵੇਂ ਪਾਸ ਕੀਤਾ? ਉਨ੍ਹਾਂ ਸਖ਼ਤ ਲਹਿਜੇ ਵਿੱਚ ਕਿਹਾ, ਭਾਵੇਂ ਉਹ ਭਾਰਤ ਤੋਂ ਬਾਹਰ ਜਾ ਕੇ ਲੁਕ ਜਾਵੇ, ਮੈਂ ਉਸ ਨੂੰ ਛੱਡਾਂਗਾ ਨਹੀਂ। CJI ਨੇ ਸਪੱਸ਼ਟ ਕੀਤਾ ਕਿ ਨਿਆਂਪਾਲਿਕਾ ਦੇ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਦਖਲਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਧੋਖਾਧੜੀ ਕਰਾਰ: ਅਦਾਲਤ ਨੇ ਪਾਇਆ ਕਿ ਇਹ ਵਿਦਿਆਰਥੀ 'ਪੂਨੀਆ' ਜਾਤੀ ਨਾਲ ਸਬੰਧਤ ਹਨ, ਜੋ ਆਮ ਤੌਰ 'ਤੇ ਜਨਰਲ ਕੈਟੇਗਰੀ ਵਿੱਚ ਆਉਂਦੀ ਹੈ। CJI ਨੇ ਇਸ ਨੂੰ ਕੋਟੇ ਦੀ ਦੁਰਵਰਤੋਂ ਅਤੇ ਇੱਕ ਤਰ੍ਹਾਂ ਦਾ 'ਫਰਾਡ' ਦੱਸਿਆ। ਵਕੀਲ ਨੂੰ ਝਾੜ: ਜਦੋਂ ਪਟੀਸ਼ਨਰਾਂ ਦੇ ਪਿਤਾ ਵੱਲੋਂ ਪ੍ਰਭਾਵ ਪਾਉਣ ਦੀ ਕੋਸ਼ਿਸ਼ ਸਾਹਮਣੇ ਆਈ, ਤਾਂ ਵਕੀਲ ਨੇ ਮੁਆਫੀ ਮੰਗੀ। CJI ਨੇ ਵਕੀਲ ਨੂੰ ਕਿਹਾ ਕਿ ਅਜਿਹੀ ਸਥਿਤੀ ਵਿੱਚ ਸਭ ਤੋਂ ਪਹਿਲਾਂ ਤੁਹਾਨੂੰ ਕੇਸ



ਛੱਡ ਦੇਣਾ ਚਾਹੀਦਾ ਹੈ। ਪਟੀਸ਼ਨ ਖਾਰਜ: ਅਦਾਲਤ ਨੇ ਭੈਣ-ਭਰਾ ਦੀ ਪਟੀਸ਼ਨ ਨੂੰ ਖਾਰਜ ਕਰਦਿਆਂ ਕਿਹਾ ਕਿ ਤੁਸੀਂ ਘੱਟ ਗਿਣਤੀਆਂ ਦੇ ਹੱਕ ਖੋਹਣਾ ਚਾਹੁੰਦੇ ਹੋ। CJI ਨੇ ਕਿਹਾ, ਤੁਸੀਂ ਉੱਚ ਜਾਤੀ ਨਾਲ ਸਬੰਧਤ ਹੋ, ਆਪਣੀ ਯੋਗਤਾ 'ਤੇ ਮਾਣ ਕਰੋ। ਇਸ ਘਟਨਾ ਤੋਂ ਬਾਅਦ, ਸੁਪਰੀਮ ਕੋਰਟ ਨੇ ਹਰਿਆਣਾ ਦੇ ਮੁੱਖ ਸਕੱਤਰ ਨੂੰ ਘੱਟ ਗਿਣਤੀ ਸਰਟੀਫਿਕੇਟ ਜਾਰੀ ਕਰਨ ਦੇ ਸਬੰਧ ਵਿੱਚ ਸਖ਼ਤ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੇ ਹੁਕਮ ਦਿੱਤੇ ਹਨ ਤਾਂ ਜੋ ਭਵਿੱਖ ਵਿੱਚ ਅਜਿਹੀ ਦੁਰਵਰਤੋਂ ਨੂੰ ਰੋਕਿਆ ਜਾ ਸਕੇ।

## ਕੇਂਦਰ ਦਾ ਪੰਜਾਬ ਨੂੰ ਇਕ ਹੋਰ ਤੋਹ.ਫਾ, ਕੇਂਦਰੀ ਮੰਤਰੀ ਨੇ ਕੀਤਾ ਐਲਾਨ

ਚੰਡੀਗੜ੍ਹ 27 ਮਾਰਚ। ਕੇਂਦਰ ਸਰਕਾਰ ਨੇ ਪੰਜਾਬ ਦੇ ਲੋਕਾਂ ਲਈ ਇਕ ਹੋਰ ਅਹਿਮ ਫ਼ੈਸਲਾ ਲਿਆ ਹੈ। ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਸ਼ਰੀ ਮਾਤਾ ਵੈਸ਼ਨੋ ਦੇਵੀ ਕਟੜਾ ਨੂੰ ਜਾਣ ਵਾਲੀ ਵੰਦੇ ਭਾਰਤ ਐਕਸਪ੍ਰੈੱਸ ਦਾ ਗੁਰਦਾਸਪੁਰ ਵਿਖੇ ਵੀ ਸਟਾਪੇਜ ਦੇ ਦਿੱਤਾ ਗਿਆ ਹੈ। ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਇਸ ਦਾ ਐਲਾਨ ਕੀਤਾ ਹੈ। ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਦਾ ਇਹ ਫ਼ੈਸਲਾ ਸਰਕਾਰ ਦੇ ਸਰਹੱਦੀ ਜ਼ਿਲ੍ਹਿਆਂ ਨੂੰ ਮਜ਼ਬੂਤ ਕਰਨ ਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਸਪਸ਼ਟ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ। ਉਨ੍ਹਾਂ ਦੱਸਿਆ ਕਿ ਵੰਦੇ ਭਾਰਤ ਐਕਸਪ੍ਰੈਸ (26405/26406 ਸ੍ਰੀ ਅੰਮ੍ਰਿਤਸਰ ਸਹਿਬ - ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ) ਹੁਣ ਗੁਰਦਾਸਪੁਰ ਵਿਖੇ ਵੀ ਰੁਕੇਗੀ, ਜਿਸ ਨਾਲ ਲੋਕਾਂ ਲਈ ਸੰਪਰਕ ਅਤੇ ਸਹੂਲਤ ਵਿਚ ਹੋਰ ਵਾਧਾ ਹੋਵੇਗਾ। ਉਨ੍ਹਾਂ ਨੇ ਇਸ ਲਈ ਗੁਰਦਾਸਪੁਰ ਦੇ ਲੋਕਾਂ ਨੂੰ ਇਸ ਪ੍ਰਾਪਤੀ 'ਤੇ ਵਧਾਈਆਂ ਤੇ ਸ਼ੁੱਭਕਾਮਨਾਵਾਂ ਵੀ ਦਿੱਤੀਆਂ। ਰਵਨੀਤ ਸਿੰਘ ਬਿੱਟੂ ਨੇ ਟਵੀਟ ਕੀਤਾ, ਅੱਜ ਬਹੁਤ ਹੀ ਮਾਣ ਅਤੇ ਖੁਸ਼ੀ ਦੇ ਨਾਲ, ਮੈਂ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਅਤੇ ਕੇਂਦਰੀ ਮੰਤਰੀ ਸ਼੍ਰੀ ਅਸ਼ਵਨੀ ਵੈਸ਼ਨਵ ਜੀ ਦੇ ਫੈਸਲੇ ਦਾ ਸਵਾਗਤ ਕਰਦਾ ਹਾਂ, ਜੋ ਇਕ ਵਾਰ ਫਿਰ ਸਰਹੱਦੀ ਜ਼ਿਲ੍ਹਿਆਂ ਨੂੰ ਸਸ਼ਕਤ ਬਣਾਉਣ ਅਤੇ ਸਰਹੱਦੀ ਖੇਤਰ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਸਰਕਾਰ ਦੇ ਸਪੱਸ਼ਟ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ।

## ਪੀ.ਐੱਨ.ਜੀ. ਕੁਨੈਕਸ਼ਨ ਲੈਣ ਵਾਲਿਆਂ ਲਈ ਸਰਕਾਰ ਨੇ ਕੀਤਾ ਵੱਡਾ ਐਲਾਨ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਬਿਜ਼ਨੈੱਸ ਡੈਸਕ 27 ਮਾਰਚ। ਦੇਸ਼ ਵਿੱਚ ਪਾਈਪਡ ਨੈਚੁਰਲ ਗੈਸ ਦੇ ਕੁਨੈਕਸ਼ਨਾਂ ਨੂੰ ਉਤਸ਼ਾਹਿਤ ਕਰਨ ਲਈ ਕੇਂਦਰ ਸਰਕਾਰ ਨੇ ਇੱਕ ਬਹੁਤ ਹੀ ਅਹਿਮ ਫੈਸਲਾ ਲਿਆ ਹੈ। ਸਰਕਾਰ ਨੇ ਐਲਾਨ ਕੀਤਾ ਹੈ ਕਿ ਹੁਣ ਨਵੇਂ ਪੀ.ਐੱਨ.ਜੀ. ਕੁਨੈਕਸ਼ਨ ਲੈਣ ਵਾਲੇ ਗਾਹਕਾਂ ਨੂੰ 500 ਰੁਪਏ ਤੱਕ ਦੀ ਮੁਫ਼ਤ ਗੈਸ ਦਿੱਤੀ ਜਾਵੇਗੀ ਅਤੇ ਉਨ੍ਹਾਂ ਤੋਂ ਲਈ ਜਾਣ ਵਾਲੀ ਸਕਿਓਰਿਟੀ ਫੀਸ ਵੀ ਪੂਰੀ ਤਰ੍ਹਾਂ ਮੁਆਫ਼ ਕਰ ਦਿੱਤੀ ਗਈ ਹੈ। ਪੈਟਰੋਲੀਅਮ ਸੰਯੁਕਤ ਸਕੱਤਰ ਸੁਜਾਤਾ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਤੇਲ ਕੰਪਨੀਆਂ ਵੱਲੋਂ ਦਿੱਤੀ ਜਾ ਰਹੀ ਇਹ ਰਾਹਤ ਉਨ੍ਹਾਂ ਗਾਹਕਾਂ ਨੂੰ ਮਿਲੇਗੀ ਜੋ 31 ਮਾਰਚ 2026 ਤੱਕ ਨਵਾਂ ਕੁਨੈਕਸ਼ਨ ਲੈਣਗੇ। ਸਰਕਾਰ ਦਾ ਮੰਨਣਾ ਹੈ ਕਿ ਇਸ ਕਦਮ ਨਾਲ ਪੀ.ਐੱਨ.ਜੀ.ਕੁਨੈਕਸ਼ਨਾਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋਵੇਗਾ। ਨਵੇਂ ਹੁਕਮਾਂ ਤਹਿਤ, ਸਰਕਾਰ ਨੇ ਕਿਹਾ ਹੈ ਕਿ ਜਿਹੜੇ ਇਲਾਕਿਆਂ ਵਿਚ ਪਾਈਪਡ ਕੁਦਰਤੀ ਗੈਸ ਕਨੈਕਟੀਵਿਟੀ ਉਪਲਬਧ ਹੈ, ਉੱਥੇ ਘਰਾਂ ਨੂੰ LPG ਗੈਸ ਦੀ ਸਪਲਾਈ ਤਿੰਨ ਮਹੀਨਿਆਂ ਦੇ ਅੰਦਰ ਬੰਦ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਹਨ। ਸਰਕਾਰ ਨੇ ਇਨ੍ਹਾਂ ਇਲਾਕਿਆਂ ਦੇ ਖਪਤਕਾਰ ਨੂੰ ਪੀ.ਐੱਨ.ਜੀ. ਗੈਸ ਕੁਨੈਕਸ਼ਨ




ਲੈਣ ਲਈ ਆਦੇਸ਼ ਜਾਰੀ ਕੀਤੇ ਹਨ। ਇਹ ਕਦਮ ਗੈਸ ਨੈੱਟਵਰਕ ਦੇ ਵਿਸਥਾਰ ਨੂੰ ਤੇਜ਼ ਕਰਨ ਅਤੇ ਇੱਕ ਬਾਲਣ 'ਤੇ ਨਿਰਭਰਤਾ ਘਟਾਉਣ ਦੇ ਉਦੇਸ਼ ਨਾਲ ਚੁੱਕਿਆ ਗਿਆ ਹੈ। ਪੱਛਮੀ ਏਸ਼ੀਆ ਵਿੱਚ ਯੁੱਧ ਅਤੇ ਹੋਰ ਵਿਸ਼ਵਵਿਆਪੀ ਸਪਲਾਈ ਰੁਕਾਵਟਾਂ ਕਾਰਨ ਭਾਰਤ LPG ਦੀ ਘਾਟ ਦਾ ਸਾਹਮਣਾ ਕਰ ਰਿਹਾ ਹੈ। ਇਸ ਕਾਰਨ ਕਰਕੇ, ਸਰਕਾਰ ਘਰਾਂ ਅਤੇ ਵਪਾਰਕ ਖਪਤਕਾਰਾਂ ਨੂੰ ਪੀ.ਐੱਨ.ਜੀ.'ਤੇ ਜਾਣ ਲਈ ਉਤਸ਼ਾਹਿਤ ਕਰ ਰਹੀ ਹੈ। ਪੀ.ਐੱਨ.ਜੀ. ਸਿੱਧੇ ਪਾਈਪਲਾਈਨਾਂ ਰਾਹੀਂ ਰਸੋਈ ਵਿੱਚ ਸਪਲਾਈ ਕੀਤਾ ਜਾਂਦਾ ਹੈ, ਜਿਸ ਨਾਲ ਸਿਲੰਡਰਾਂ ਦੀ ਵਾਰ-ਵਾਰ ਬੁਕਿੰਗ ਦੀ ਜ਼ਰੂਰਤ ਖਤਮ ਹੋ ਜਾਂਦੀ ਹੈ। ਸਰਕਾਰ ਨੇ ਪੀ.ਐੱਨ.ਜੀ. ਦੇ ਵਿਸਤਾਰ ਲਈ ਕਈ ਵੱਡੇ ਕਦਮ ਚੁੱਕੇ ਹਨ। ਦਿੱਲੀ ਵਿੱਚ ਸੜਕ ਬਹਾਲੀ ਸ਼ੁਲਕ ਨੂੰ ਮੁਆਫ਼ ਕਰਨ ਦਾ ਆਦੇਸ਼ ਦਿੱਤਾ ਗਿਆ ਹੈ ਅਤੇ ਹੁਣ ਉੱਥੇ ਪਾਈਪਲਾਈਨਾਂ ਵਿਛਾਉਣ ਦਾ ਕੰਮ ਦਿਨ-ਰਾਤ 24 ਘੰਟੇ ਚੱਲ ਸਕੇਗਾ। ਪਿਛਲੇ 25 ਦਿਨਾਂ ਦੇ ਅੰਦਰ ਹੀ ਦੇਸ਼ ਵਿੱਚ 2.5 ਲੱਖ ਨਵੇਂ ਪੀ.ਐੱਨ.ਜੀ. ਕੁਨੈਕਸ਼ਨ ਜਾਰੀ ਕੀਤੇ ਜਾ ਚੁੱਕੇ ਹਨ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਦੇਸ਼ ਵਿੱਚ ਘਰੇਲੂ LPG ਸਿਲੰਡਰਾਂ ਦੀ ਸਪਲਾਈ ਵਿੱਚ ਕੋਈ ਕਮੀ ਨਹੀਂ ਹੈ ਅਤੇ ਲੋਕਾਂ ਨੂੰ ਅਫਵਾਹਾਂ 'ਤੇ ਧਿਆਨ ਨਹੀਂ ਦੇਣਾ ਚਾਹੀਦਾ। ਗੈਸ ਦੀ ਕਾਲਾਬਾਜ਼ਾਰੀ ਨੂੰ ਰੋਕਣ ਲਈ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। 24 ਮਾਰਚ ਨੂੰ ਵੱਖ-ਵੱਖ ਰਾਜਾਂ ਵਿੱਚ 2700 ਛਾਪੇ ਮਾਰੇ ਗਏ, ਜਿਸ ਦੌਰਾਨ 2000 ਸਿਲੰਡਰ ਜ਼ਬਤ ਕੀਤੇ ਗਏ ਹਨ। ਅੰਕੜਿਆਂ ਮੁਤਾਬਕ, 92 ਫ਼ੀਸਦੀ LPG ਰਿਫਿਲ ਬੁਕਿੰਗ ਹੁਣ ਆਨਲਾਈਨ ਕੀਤੀ ਜਾ ਰਹੀ ਹੈ। ਪੱਛਮੀ ਏਸ਼ੀਆ ਵਿੱਚ ਚੱਲ ਰਹੇ ਤਣਾਅ ਦੇ ਵਿਚਕਾਰ, ਭਾਰਤ ਸਰਕਾਰ ਗਲੋਬਲ ਲੀਡਰਾਂ ਦੇ ਸੰਪਰਕ ਵਿੱਚ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਸ਼੍ਰੀਲੰਕਾ ਦੇ ਰਾਸ਼ਟਰਪਤੀ ਨਾਲ ਫ਼ੋਨ 'ਤੇ ਗੱਲਬਾਤ ਕੀਤੀ ਹੈ।

## ਨੀਰਵ ਮੋਦੀ ਦੇ ਬਚਣ ਦੇ ਸਾਰੇ ਪੈਂਤੜੇ ਹੋਏ ਫੇਲ੍ਹ !

ਇੰਟਰਨੈਸ਼ਨਲ ਡੈਸਕ 27 ਮਾਰਚ। ਪੰਜਾਬ ਨੈਸ਼ਨਲ ਬੈਂਕ ਨਾਲ 13,800 ਕਰੋੜ ਰੁਪਏ ਤੋਂ ਵੱਧ ਦੀ ਧੋਖਾਧੜੀ ਕਰਨ ਵਾਲੇ ਭਗੌੜੇ ਹੀਰਾ ਕਾਰੋਬਾਰੀ ਨੀਰਵ ਮੋਦੀ ਦੀ ਭਾਰਤ ਹਵਾਲਗੀ ਦਾ ਰਾਹ ਪੂਰੀ ਤਰ੍ਹਾਂ ਸਾਫ਼ ਹੋ ਗਿਆ ਹੈ। ਲੰਡਨ ਹਾਈ ਕੋਰਟ ਨੇ ਨੀਰਵ ਮੋਦੀ ਵੱਲੋਂ ਹਵਾਲਗੀ ਰੋਕਣ ਲਈ ਦਾਇਰ ਕੀਤੀ ਆਖਰੀ ਅਪੀਲ ਨੂੰ ਵੀ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਅਦਾਲਤ ਦੇ ਇਸ ਫ਼ੈਸਲੇ ਨਾਲ ਨੀਰਵ ਮੋਦੀ ਦੇ ਯੂ.ਕੇ. ਵਿੱਚ ਸਾਰੇ ਕਾਨੂੰਨੀ ਰਾਹ ਲਗਭਗ ਬੰਦ ਹੋ ਗਏ ਹਨ। ਹਾਈ ਕੋਰਟ ਨੇ ਨੀਰਵ ਮੋਦੀ ਦੇ ਉਨ੍ਹਾਂ ਦਾਅਵਿਆਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਭਾਰਤ ਵਿੱਚ ਉਸ ਨਾਲ ਬੁਰਾ ਸਲੂਕ ਜਾਂ ਤਸ਼ੱਦਦ ਹੋ ਸਕਦਾ ਹੈ। ਅਦਾਲਤ ਨੇ ਕਿਹਾ ਕਿ ਅਪੀਲ ਨੂੰ ਮੁੜ ਖੋਲ੍ਹਣ ਲਈ ਕੋਈ ਵੀ ਅਸਧਾਰਨ ਹਾਲਾਤ ਮੌਜੂਦ ਨਹੀਂ ਹਨ। ਅਦਾਲਤ ਨੇ ਭਾਰਤ ਸਰਕਾਰ ਵੱਲੋਂ ਦਿੱਤੇ ਗਏ ਭਰੋਸੇ 'ਤੇ ਤਸੱਲੀ ਪ੍ਰਗਟਾਈ ਹੈ। ਭਾਰਤੀ ਹਾਈ ਕਮਿਸ਼ਨ ਨੇ 12 ਫਰਵਰੀ 2026 ਨੂੰ ਇੱਕ ਨੋਟ ਜਾਰੀ ਕਰਕੇ ਸਪੱਸ਼ਟ ਕੀਤਾ ਸੀ ਕਿ ਨੀਰਵ ਮੋਦੀ ਨੂੰ ਸਿਰਫ਼ ਨਿਆਂਇਕ ਟਰਾਇਲ ਲਈ ਭਾਰਤ ਲਿਆਂਦਾ ਜਾ ਰਿਹਾ ਹੈ।

## 'ਟੈਕਸਪੇਅਰਾਂ ਦੇ ਪੈਸੇ ਨਾਲ ਉੱਡ ਰਹੇ ਨੇ ਚਾਰਟਰਡ ਪਲੇਨ', ਆਰ.ਪੀ. ਸਿੰਘ

ਨੈਸ਼ਨਲ ਡੈਸਕ 27 ਮਾਰਚ। ਭਾਰਤੀ ਜਨਤਾ ਪਾਰਟੀ (ਬੀਜੇਪੀ) ਦੇ ਰਾਸ਼ਟਰੀ ਬੁਲਾਰੇ ਆਰ.ਪੀ. ਸਿੰਘ ਨੇ ਪੰਜਾਬ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ 'ਤੇ ਤਿੱਖਾ ਨਿਸ਼ਾਨਾ ਸਾਧਦਿਆਂ ਸੂਬੇ ਦੇ ਵਿੱਤੀ ਪ੍ਰਬੰਧਨ ਅਤੇ 'ਵੀਆਈਪੀ ਕਲਚਰ' 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਪਾਰਟੀ ਆਗੂਆਂ ਦੇ ਦੌਰਿਆਂ ਲਈ ਵਰਤੇ ਜਾ ਰਹੇ ਚਾਰਟਰਡ ਪਲੇਨ ਨੂੰ ਭਾਰਤ ਦੀ ਸਭ ਤੋਂ ਮਹਿੰਗੀ ਉਬੇਰ ਕਰਾਰ ਦਿੱਤਾ ਹੈ। ਆਰ.ਪੀ. ਸਿੰਘ ਅਨੁਸਾਰ ਜਿੱਥੇ ਪੰਜਾਬ ਸੂਬਾ ਪਹਿਲਾਂ ਹੀ 5 ਲੱਖ ਕਰੋੜ ਰੁਪਏ ਦੇ ਭਾਰੀ ਕਰਜ਼ੇ ਹੇਠ ਦਬਿਆ ਹੋਇਆ ਹੈ, ਉੱਥੇ ਹੀ ਸਰਕਾਰ ਪਾਰਟੀ ਆਗੂਆਂ ਨੂੰ ਗੁਜਰਾਤ ਤੇ ਗੋਆ ਦੇ ਸਿਆਸੀ ਦੌਰੇ ਕਰਵਾਉਣ ਲਈ ਜਨਤਾ ਦੇ ਪੈਸੇ ਦੀ ਦੁਰਵਰਤੋਂ ਕਰ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਜਿਹੇ ਇੱਕ ਗੇੜੇ ਦਾ ਖਰਚਾ ਲਗਭਗ 50 ਲੱਖ ਰੁਪਏ ਆ ਰਿਹਾ ਹੈ, ਜਿਸ ਦਾ ਬੋਝ ਪੰਜਾਬ ਦੇ ਟੈਕਸਪੇਅਰਾਂ 'ਤੇ ਪੈ ਰਿਹਾ ਹੈ। ਬੀਜੇਪੀ ਆਗੂ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਹ ਸੂਬੇ ਦੇ ਵਧ ਰਹੇ ਕਰਜ਼ੇ ਨੂੰ ਸੰਭਾਲਣ ਦੀ ਬਜਾਏ ਦਿੱਲੀ ਦੇ ਆਗੂਆਂ ਲਈ ਪਾਇਲਟ ਅਤੇ ਵੀਆਈਪੀ ਟ?ਰੈਵਲ ਏਜੰਟ ਵਜੋਂ ਕੰਮ ਕਰ ਰਹੇ ਹਨ। ਉਨ੍ਹਾਂ ਸਵਾਲ ਕੀਤਾ ਕਿ ਜਿਸ ਪਾਰਟੀ ਨੇ ਵੀਆਈਪੀ ਕਲਚਰ ਦੇ ਵਿਰੋਧ ਵਿੱਚ ਸਿਆਸਤ ਸ਼ੁਰੂ ਕੀਤੀ ਸੀ, ਉਸ ਲਈ ਹੁਣ 20,000 ਰੁਪਏ ਦੀ ਵਪਾਰਕ ਉਡਾਣ ਵੀ 'ਬਹੁਤ ਬੇਸਿਕ' ਹੋ ਗਈ ਹੈ। ਬੀਜੇਪੀ ਨੇ ਪੰਜਾਬ ਸਰਕਾਰ 'ਤੇ ਰੈਂਪੰਟ ਭ੍ਰਿਸ਼ਟਾਚਾਰ ਦੇ ਦੋਸ਼ ਵੀ ਲਾਏ ਹਨ। ਆਰ.ਪੀ. ਸਿੰਘ ਨੇ ਕਿਹਾ ਕਿ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਖੁਦਕੁਸ਼ੀ ਲਈ ਉਕਸਾਉਣ ਦੇ ਮਾਮਲੇ ਵਿੱਚ ਅਸਤੀਫਾ ਅਤੇ ਕਈ ਵਿਧਾਇਕਾਂ ਦੀਆਂ ਗ੍ਰਿਫਤਾਰੀਆਂ ਇਹ ਦਰਸਾਉਂਦੀਆਂ ਹਨ ਕਿ ਸਰਕਾਰ ਦਾ ਜ਼ੀਰੋ-ਟੌਲਰੈਂਸ ਦਾ ਵਾਅਦਾ ਸਿਰਫ ਕਹਿਣ ਦੀਆਂ ਗੱਲਾਂ ਹਨ। ਉਨ੍ਹਾਂ ਇਲਜ਼ਾਮ ਲਾਇਆ ਕਿ ਅਧਿਕਾਰੀਆਂ ਨੂੰ ਕਥਿਤ ਤੌਰ 'ਤੇ ਗੈਰ-ਕਾਨੂੰਨੀ ਟੈਂਡਰਾਂ ਲਈ ਮਜਬੂਰ ਕੀਤਾ ਜਾ ਰਿਹਾ ਹੈ।

## ਅੱਜ ਵੋਟ ਪਾਉਣ ਦਾ ਅਧਿਕਾਰ ਖੋਹਿਆ ਜਾ ਰਿਹਾ, ਅਗਲੀ ਵਾਰ ਨਾਗਰਿਕਤਾ ਖੋਹ ਲੈਣਗੇ: ਮਮਤਾ ਬੈਨਰਜੀ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਮੈਨਾਗੁਰੀ (ਪੱਛਮੀ ਬੰਗਾਲ) 27 ਮਾਰਚ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਭਾਰਤੀ ਜਨਤਾ ਪਾਰਟੀ (ਭਾਜਪਾ), ਕੇਂਦਰ ਸਰਕਾਰ ਅਤੇ ਚੋਣ ਕਮਿਸ਼ਨ 'ਤੇ ਤਿੱਖਾ ਹਮਲਾ ਕਰਦੇ ਹੋਏ ਉਨ੍ਹਾਂ 'ਤੇ ਸੰਵਿਧਾਨਕ ਸੰਸਥਾਵਾਂ ਦੀ ਦੁਰਵਰਤੋਂ ਕਰਕੇ ਲੋਕਤੰਤਰ ਨੂੰ ਕਮਜ਼ੋਰ ਕਰਨ ਦਾ ਦੋਸ਼ ਲਗਾਇਆ। ਉੱਤਰੀ ਬੰਗਾਲ ਦੇ ਮੈਨਾਗੁਰੀ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਬੈਨਰਜੀ ਨੇ ਦੋਸ਼ ਲਾਇਆ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਅਤੇ ਚੋਣ ਕਮਿਸ਼ਨ ਵੋਟ ਪਾਉਣ ਦਾ ਅਧਿਕਾਰ ਖੋਹ ਰਹੇ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਅਗਲਾ ਕਦਮ ਰਾਸ਼ਟਰੀ ਨਾਗਰਿਕ ਰਜਿਸਟਰ ਲਾਗੂ ਕਰਕੇ ਨਾਗਰਿਕਤਾ ਖੋਹਣ ਦੀ ਕੋਸ਼ਿਸ਼ ਹੋ ਸਕਦੀ ਹੈ। ਬੈਨਰਜੀ ਨੇ ਇਹ ਵੀ ਦੋਸ਼ ਲਗਾਇਆ ਕਿ ਵੋਟਰ ਸੂਚੀਆਂ ਦੇ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਰਾਹੀਂ ਕੁਝ ਭਾਈਚਾਰਿਆਂ ਨੂੰ ਚੋਣ ਪ੍ਰਕਿਰਿਆਵਾਂ ਤੋਂ ਬਾਹਰ ਰੱਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ, ਰਾਜਬੰਸ਼ੀਆਂ ਦੇ ਨਾਮ



ਐਸਆਈਆਰ ਰਾਹੀਂ ਹਟਾ ਦਿੱਤੇ ਗਏ ਹਨ। ਔਰਤਾਂ ਦੇ ਨਾਮ ਵੀ ਹਟਾਏ ਜਾ ਰਹੇ ਹਨ। ਜੇਕਰ ਐਸਆਈਆਰ ਕਾਰਨ ਮੌਤਾਂ ਹੁੰਦੀਆਂ ਹਨ, ਤਾਂ ਜ਼ਿੰਮੇਵਾਰੀ ਕੌਣ ਲਵੇਗਾ? ਤ੍ਰਿਣਮੂਲ ਕਾਂਗਰਸ ਮੁਖੀ ਨੇ ਕਿਹਾ, ਚੋਣ ਕਮਿਸ਼ਨ, ਭਾਜਪਾ ਅਤੇ ਕੇਂਦਰ ਸਰਕਾਰ ਸੰਵਿਧਾਨ ਦੀ ਪਾਲਣਾ ਨਹੀਂ ਕਰ ਰਹੇ ਹਨ ਅਤੇ ਵੋਟ ਪਾਉਣ ਦੇ ਅਧਿਕਾਰ ਨੂੰ ਖੋਹਣ ਦੀ ਕੋਸ਼ਿਸ਼ ਕਰ ਰਹੇ ਹਨ। ਅੱਜ ਉਹ ਵੋਟ ਪਾਉਣ ਦੇ ਅਧਿਕਾਰ ਨੂੰ ਖੋਹ ਰਹੇ ਹਨ; ਕੱਲ੍ਹ ਉਹ ਰਾਸ਼ਟਰੀ ਨਾਗਰਿਕ ਰਜਿਸਟਰ (ਐਨਆਰਸੀ) ਲਿਆ ਕੇ ਨਾਗਰਿਕਤਾ ਖੋਹ ਲੈਣਗੇ। ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਨਾਮ ਲਏ ਬਿਨਾਂ ਬੈਨਰਜੀ ਨੇ ਰੈਲੀ ਵਿੱਚ ਮੌਜੂਦ ਲੋਕਾਂ ਨੂੰ ਇੱਥੇ ਮੌਜੂਦ ਸੱਜਣ ਅਤੇ ਦਿੱਲੀ ਦੇ ਦੋ ਸੱਜਣਾਂ ਨੂੰ ਅਲਵਿਦਾ ਕਹਿਣ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਦੋਸ਼ ਲਾਇਆ ਕਿ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਨੂੰ ਉਸਦੇ ਅਧਿਕਾਰਾਂ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਤ੍ਰਿਣਮੂਲ ਕਾਂਗਰਸ ਦੀ ਸਭ ਤੋਂ ਵੱਡੀ ਤਾਕਤ ਸੂਬੇ ਦੇ ਲੋਕ ਹਨ। ਭਾਜਪਾ ਅਤੇ ਚੋਣ ਕਮਿਸ਼ਨ 'ਤੇ ਮਿਲੀਭੁਗਤ ਦਾ ਦੋਸ਼ ਲਗਾਉਂਦੇ ਹੋਏ, ਉਸਨੇ ਕਿਹਾ, ਉਨ੍ਹਾਂ ਨੇ ਸਾਡੇ ਤੋਂ ਸਭ ਕੁਝ ਖੋਹ ਲਿਆ ਹੈ।




# ਸਫਾਈ ਲਈ ਸੀਵਰੇਜ ਮੈਨਹੋਲ ’ਚ ਉਤਰੇ ਮਜ਼ਦੂਰ ਦੀ ਗੈਸ ਚੜ੍ਹਣ ਨਾਲ ਮੌਤ, ਟੀਮ ਕਰੇਗੀ ਜਾਂਚ

**ਕੌਮੀ ਪਤ੍ਰਿਕਾ**

ਸ੍ਰੀ ਮੁਕਤਸਰ ਸਾਹਿਬ 27 ਮਾਰਚ। ਪੱਛਮੀ ਬੰਗਾਲ ਰਾਜ ਦੇ ਮਾਲਦਾ ਜ਼ਿਲ੍ਹੇ ਦੇ ਰਹਿਣ ਵਾਲੇ ਨੌਜਵਾਨ ਮਜ਼ਦੂਰ ਦੀ ਸੀਵਰੇਜ ਮੈਨਹੋਲ ਵਿੱਚ ਗੈਸ ਚੜ੍ਹਣ ਨਾਲ ਮੌਤ ਹੋ ਗਈ। ਇਸ ਮਾਮਲੇ ਵਿੱਚ ਸਿਸਟਮ ਦੀ ਲਾਪਰਵਾਹੀ ਸਾਹਮਣੇ ਨਜ਼ਰ ਆ ਰਹੀ ਹੈ। ਜਾਣਕਾਰੀ ਅਨੁਸਾਰ ਮੰਗਲਵਾਰ ਦੀ ਰਾਤ ਲਗਭਗ ਨੌਂ ਵਜੇ ਮਾਰਕਿਟ ਕਮੇਟੀ ਦਫ਼ਤਰ ਦੀ ਬੈਕ ਸਾਈਡ ਸੀਵਰੇਜ ਬਲਾਕੇਜ ਸਾਫ ਕਰਨ ਲਈ ਬਿਨਾਂ ਸੇਫਟੀ ਯੰਤਰਾਂ ਦੇ 10 ਫੁੱਟ ਡੂੰਘੇ ਮੈਨਹੋਲ ਵਿੱਚ ਉਤਾਰਿਆ ਗਿਆ, ਪਰ ਗੈਸ ਚੜ੍ਹਣ ਨਾਲ ਮਜ਼ਦੂਰ ਬੇਹੋਸ਼ ਹੋ ਕੇ ਉੱਥੇ ਹੀ ਡਿੱਗ ਗਿਆ ਅਤੇ ਬਾਹਰ ਨਹੀਂ ਨਿਕਲ ਸਕਿਆ। ਸਾਥੀ ਮਜ਼ਦੂਰਾਂ ਨੂੰ ਸੂਚਨਾ ਦੇ ਕੇ ਸੀਵਰੇਜ ਬੋਰਡ ਦਾ ਜੇਈ ਅਤੇ ਸੁਪਰਵਾਈਜ਼ਰ ਆਪਣਾ ਪੱਲਾ ਝਾੜ ਕੇ ਉੱਥੋਂ ਚਲੇ ਗਏ ਅਤੇ ਮਜ਼ਦੂਰ ਦੇ ਸਾਥੀ ਸਵੇਰ ਤੱਕ ਉਸ ਨੂੰ ਮੈਨਹੋਲ ਵਿੱਚ ਲੱਭਦੇ ਰਹੇ। ਮ੍ਰਿਤਕ ਨੌਜਵਾਨ ਦੀ ਪਹਿਚਾਣ ਜਹਦੁਲਹਕ (21) ਪੁੱਤਰ ਅਭਯਦੁਰ ਰਹਮਾਨ ਵਾਸੀ ਮਾਲਦਾ (ਪੱਛਮੀ ਬੰਗਾਲ) ਵਜੋਂ ਹੋਈ ਹੈ। ਲਾਸ਼ ਬਾਹਰ ਕੱਢਦੇ ਸਮੇਂ ਸ਼ਹਿਰ ਦੇ ਸਮਾਜ ਸੇਵੀ ਅਸ਼ੋਕ ਮਹਿੰਦਰਾ ਅਤੇ ਹੋਰਨਾਂ ਨੇ ਮੌਕੇ ’ਤੇ ਪਹੁੰਚੇ ਅਧਿਕਾਰੀ ਅਤੇ ਠੇਕੇਦਾਰ ਤੋਂ ਕੜੇ ਸਵਾਲ ਕੀਤੇ। ਉੱਥੇ ਹੀ ਇਸ ਮਾਮਲੇ ਨੂੰ ਅਧਿਕਾਰੀ ਅਤੇ ਠੇਕੇਦਾਰ ਦੀ ਲਾਪਰਵਾਹੀ ਦੱਸਿਆ। ਸੀਵਰੇਜ ਬੋਰਡ ਦੇ ਐਕਸੀਐਨ ਕੇਵਲ ਗਰਗ ਨੇ ਚਾਰ ਅਧਿਕਾਰੀਆਂ ’ਤੇ ਆਧਾਰਿਤ ਟੀਮ ਦਾ ਗਠਨ ਕਰ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮਜ਼ਦੂਰ ਸਾਥੀ ਮੁਰਸ਼ਿਦ ਅਲੀ ਵਾਸੀ ਮਾਲਦਾ (ਪੱਛਮੀ ਬੰਗਾਲ) ਨੇ ਦੱਸਿਆ ਕਿ ਰਾਤ ਨੌਂ ਵਜੇ ਸੁਪਰਵਾਈਜ਼ਰ ਅਤੇ ਜੇਈ ਉਨ੍ਹਾਂ ਕੋਲ ਆਏ ਅਤੇ ਜਹਦੁਲਹਕ ਨੂੰ ਇਕੱਲੇ ਨਾਲ ਲੈ ਗਏ। ਪੌਣੇ ਦੱਸ ਵਜੇ ਉਨ੍ਹਾਂ ਨੂੰ ਸੁਪਰਵਾਈਜ਼ਰ ਨੇ ਸੂਚਿਤ ਕੀਤਾ ਕਿ ਉਨ੍ਹਾਂ ਦਾ ਸਾਥੀ ਮੈਨਹੋਲ ਤੋਂ ਬਾਹਰ ਨਹੀਂ ਨਿਕਲਿਆ ਹੈ। ਉਹ ਤੁਰੰਤ ਸਾਥੀਆਂ ਨਾਲ ਓਥੇ ਪਹੁੰਚਿਆ ਅਤੇ ਮੈਨਹੋਲ ਵਿੱਚ ਦੱਸ ਮੀਟਰ ਤੱਕ ਅੰਦਰ ਗਿਆ। ਪਰ ਉਨ੍ਹਾਂ ਦੇ ਸਾਥੀ ਦਾ ਕੋਈ ਪਤਾ ਨਹੀਂ ਲੱਗਿਆ। ਸੁਪਰਵਾਈਜ਼ਰ ਅਤੇ ਜੇਈ ਉੱਥੋਂ ਚਲੇ ਗਏ ਅਤੇ ਉਹ



ਰਾਤ ਭਰ ਆਪਣੇ ਸਾਥੀ ਨੂੰ ਲੱਭਦੇ ਰਹੇ। ਉਨ੍ਹਾਂ ਕਿਹਾ ਕਿ ਅਧਿਕਾਰੀ ਅਤੇ ਸੁਪਰਵਾਈਜ਼ਰ ਦੀ ਲਾਪਰਵਾਹੀ ਨਾਲ ਇਹ ਘਟਨਾ ਹੋਈ ਹੈ। ਮਜ਼ਦੂਰ ਦੀ ਮੌਤ ਤੋਂ ਬਾਅਦ ਭੀਮ ਕ੍ਰਾਂਤੀ ਸੰਸਥਾ ਦੇ ਸੰਸਥਾਪਕ ਅਸ਼ੋਕ ਮਹਿੰਦਰਾ ਨੇ ਦੱਸਿਆ ਕਿ ਮਾਮਲੇ ਦੀ ਸ਼ਿਕਾਇਤ ਪੰਜਾਬ ਰਾਜ ਸਫਾਈ ਕਰਮਚਾਰੀ ਕਮਿਸ਼ਨ ਨੂੰ ਕਰ ਦਿੱਤੀ ਗਈ ਹੈ। ਉਨ੍ਹਾਂ ਭਰੋਸਾ ਦਿਵਾਇਆ ਹੈ ਕਿ ਸੰਬੰਧਿਤ ਅਧਿਕਾਰੀਆਂ ਖਿਲਾਫ ਕੜੀ ਕਾਰਵਾਈ ਕੀਤੀ ਜਾਵੇਗੀ। ਮਹਿੰਦਰਾ ਨੇ ਕਿਹਾ ਕਿ ਸੀਵਰੇਜ ਬੋਰਡ ਅਤੇ ਠੇਕੇਦਾਰ ਦੀ ਲਾਪਰਵਾਹੀ ਨਾਲ ਇੱਕ ਮਜ਼ਦੂਰ ਦੀ ਮੌਤ ਹੋ ਗਈ ਹੈ। ਐਕਸੀਐਨ ਕੇਵਲ ਗਰਗ ਨੇ ਕਿਹਾ ਕਿ ਇਸ ਤਰ੍ਹਾਂ ਮਜ਼ਦੂਰ ਦੀ ਮੌਤ ਹੋਣਾ ਦੁੱਖਦ ਘਟਨਾ ਹੈ। ਇਹ ਮੌਤ ਕਿਵੇਂ ਹੋਈ ਅਤੇ ਕਿਸ ਦੀ ਲਾਪਰਵਾਹੀ ਨਾਲ ਹੋਈ ਇਸ ਦੀ ਜਾਂਚ ਲਈ ਚਾਰ ਮੈਂਬਰੀ ਜਾਂਚ ਟੀਮ ਦਾ ਗਠਨ ਕੀਤਾ ਗਿਆ ਹੈ।

## ਅੰਮ੍ਰਿਤਸਰ ’ਚ 7 ਖ਼ਤਰਨਾਕ ਹਥਿਆਰਾਂ ਸਮੇਤ 6 ਮੁਲਜ਼ਮ ਗ੍ਰਿਫ਼ਤਾਰ, ਵਿਦੇਸ਼ੀ ਹੈਂਡਲਰ ਦੇ ਸੰਪਰਕ ਸਨ ਤਸਕਰ

ਅੰਮ੍ਰਿਤਸਰ 27 ਮਾਰਚ। ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਇੱਕ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਪੁਲਸ ਨੇ ਛੇ ਮੁਲਜ਼ਮਾਂ ਸਮੇਤ ਇੱਕ ਨਾਬਾਲਗ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਸੱਤ ਆਧੁਨਿਕ ਪਿਸਤੌਲ ਬਰਾਮਦ ਕੀਤੇ ਹਨ। ਇਸ ਦੀ ਜਾਣਕਾਰੀ ਪੰਜਾਬ ਦੇ ਡੀ. ਜੀ.ਪੀ. ਗੌਰਵ ਯਾਦਵ ਨੇ ਸਾਂਝੀ ਕੀਤੀ ਹੈ। ਡੀ. ਜੀ.ਪੀ. ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਪੁਰਤਗਾਲ ਤੋਂ ਕੰਮ ਕਰ ਰਹੇ ਇੱਕ ਵਿਦੇਸ਼ੀ ਹੈਂਡਲਰ ਦੇ ਸੰਪਰਕ ਵਿੱਚ ਸਨ, ਜੋ ਪਾਕਿਸਤਾਨ ਤੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਵਿੱਚ ਸਹਾਇਤਾ ਕਰ ਰਿਹਾ ਸੀ। ਇਹ ਖੇਪਾਂ ਬਾਅਦ ਵਿੱਚ ਅਪਰਾਧਿਕ ਤੱਤਾਂ ਨੂੰ ਵੰਡੀਆਂ ਗਈਆਂ ਸਨ। ਪੀਐੱਸ ਛਾਉਣੀ ਅੰਮ੍ਰਿਤਸਰ ਵਿਖੇ ਇਕ ਐਫਆਈਆਰ ਦਰਜ ਕੀਤੀ ਗਈ ਹੈ। ਇਸ ਮਾਮਲੇ ਵਿੱਚ ਅੱਗੇ ਅਤੇ ਪਿੱਛੇ ਲਿੰਕਾਂ ਦਾ ਪਤਾ ਲਗਾਉਣ ਅਤੇ ਪੂਰੇ ਨੈੱਟਵਰਕ ਨੂੰ ਖਤਮ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

# ਸਕੈਨਰ ਰਾਹੀਂ ਪੇਮੈਂਟ ਕਰਨ ਦਾ ਝਾਂਸਾ ਦੇ ਕੇ ਦੁਕਾਨ ’ਚ ਚੋਰੀ, ਸੀ.ਸੀ.ਟੀ.ਵੀ. ’ਚ ਕੈਦ ਹੋਈ ਵਾਰਦਾਤ

**ਕੌਮੀ ਪਤ੍ਰਿਕਾ**

ਜਲੰਧਰ 27 ਮਾਰਚ। ਸ਼ਹਿਰ ਦੇ ਅਮਨ ਨਗਰ ਇਲਾਕੇ ਵਿੱਚ ਦੋ ਮੋਟਰਸਾਈਕਲ ਸਵਾਰ ਨੌਜਵਾਨਾਂ ਵੱਲੋਂ ਇੱਕ ਦੁਕਾਨਦਾਰ ਨੂੰ ਆਨਲਾਈਨ ਪੇਮੈਂਟ ਦਾ ਝਾਂਸਾ ਦੇ ਕੇ ਏਅਰਪੌਡਸ ਲੈ ਕੇ ਫਰਾਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਸਾਰੀ ਘਟਨਾ ਦੁਕਾਨ ’ਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ’ਚ ਕੈਦ ਹੋ ਗਈ ਹੈ। ਜਾਣਕਾਰੀ ਦਿੰਦਿਆਂ ਅਮਨ ਨਗਰ ਸਥਿਤ ’ਬ੍ਰਦਰ ਮੋਬਾਈਲ ਪੁਆਇੰਟ ਨੈੱਟ ਕੈਫੇ’ ਦੇ ਮਾਲਕ ਵੈਭਵ ਕੋਹਲੀ ਨੇ ਦੱਸਿਆ ਕਿ ਵੀਰਵਾਰ ਸ਼ਾਮ ਨੂੰ ਉਹ ਆਪਣੀ ਦੁਕਾਨ ’ਤੇ ਮੌਜੂਦ ਸੀ। ਇਸ ਦੌਰਾਨ ਦੋ ਨੌਜਵਾਨ ਮੋਟਰਸਾਈਕਲ ’ਤੇ ਸਵਾਰ ਹੋ ਕੇ ਆਏ ਅਤੇ ਏਅਰਪੌਡਸ ਦਿਖਾਉਣ ਲਈ ਕਿਹਾ। ਜਦੋਂ ਦੁਕਾਨਦਾਰ ਨੇ ਉਨ੍ਹਾਂ ਨੂੰ ਏਅਰਪੌਡਸ ਦਿੱਤੇ, ਤਾਂ ਇੱਕ ਨੌਜਵਾਨ ਦੁਕਾਨ ਤੋਂ ਬਾਹਰ ਚਲਾ ਗਿਆ ਅਤੇ ਦੂਜਾ ਏਅਰਪੌਡਸ ਦੇਖਣ ਲੱਗਾ। ਇਸ ਤੋਂ ਬਾਅਦ ਨੌਜਵਾਨ ਨੇ ਆਨਲਾਈਨ ਪੈਸੇ ਭੇਜਣ ਦੀ ਗੱਲ ਕਹਿ ਕੇ ਸਕੈਨਰ ਮੰਗਿਆ। ਦੁਕਾਨਦਾਰ ਨੇ ਦੱਸਿਆ ਕਿ ਉਸ ਸਮੇਂ ਦੁਕਾਨ ’ਤੇ ਗਾਹਕਾਂ ਦੀ ਭੀੜ ਜ਼ਿਆਦਾ ਸੀ, ਜਿਸ ਕਾਰਨ ਉਹ ਤੁਰੰਤ ਟ?ਰਾਂਜੈਕਸ਼ਨ ਚੈੱਕ ਨਹੀਂ ਕਰ ਸਕਿਆ। ਇਸ ਦਾ ਫਾਇਦਾ ਉਠਾਉਂਦੇ ਹੋਏ ਨੌਜਵਾਨ ਬਿਨਾਂ ਪੈਸੇ ਟ?ਰਾਂਸਫਰ ਕੀਤੇ ਹੀ ਏਅਰਪੌਡਸ ਲੈ ਕੇ ਆਪਣੇ ਸਾਥੀ ਨਾਲ ਮੋਟਰਸਾਈਕਲ ’ਤੇ ਬੈਠ ਕੇ ਫਰਾਰ ਹੋ ਗਿਆ। ਬਾਅਦ ਵਿੱਚ ਜਦੋਂ ਦੁਕਾਨਦਾਰ ਨੇ ਆਪਣੀ ਟ?ਰਾਂਜੈਕਸ਼ਨ ਚੈੱਕ ਕੀਤੀ ਤਾਂ ਪਤਾ ਲੱਗਾ ਕਿ ਉਸ ਨਾਲ ਠੱਗੀ ਹੋਈ ਹੈ। ਵਾਰਦਾਤ ਦੀ ਇਹ ਘਟਨਾ ਦੁਕਾਨ ਦੇ ਸੀ.ਸੀ.ਟੀ.ਵੀ. ਕੈਮਰਿਆਂ ਵਿੱਚ ਰਿਕਾਰਡ ਹੋ ਗਈ ਹੈ। ਨੌਜਵਾਨਾਂ ਨੂੰ ਸ਼ਾਇਦ ਪਤਾ ਸੀ ਕਿ ਦੁਕਾਨ ਦੇ




ਅੰਦਰ ਕੈਮਰੇ ਲੱਗੇ ਹੋਏ ਹਨ, ਇਸ ਲਈ ਉਨ੍ਹਾਂ ਨੇ ਜਾਣਬੁੱਝ ਕੇ ਆਪਣੇ ਚਿਹਰੇ ਨੀਵੇਂ ਰੱਖੇ ਹੋਏ ਸਨ ਤਾਂ ਜੋ ਉਨ੍ਹਾਂ ਦੀ ਪਛਾਣ ਨਾ ਹੋ ਸਕੇ। ਪੀੜਤ ਦੁਕਾਨਦਾਰ ਵੈਭਵ ਕੋਹਲੀ ਨੇ ਇਸ ਸਬੰਧੀ ਥਾਣਾ ਡਿਵੀਜ਼ਨ ਨੰਬਰ 8 ਦੀ ਪੁਲਸ ਨੂੰ ਸ਼ਿਕਾਇਤ ਦਰਜ ਕਰਵਾ ਕੇ ਕਾਰਵਾਈ ਦੀ ਗੁਹਾਰ ਲਗਾਈ ਹੈ। ਪੁਲਸ ਨੇ ਦੁਕਾਨਦਾਰ ਨੂੰ ਥਾਣੇ ਆ ਕੇ ਬਿਆਨ ਦਰਜ ਕਰਵਾਉਣ ਲਈ ਕਿਹਾ ਹੈ ਤਾਂ ਜੋ ਅਗਲੇਰੀ ਜਾਂਚ ਸ਼ੁਰੂ ਕੀਤੀ ਜਾ ਸਕੇ।

## ਪਿਕਅੱਪ ਜੀਪ ਦਾ ਟਾਇਰ ਫਟਣ ਕਾਰਨ ਬੇਕਾਬੂ ਹੋ ਕੇ ਨੱਕੀਆਂ ਦਰਿਆ ’ਚ ਡਿੱਗੀ

ਸ੍ਰੀ ਕੀਰਤਪੁਰ ਸਾਹਿਬ 27 ਮਾਰਚ। ਸ੍ਰੀ ਅਨੰਦਪੁਰ ਸਾਹਿਬ-ਸ੍ਰੀ ਕੀਰਤਪੁਰ ਸਾਹਿਬ ਮੁੱਖ ਮਾਰਗ ’ਤੇ ਪਿੰਡ ਨੱਕੀਆਂ ਨਜ਼ਦੀਕ ਇਕ ਤੇਜ਼ ਰਫ਼ਤਾਰ ਪਿਕਅੱਪ ਜੀਪ ਦਾ ਟਾਇਰ ਫਟਣ ਕਾਰਨ ਉਹ ਬੇਕਾਬੂ ਹੋ ਕੇ ਪੁਲ ਦੀ ਰੈਲਿੰਗ ਤੋੜਦੀ ਹੋਈ ਨੱਕੀਆਂ ਦਰਿਆ ਵਿਚ ਜਾ ਡਿੱਗੀ । ਇਸ ਹਾਦਸੇ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਜੀਪ ਨੂੰ ਕਾਫ਼ੀ ਨੁਕਸਾਨ ਪੁੱਜਾ ਹੈ। ਮੌਕੇ ’ਤੇ ਇਕੱਠੇ ਹੋਏ ਸਥਾਨਕ ਲੋਕਾਂ ਨੇ ਪਿਕਅੱਪ ਜੀਪ ਦੇ ਚਾਲਕ ਅਤੇ ਉਸ ਦੇ ਸਹਾਇਕ ਨੂੰ ਸੁਰੱਖਿਅਤ ਬਾਹਰ ਕੱਢ ਲਿਆ। ਦੋਵੇਂ ਨੌਜਵਾਨਾਂ ਦੇ ਮਾਮੂਲੀ ਸੱਟਾਂ ਹੀ ਲੱਗੀਆਂ ਹਨ। ਦਰਿਆ ਦੇ ਪਾਣੀ



ਵਿਚੋਂ ਬਾਹਰ ਕੱਢੇ ਪਿਕਅੱਪ ਜੀਪ ਦੇ ਚਾਲਕ ਅਮਰੀਕ ਸਿੰਘ ਅਤੇ ਸਹਾਇਕ ਅਮਨ ਵਾਸੀ ਗੋਬਿੰਦਗੜ੍ਹ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਨੇ ਦੱਸਿਆ ਕਿ ਉਹ ਆਪਣੀ ਪਿਕਅੱਪ ਜੀਪ ’ਚ ਕੈਮਿਕਲ ਲੋਡ ਕਰਕੇ ਸ਼ਾਹਤਲਾਈ (ਹਿਮਾਚਲ ਪ੍ਰਦੇਸ਼) ਗਏ ਹੋਏ ਸਨ। ਉੱਥੇ ਕੈਮੀਕਲ ਪਹੁੰਚਾਉਣ ਤੋਂ ਬਾਅਦ ਵਾਪਸ ਆਉਂਦੇ ਸਮੇਂ ਪਿੰਡ ਨੱਕੀਆਂ ਬੱਸ ਅੱਡੇ ਦੇ ਨੇੜੇ ਨੱਕੀਆਂ ਦਰਿਆ ’ਤੇ ਬਣੇ ਪੁਲ ’ਤੇ ਉਨ੍ਹਾਂ ਦੀ ਜੀਪ ਦਾ ਟਾਇਰ ਫਟ ਗਿਆ, ਜਿਸ ਕਾਰਨ ਜੀਪ ਬੇਕਾਬੂ ਹੋ ਕੇ ਪੁਲ ਦੀ ਰੇਲਿੰਗ ਤੋੜਦੀ ਹੋਈ ਕਰੀਬ 15 ਫੁੱਟ ਹੇਠਾਂ ਦਰਿਆ ਵਿਚ ਜਾ ਡਿੱਗੀ। ਉਨ੍ਹਾਂ ਦੱਸਿਆ ਕਿ ਦਰਿਆ ਵਿਚ ਪਾਣੀ ਦੀ ਗਹਿਰਾਈ ਜ਼ਿਆਦਾ ਨਹੀਂ ਸੀ। ਇਸ ਤੋਂ ਬਾਅਦ ਮੌਕੇ ’ਤੇ ਮੌਜੂਦ ਲੋਕਾਂ ਨੇ ਤੁਰੰਤ ਦਰਿਆ ਵਿਚ ਛਾਲ ਮਾਰ ਕੇ ਦੋਵਾਂ ਨੂੰ ਜੀਪ ਵਿਚੋਂ ਸੁਰੱਖਿਅਤ ਬਾਹਰ ਕੱਢ ਲਿਆ। ਹਾਦਸੇ ਦੇ ਸਮੇਂ ਪਿਕਅੱਪ ਜੀਪ ਦੇ ਅੱਗੇ ਕੋਈ ਦੋ ਪਹੀਆ ਵਾਹਨ ਜਾਂ ਪੈਦਲ ਰਾਹਗੀਰ ਨਹੀਂ ਸੀ ਜਾ ਰਿਹਾ,ਨਹੀਂ ਤਾਂ ਵੱਡਾ ਜਾਨਲੇਵਾ ਹਾਦਸਾ ਹੋ ਸਕਦਾ ਸੀ। ਉਧਰ ਮੌਕੇ ਮੌਜੂਦ ਪਿੰਡ ਨੱਕੀਆਂ ਦੇ ਵਸਨੀਕ ਸਮਾਜਸੇਵੀ ਵਿਜੈ ਕੁਮਾਰ ਸ਼ਰਮਾ ਅਤੇ ਦੁਕਾਨਦਾਰਾਂ ਨੇ ਦੱਸਿਆ ਕਿ ਪਿਕਅੱਪ ਜੀਪ ਦੀ ਰਫ਼ਤਾਰ ਕਾਫ਼ੀ ਤੇਜ਼ ਸੀ। ਜੀਪ ਸੜਕ ਦੀ ਪੁਲ ਦੀ ਐਂਟੀ ਕਰਸ਼ ਰੇਲਿੰਗ ਨਾਲ ਟਕਰਾਉਣ ਤੋਂ ਬਾਅਦ ਦਰਿਆ ਵਿਚ ਜਾ ਡਿੱਗੀ। ਮੌਕੇ ’ਤੇ ਮੌਜੂਦ ਲੋਕਾਂ ਨੇ ਪਿਕਅੱਪ ਜੀਪ ਦੇ ਚਾਲਕ ਅਤੇ ਸਹਿ-ਚਾਲਕ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਹਾਦਸੇ ਬਾਰੇ ਸੂਚਿਤ ਕਰ ਦਿੱਤਾ ਹੈ।

## ਗਵਾਲੀਅਰ ’ਚ ਰੋਡ ਰੇਜ ਦੀ ਖੌਫਨਾਕ ਵਾਰਦਾਤ ! ਰਸਤਾ ਮੰਗਣ ’ਤੇ ਚੱਲੀਆਂ ਗੋਲੀਆਂ

ਨੈਸ਼ਨਲ ਡੈਸਕ 27 ਮਾਰਚ। ਮੱਧ ਪ੍ਰਦੇਸ਼ ਦੇ ਗਵਾਲੀਅਰ ਜ਼ਿਲ੍ਹੇ ਵਿੱਚ ਸੜਕ ’ਤੇ ਰਸਤਾ ਦੇਣ ਨੂੰ ਲੈ ਕੇ ਹੋਏ ਮਾਮੂਲੀ ਵਿਵਾਦ ਨੇ ਖੂਨੀ ਰੂਪ ਧਾਰਨ ਕਰ ਲਿਆ ਹੈ। ਬੁੱਧਵਾਰ ਰਾਤ ਕਰੀਬ 10:30 ਵਜੇ ਬੇਹਟ ਥਾਣਾ ਖੇਤਰ ਦੇ ਰੰਗਾਵਾਂ ਪਿੰਡ ਨੇੜੇ ਅਣਪਛਾਤੇ ਬਦਮਾਸ਼ਾਂ ਵੱਲੋਂ ਕੀਤੀ ਗਈ ਗੋਲੀਬਾਰੀ ਵਿੱਚ ਇੱਕ ਮਹਿਲਾ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਈ। ਪੁਲਸ ਅਨੁਸਾਰ ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਦੀ ਰਹਿਣ ਵਾਲੀ ਵਿਮਲਾ ਦੇਵੀ ਸ਼ਰਮਾ (60) ਆਪਣੇ ਬੇਟੇ ਭੀਮ ਗੌਤਮ ਸ਼ਰਮਾ ਨਾਲ ਗਵਾਲੀਅਰ ਵਿੱਚ ਮੰਦਰ ਦੇ ਦਰਸ਼ਨ ਕਰਕੇ ਵਾਪਸ ਪਰਤ ਰਹੀ ਸੀ। ਰਸਤੇ ਵਿੱਚ ਇੱਕ ਤੰਗ ਸੜਕ ’ਤੇ ਇੱਕ ਕਾਰ ਵਿਚਕਾਰ ਖੜ੍ਹੀ ਸੀ। ਜਦੋਂ ਮਹਿਲਾ ਦੇ ਬੇਟੇ ਨੇ ਰਸਤਾ ਲੈਣ ਲਈ ਪਹਿਲਾਂ ਹਾਰਨ ਅਤੇ ਫਿਰ ਹੂਟਰ ਵਜਾਇਆ, ਤਾਂ ਦੂਜੀ ਕਾਰ ਵਿੱਚ ਸਵਾਰ ਨੌਜਵਾਨ ਗੁੱਸੇ ਵਿੱਚ ਆ ਗਏ। ਸ਼ਿਕਾਇਤਕਰਤਾ ਅਨੁਸਾਰ ਮੁਲਜ਼ਮਾਂ ਨੇ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇੱਕ ਗੋਲੀ ਕਾਰ ਦਾ ਸ਼ੀਸ਼ਾ ਤੋੜਦੀ ਹੋਈ ਵਿਮਲਾ ਦੇਵੀ ਦੀ ਧੌਣ ਵਿੱਚ ਜਾ ਲੱਗੀ। ਉਪ ਸੰਭਾਗੀ ਪੁਲਸ ਅਧਿਕਾਰੀ ਮਨੀਸ਼ ਯਾਦਵ ਨੇ ਦੱਸਿਆ ਕਿ ਹਮਲਾਵਰ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਭਿੰਡ ਵੱਲ ਫਰਾਰ ਹੋ ਗਏ ਹਨ।

# ਬੈਂਕ ਅਧਿਕਾਰੀਆਂ ਦੀ ਮੁਸਤੈਦੀ ਨਾਲ ਇਕ ਵਿਅਕਤੀ ਸਾਈਬਰ ਫਰਾਡ ਤੋਂ ਬਚਿਆ

**ਕੌਮੀ ਪਤ੍ਰਿਕਾ**

ਟਾਂਡਾ ਉੜਮੁੜ 27 ਮਾਰਚ। ਅੱਜ ਦੇ ਡਿਜੀਟਲ ਯੁਗ ’ਚ ਸਾਈਬਰ ਠੱਗਾਂ ਵੱਲੋਂ ਭੋਲੇ ਭਾਲੇ ਲੋਕਾਂ ਤੋਂ ਇਲਾਵਾ ਪੜ੍ਹੇ-ਲਿਖੇ ਲੋਕਾਂ ਨੂੰ ਵੀ ਆਪਣਾ ਸ਼ਿਕਾਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਜੇਕਰ ਸਹੀ ਜਾਣਕਾਰੀ ਹਾਸਲ ਹੋਵੇ ਤਾਂ ਸਾਈਬਰ ਫਰਾਡ ਤੋਂ ਬਚਿਆ ਜਾ ਸਕਦਾ ਹੈ। ਕੁਝ ਇਸੇ ਤਰ੍ਹਾਂ ਦਾ ਹੀ ਵਰਤਾਰੀ ਹੋਇਆ ਸਟੇਟ ਬੈਂਕ ਆਫ਼ ਇੰਡੀਆ ਮੇਨ ਰੋਡ ਟਾਂਡਾ (ਜਾਜਾ ਬਾਈਪਾਸ) ਦੇ ਇਕ ਪੁਰਾਣੇ ਕਸਟਮਰ ਨਾਲ। ਜੇਕਰ ਉਸ ਵਿਅਕਤੀ ਨੂੰ ਬੈਂਕ ਅਧਿਕਾਰੀਆਂ ਦੀ ਮਦਦ ਨਾ ਮਿਲਦੀ ਤਾਂ ਸਾਈਬਰ ਕ੍ਰਾਈਮ ਵੱਲੋਂ ਉਸ ਦੇ ਲੱਖਾਂ ਰੁਪਏ ਠੱਗ ਕੇ ਉਸ ਨਾਲ ਸਾਈਬਰ ਫਰਾਡ ਕੀਤਾ ਜਾਣਾ ਸੀ। ਇਸ ਬਾਰੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ’ਤੇ ਇਸ ਮਾਮਲੇ ਦਾ ਸਾਹਮਣਾ ਕਰ ਚੁੱਕੇ ਬੈਂਕ ਦੇ ਪੁਰਾਣੇ ਗਾਹਕ ਨੇ ਦੱਸਿਆ ਕਿ ਕਿਸ ਤਰੀਕੇ ਨਾਲ ਸਾਈਬਰ ਠੱਗਾਂ ਨੇ ਉਸ ਨੂੰ ਠੱਗਣ ਦੀ ਕੋਸ਼ਿਸ਼ ਕੀਤੀ। ਆਪਣੀ ਹੱਡ ਬੀਤੀ ਸੁਣਾਉਂਦੇ ਹੋਏ ਵਿਅਕਤੀ ਨੇ ਦੱਸਿਆ ਕਿ ਪਹਿਲਾਂ ਤਾਂ ਉਸ ਨੂੰ ਇਕ ਫੋਨ ਦੇ ਜ਼ਰੀਏ ਦੱਸਿਆ ਜਾਂਦਾ ਹੈ ਕਿ ਉਸ ਦੀ ਰਜਿਸਟਰ ਸਿਮ ਟੈਰੋਰਿਸਟ ਗਤੀਵਿਧੀਆਂ ਵਿੱਚ ਸ਼ਾਮਲ ਹੈ। ਬਾਅਦ ਵਿੱਚ ਉਸ ਨੂੰ ਵੀਡੀਓ ਕਾਲ ਦੇ ਜ਼ਰੀਏ ਮੁੰਬਈ ’ਚ ਉਸ ’ਤੇ



ਫਰਜ਼ੀ ਤੌਰ ’ਤੇ ਦਰਜ ਕੀਤੇ ਗਏ ਅਪਰਾਧਿਕ ਮਾਮਲੇ ਹਵਾਲਾ ਦਿੰਦੇ ਹੋਏ ਡਰਾਇਆ ਧਮਕਾਇਆ ਜਾਂਦਾ ਹੈ। ਇਸ ਉਪਰੰਤ ਸਾਈਬਰ ਠੱਗਾਂ ਵੱਲੋਂ ਉਸ ਨੂੰ ਵੀਡੀਓ ਕਾਲ ਦੇ ਜ਼ਰੀਏ ਹੀ ਅਦਾਲਤ ਦਾ ਦ੍ਰਿਸ਼ ਵਿਖਾਇਆ ਜਾਂਦਾ ਹੈ। ਇਸੇ ਦੌਰਾਨ ਹੀ ਸਾਈਬਰ ਠੱਗਾਂ ਵੱਲੋਂ ਉਸ ਨੂੰ ਇਕ ਐਪ ਸਿਗਨਲ ਡਾਊਨਲੋਡ ਕਰਾਈ ਜਾਂਦੀ ਹੈ, ਜਿਸ ਜ਼ਰੀਏ ਸਾਈਬਰ ਠੱਗਾਂ ਵੱਲੋਂ ਉਸ ਦੀ ਸਮੁੱਚੀ ਬੈਂਕ ਡਿਟੇਲ ਇਕੱਠੀ ਕੀਤੀ ਜਾਂਦੀ ਹੈ। ਠੱਗੀ ਦਾ ਸ਼ਿਕਾਰ ਹੋਣ ਤੋਂ ਬਚੇ ਵਿਅਕਤੀ ਨੇ ਅੱਗੇ ਦੱਸਿਆ ਕਿ ਉਸ ਨੂੰ ਅਦਾਲਤ ਵੱਲੋਂ ਸਜ਼ਾ ਦਿੱਤੇ ਜਾਣ ਦੀਆਂ ਧਮਕੀਆਂ ਦਿੰਦੇ ਹੋਏ ਆਪਣੇ ਬੈਂਕ ਵਿੱਚ ਜਮ?ਹਾਂ 40 ਲੱਖ ਰੁਪਏ ਉਨਾਂ ਦੇ ਖਾਤੇ ਵਿੱਚ ਟਰਾਂਸਫ਼ਰ ਕਰਨ ਲਈ ਕਿਹਾ ਜਾਂਦਾ ਹੈ ਅਤੇ ਦੱਸਿਆ ਜਾਂਦਾ ਹੈ ਕਿ ਉਸ ਦਾ ਅਦਾਲਤ ਦੀ ਸਜ਼ਾ ਤੋਂ ਤਾਂ ਹੀ ਬਚਾਅ ਹੋ ਸਕਦਾ ਹੈ, ਜੇਕਰ ਉਹ ਆਪਣੇ ਖਾਤੇ ਵਿੱਚ ਪਏ 40 ਲੱਖ ਇਨ੍ਹਾਂ ਦੇ ਖਾਤੇ ਵਿੱਚ ਟਰਾਂਸਫਰ ਕਰ ਦੇਵੇ। ਇਸੇ ਦੌਰਾਨ ਹੀ ਸਾਈਬਰ ਠੱਗਾਂ ਵੱਲੋਂ ਉਸ ਨੂੰ ਇਹ ਜਾਣਕਾਰੀ ਕਿਸੇ ਵੀ ਨਾਲ ਸ਼ੇਅਰ ਨਾ ਕਰਨ ਦੀ ਤਾਗੀਦ ਕੀਤੀ ਜਾਂਦੀ ਹੈ। ਇਸ ਗੱਲ ਦਾ ਖ਼ੁਲਾਸਾ ਉਸ ਸਮੇਂ ਹੋਇਆ ਜਦੋਂ ਉਹ ਵਿਅਕਤੀ ਬਰਾਂਚ ਵਿੱਚ ਸਾਈਬਰ ਕ੍ਰਾਈਮ ਨਾਲ ਸੰਬੰਧਤ ਠੱਗਾਂ ਵੱਲੋਂ ਦੱਸਿਆ ਅਨੁਸਾਰ ਆਪਣੇ ਪੈਸੇ ਟਰਾਂਸਫਰ ਕਰਾਉਣ ਲਈ ਗਿਆ ਤਾਂ ਬੈਂਕ ਅਧਿਕਾਰੀਆਂ ਨੇ ਉਸ ਤੋਂ ਸਮੁੱਚੀ ਜਾਣਕਾਰੀ ਹਾਸਲ ਕਰਦੇ ਹੋਏ ਉਸ ਦੇ ਖਾਤੇ ਨੂੰ ਸੀਲ ਕਰ ਦਿੱਤਾ ਅਤੇ ਉਹ ਸਾਈਬਰ ਫਰੋਡ ਤੋਂ ਬਚ ਗਿਆ।

## ਬੇਖੌਫ ਲੁਟੇਰਿਆਂ ਦਾ ਤਾਂਡਵ ! ਐਕਟਿਵਾ ਸਵਾਰ ਔਰਤ ਦੇ ਕੰਨਾਂ ਵਿਚੋਂ ਸੋਨੇ ਦੀਆਂ ਵਾਲੀਆਂ ਝਪਟੀਆਂ

ਲੁਧਿਆਣਾ 27 ਮਾਰਚ। ਮਹਾਨਗਰ ਵਿਚ ਲੁਟੇਰਿਆਂ ਦੇ ਹੌਸਲੇ ਇਸ ਕਦਰ ਬੁਲੰਦ ਹੋ ਚੁੱਕੇ ਹਨ ਕਿ ਹੁਣ ਦਿਨ-ਦਿਹਾੜੇ ਅਤੇ ਭੀੜ-ਭੜੱਕੇ ਵਾਲੇ ਇਲਾਕਿਆਂ ਵਿਚ ਵੀ ਲੋਕ ਸੁਰੱਖਿਅਤ ਨਹੀਂ ਹਨ। ਤਾਜ਼ਾ ਮਾਮਲਾ ਕੇਸਰਗੰਜ ਚੌਕ ਦੇ ਕੋਲੋਂ ਸਾਹਮਣੇ ਆਇਆ ਹੈ, ਜਿੱਥੇ ਬਾਈਕ ਸਵਾਰ ਦੋ ਅਣਪਛਾਤੇ ਝਪਟਮਾਰਾਂ ਨੇ ਇਕ ਔਰਤ ਨੂੰ ਆਪਣਾ ਨਿਸ਼ਾਨਾ ਬਣਾਇਆ।



ਲੁਟੇਰੇ ਔਰਤ ਦੇ ਕੰਨਾਂ ਵਿੱਚੋਂ ਸੋਨੇ ਦੀਆਂ ਵਾਲੀਆਂ ਝਪਟ ਕੇ ਬੜੀ ਆਸਾਨੀ ਨਾਲ ਰਫੂ-ਚੱਕਰ ਹੋ ਗਏ। ਜਾਣਕਾਰੀ ਅਨੁਸਾਰ ਰਾਜੂ ਦੇਵੀ ਆਪਣੇ ਪਰਿਵਾਰਕ ਮੈਂਬਰ ਨਾਲ ਐਕਟਿਵਾ ’ਤੇ ਸਵਾਰ ਹੋ ਕੇ ਸੁਖਸਾਗਰ ਦਵਾਖਾਨਾ ਵੱਲ ਜਾ ਰਹੀ ਸੀ। ਜਿਵੇਂ ਹੀ ਉਹ ਕੇਸਰਗੰਜ ਚੌਕ ਕੋਲ ਪਹੁੰਚੇ ਅਤੇ ਸੜਕ ਪਾਰ ਕਰਨ ਲਈ ਐਕਟਿਵਾ ਦੀ ਰਫ਼ਤਾਰ ਹੌਲੀ ਕੀਤੀ, ਉਦੋਂ ਹੀ ਪਿੱਛੇ ਤੋਂ ਆਏ ਇਕ ਮੋਟਰਸਾਈਕਲ ’ਤੇ ਸਵਾਰ ਦੋ ਨਕਾਬਪੋਸ਼ ਲੁਟੇਰਿਆਂ ਨੇ ਝਪੱਟਾ ਮਾਰ ਦਿੱਤਾ। ਮੋਟਰਸਾਈਕਲ ਸਵਾਰ ਬਦਮਾਸ਼ਾਂ ਨੇ ਚਲਦੀ ਗੱਡੀ ’ਤੇ ਹੀ ਰਾਜੂ ਦੇਵੀ ਦੇ ਕੰਨਾਂ ਵਿਚ ਪਾਈਆਂ ਹੋਈਆਂ ਸੋਨੇ ਦੀਆਂ ਵਾਲੀਆਂ ਖਿੱਚ ਲਈਆਂ। ਸ਼ਾਤਿਰ ਲੁਟੇਰੇ ਭੀੜ ਦਾ ਫ਼ਾਇਦਾ ਉਠਾ ਕੇ ਗਲੀਆਂ ਵਿਚ ਗਾਇਬ ਹੋ ਗਏ। ਘਟਨਾ ਦੀ ਜਾਣਕਾਰੀ ਤੁਰੰਤ ਸਥਾਨਕ ਪੁਲਸ ਨੂੰ ਦਿੱਤੀ ਗਈ। ਸੂਚਨਾ ਮਿਲਦੇ ਹੀ ਮੌਕੇ ’ਤੇ ਪਹੁੰਚੀ ਥਾਣਾ ਡਵੀਜ਼ਨ ਨੰਬਰ 1 ਦੀ ਪੁਲਸ ਟੀਮ ਨੇ ਪੀੜਤ ਪਰਿਵਾਰ ਦੇ ਬਿਆਨ ਦਰਜ ਕਰ ਲਏ ਹਨ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਸ਼ਹਿਰ ਦੇ ਮੁੱਖ ਚੌਕਾਂ ਅਤੇ ਰਸਤਿਆਂ ’ਤੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ ਤਾਂ ਜੋ ਲੁਟੇਰਿਆਂ ਦੇ ਭੱਜਣ ਦੇ ਰੂਟ ਅਤੇ ਉਨ੍ਹਾਂ ਦੀ ਪਛਾਣ ਦਾ ਪਤਾ ਲਗਾਇਆ ਜਾ ਸਕੇ।

# ਨਗਰ ਨਿਗਮ ਦੇ ਰਿਟਾਇਰਡ ਸੁਪਰਵਾਈਜ਼ਰ ਨੇ ਅੱਗ ਲਗਾ ਕੀਤੀ ਖ਼ੁਦਕੁਸ਼ੀ, ਵਜਹਾ ਕਰੇਗੀ ਹੈਰਾਨ

**ਕੌਮੀ ਪਤ੍ਰਿਕਾ**

ਜਲੰਧਰ 27 ਮਾਰਚ। ਜਲੰਧਰ ਤੋਂ ਵੱਡੀ ਖ਼ਬਰ ਸਾਹਮਣੇ ਆਈ ਹੈ। ਜਲੰਧਰ ਦੇ ਗੁਰੂ ਨਾਨਕ ਪੁਰਾ ਈਸਟ ਵਿਚ ਪੈਂਦੇ ਮੁਹੱਲਾ ਅਵਤਾਰ ਨਗਰ ਵਿਚ ਰਹਿੰਦੇ ਨਗਰ ਨਿਗਮ ਦੇ ਰਿਟਾਇਰਡ ਸੁਪਰ ਵਾਈਜ਼ਰ ਨੇ ਖ਼ੁਦ ਨੂੰ ਅੱਗ ਲਗਾ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਦੀ ਪਛਾਣ ਸੋਹਨ ਲਾਲ (65) ਪੁਤਰ ਦੇਵਰਾਜ ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਮ੍ਰਿਤਕ ਆਪਣੇ ਘਰ ਦੀ ਤੀਜੀ ਮੰਜ਼ਿਲ ’ਤੇ ਰਹਿੰਦਾ ਸੀ ਅਤੇ ਅੱਜ ਸਵੇਰੇ ਲਗਭਗ ਸਾਢੇ ਤਿੰਨ ਵਜੇ ਉਸ ਨੇ ਪਹਿਲਾਂ ਆਪਣੇ ਕਮਰੇ ਵਿੱਚ ਆਪਣੇ ਸਾਮਾਨ ਨੂੰ ਅੱਗ ਲਗਾਈ ਅਤੇ ਫਿਰ ਖ਼ੁਦ ਅੱਗ ਵਿਚ ਜਾ ਕੇ ਬੈਠ ਗਏ ਅਤੇ ਜੀਵਨਲੀਲਾ ਖ਼ਤਮ ਕਰ ਲਈ। ਮ੍ਰਿਤਕ ਦੇ ਪੁੱਤਰ ਬੱਬੀ ਨੇ ਕਿਹਾ ਕਿ ਉਨ੍ਹਾਂ ਦੀ ਪਤਨੀ ਨੇ ਉਨ੍ਹਾਂ ਨੂੰ ਅਚਾਨਕ ਅੱਗ ਲੱਗਣ ਬਾਰੇ ਸੂਚਿਤ ਕੀਤਾ ਅਤੇ ਉਹ ਪਹਿਲੀ ਮੰਜ਼ਿਲ ਵੱਲ ਭੱਜੇ। ਇਸ ਸਮੇਂ ਦੌਰਾਨ ਉਨ੍ਹਾਂ ਵੇਖਿਆ ਕਿ ਅੱਗ ਨਾਲ ਸੋਹਨ ਲਾਲ ਕਾਫ਼ੀ ਝੁਲਸ ਚੁੱਕੇ ਸਨ ਅਤੇ ਹਾਦਸੇ ’ਚ ਉਨ੍ਹਾਂ ਦੀ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਕਰਜ਼ੇ ਕਾਰਨ ਲੋਕ ਉਨ੍ਹਾਂ ਦੇ ਘਰ ਆਉਂਦੇ ਸਨ ਅਤੇ ਉਨ੍ਹਾਂ ਨੂੰ ਤੰਗ ਕਰਦੇ ਸਨ, ਜਿਸ ਤੋਂ ਪਰੇਸ਼ਾਨ ਹੋ ਕੇ ਉਨ੍ਹਾਂ ਨੇ ਖ਼ੁਦਕੁਸ਼ੀ ਕਰ ਲਈ। ਪੁੱਤਰ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਨਗਰ ਨਿਗਮ ਵਿੱਚ ਕੰਮ ਕਰਦੇ ਸਨ ਅਤੇ ਹੁਣ ਸੇਵਾਮੁਕਤ ਹੋ ਚੁੱਕੇ ਸਨ। ਮੌਕੇ ’ਤੇ ਪਹੁੰਚੇ ਏ. ਐੱਸ. ਆਈ. ਸੁਰਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਵਿਅਕਤੀ ਨੇ ਆਪਣੇ ਆਪ ਨੂੰ ਅੱਗ ਲਗਾ ਲਈ ਹੈ। ਪੁਲਸ ਨੇ ਦੱਸਿਆ ਕਿ ਲਾਸ਼ ਦੀ ਹਾਲਤ ਕਾਫ਼ੀ ਖ਼ਰਾਬ ਹੋ ਚੁੱਕੀ ਸੀ, ਜਿਸ ਕਾਰਨ ਉਨ੍ਹਾਂ ਦੀ ਪਛਾਣ ਕਰਨਾ ਮੁਸ਼ਕਿਲ ਹੋ ਗਿਆ ਸੀ। ਪਰਿਵਾਰਕ ਮੈਂਬਰਾਂ ਮੁਤਾਬਕ ਵਿਅਕਤੀ ਨੇ ਕਰਜ਼ੇ ਕਾਰਨ ਆਪਣੀ ਜਾਨ ਲੈ ਲਈ। ਪਰਿਵਾਰਕ ਮੈਂਬਰਾਂ ਨੇ ਕੁਝ ਵਿਅਕਤੀਆਂ ਦੇ ਨਾਮ ਲਏ ਹਨ, ਇਸ ਲਈ ਉਨ੍ਹਾਂ ਦੇ ਬਿਆਨਾਂ ਦੇ ਆਧਾਰ ’ਤੇ ਢੁੱਕਵੀਂ ਕਾਰਵਾਈ ਕੀਤੀ ਜਾ ਰਹੀ ਹੈ। ਇਕ ਗੁਆਂਢੀ ਨੇ ਕਿਹਾ ਕਿ ਵਿਅਕਤੀ ਕਰਜ਼ੇ ਤੋਂ ਬਹੁਤ ਪਰੇਸ਼ਾਨ ਸੀ। ਉਨ੍ਹਾਂ ਨੇ ਨਗਰ ਨਿਗਮ ਤੋਂ ਸੇਵਾਮੁਕਤ ਹੋਣ ਤੋਂ ਬਾਅਦ ਦੋਬਾਰਾ ਕੰਮ ’ਤੇ ਜਾਣਾ ਸ਼ੁਰੂ ਕਰ ਦਿੱਤਾ ਸੀ। ਮ੍ਰਿਤਕ ਦੇ ਦੋ ਬੱਚੇ ਹਨ। ਉਨ੍ਹਾਂ ਦਾ ਕਦੇ ਵੀ ਆਂਢ-ਗੁਆਂਢ ਵਿੱਚ ਕਿਸੇ ਨਾਲ ਕੋਈ ਝਗੜਾ ਨਹੀਂ ਹੋਇਆ। ਵਿਅਕਤੀ ਨੇ ਕਰਜ਼ੇ ਕਾਰਨ ਆਪਣੀ ਜੀਵਨਲਾਲੀ ਖ਼ਤਮ ਕਰ ਲਈ। ਮ੍ਰਿਤਕ ਦੇ ਬੇਟੇ ਬੱਬੀ ਤੇ ਇਕਲਵਿਆ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਉਦੋਂ ਤੋਂ ਕਾਫ਼ੀ ਪਰੇਸ਼ਾਨ ਰਹਿੰਦੇ ਸਨ ਜਦੋਂ ਤੋਂ ਉਨ੍ਹਾਂ ਦੀ ਮਾਂ ਮਹਿੰਦਰ ਕੌਰ ਮਿੰਦੋ ਦੀ ਮੌਤ ਹੋ ਗਈ ਸੀ। ਇਸ ਦੇ ਇਲਾਵਾ ਉਨ੍ਹਾਂ ਦਾ ਲੋਕਾਂ ਤੋਂ ਪੈਸਿਆਂ ਦਾ ਵੀ ਲੈਣ-ਦੇਣ ਸੀ। ਥਾਣਾ ਰਾਮਾ ਮੰਡੀ ਦੀ ਪੁਲਸ ਨੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

## ਗੁਰਦਾਸਪੁਰ ‘ਚ ਨੌਜਵਾਨ ‘ਤੇ ਹਮਲਾ, ਪੀੜਤ ਨੇ ਪੁਲਸ ‘ਤੇ ਕਾਰਵਾਈ ਨਾ ਕਰਨ ਦੇ ਲਗਾਏ ਦੋਸ਼

ਗੁਰਦਾਸਪੁਰ 27 ਮਾਰਚ। ਗੁਰਦਾਸਪੁਰ ਦੇ ਕੋਠੇ ਕਰਾਲਾ ਵਿਖੇ ਰਹਿਣ ਵਾਲੇ ਨੌਜਵਾਨ ਸ਼ੰਮੀ ਨੇ ਦੋਸ਼ ਲਗਾਇਆ ਹੈ ਕਿ ਬੀਤੇ ਦਿਨੀਂ ਇੱਕ ਨਿੱਜੀ ਹਸਪਤਾਲ ਦੇ ਐਂਬੂਲੈਂਸ ਡਰਾਈਵਰ ਨੇ ਪੁਰਾਣੀ ਰੰਜਿਸ਼ ਦੇ ਚਲਦਿਆਂ ਉਸ ‘ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਉਹ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਖੂਨ ਨਾਲ ਲੱਥਪੱਥ ਸ਼ੰਮੀ ਦੀ ਇੱਕ ਵੀਡੀਓ ਵੀ ਸੋਸ਼ਲ ਮੀਡੀਆ ‘ਤੇ ਵਾਇਰਲ ਹੋਈ ਹੈ। ਸ਼ੰਮੀ ਦਾ ਦੋਸ਼ ਹੈ ਕਿ ਡਾਕਟਰ ਵੱਲੋਂ ਐਮਐਲਆਰ ਪੁਲਸ ਨੂੰ ਭੇਜਣ ਅਤੇ ਉਸ ਵੱਲੋਂ ਸ਼ਿਕਾਇਤ ਦਰਜ ਕਰਵਾਉਣ ਦੇ ਬਾਵਜੂਦ ਵੀ ਪੁਲਸ ਵੱਲੋਂ ਦੋਸ਼ੀ ਖ਼?ਲਾਫ਼ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਉਸ ਦਾ ਕਹਿਣਾ ਹੈ ਕਿ ਉਲਟਾ ਉਸ ‘ਤੇ ਇਹ ਦੋਸ਼ ਲਗਾਇਆ ਜਾ ਰਿਹਾ ਹੈ ਕਿ ਉਸ ਨੇ ਦੋਸ਼ੀ ਦੀ ਪਤਨੀ ਨਾਲ ਛੇੜਛਾੜ ਕੀਤੀ ਹੈ ਅਤੇ ਪੁਲਸ ਵੱਲੋਂ ਉਸ ‘ਤੇ ਰਾਜੀਨਾਮਾ ਕਰਨ ਲਈ ਦਬਾਅ ਬਣਾਇਆ ਜਾ ਰਿਹਾ ਹੈ। ਉਸ ਨੇ ਇਹ ਵੀ ਦੱਸਿਆ ਕਿ ਹਮਲਾ ਕਰਨ ਵਾਲਾ ਵਿਅਕਤੀ ਲਗਾਤਾਰ ਉਸ ਨੂੰ ਧਮਕੀਆਂ ਦੇ ਰਿਹਾ ਹੈ। ਦੂਜੇ ਪਾਸੇ ਮਾਮਲੇ ਦੀ ਤਫਤੀਸ਼ ਕਰ ਰਹੇ ਏਐਸਆਈ ਮਹਿੰਦਰ ਪਾਲ ਨੇ ਦੱਸਿਆ ਕਿ ਸ਼ੰਮੀ ਦੀ ਡਾਕਟਰੀ



ਰਿਪੋਰਟ ਉਨ੍ਹਾਂ ਨੂੰ ਮਿਲ ਗਈ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਦੂਜੇ ਪੱਖ ਵੱਲੋਂ ਵੀ ਲਿਖਤੀ ਸ਼ਿਕਾਇਤ ਦਿੱਤੀ ਗਈ ਹੈ, ਜਿਸ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਸ਼ੰਮੀ ਉਨ੍ਹਾਂ ਦੀ ਪਤਨੀ ਨਾਲ ਛੇੜਛਾੜ ਕਰਦਾ ਹੈ। ਏਐਸਆਈ ਮਹਿੰਦਰ ਪਾਲ ਨੇ ਕਿਹਾ ਕਿ ਦੋਹਾਂ ਧਿਰਾਂ ਨੂੰ ਪੁਲਿਸ ਥਾਣੇ ਵਿੱਚ ਬੁਲਾਇਆ ਗਿਆ ਹੈ।

## ਚਿੱਟਾ ਸਮੱਗਲਰਾਂ ਖਿਲਾ.ਫ ਲੋਕਾਂ ਨੇ ਕੀਤਾ ਰੋਸ ਵਿਖਾਵਾ

ਬਠਿੰਡਾ 27 ਮਾਰਚ। ਐਤਵਾਰ ਰਾਤ ਨੂੰ ਕਰੀਬ 9 ਵਜੇ ਸੁਰਖਪੀਰ ਰੋਡ ’ਤੇ ਗਲੀ ਨੰ. 3 ਵਿਚ ਔਰਤਾਂ ਅਤੇ ਸਥਾਨਕ ਵਾਸੀਆਂ ਨੇ ਨਸ਼ਾ ਸਮੱਗਲਰਾਂ ਵਿਰੁੱਧ ਪ੍ਰਦਰਸ਼ਨ ਕੀਤਾ। ਔਰਤਾਂ ਅਤੇ ਨਿਵਾਸੀਆਂ ਨੇ ਗਲੀ ਵਿਚ ਇਕੱਠੇ ਹੋ ਕੇ ਨਸ਼ਾ ਸਮੱਗਲਰਾਂ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਪੁਲਸ ਪ੍ਰਸ਼ਾਸਨ ਵਿਰੁੱਧ ਆਪਣਾ ਗੁੱਸਾ ਪ੍ਰਗਟ ਕੀਤਾ। ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਗਾਇਆ ਕਿ ਗਲੀ ਦੇ ਕੁਝ ਘਰਾਂ ਤੋਂ ਨਸ਼ਾ ਸਮੱਗਲਿੰਗ ਖੁੱਲ੍ਹੇਆਮ ਹੋ ਰਹੀ ਹੈ, ਜਿਸ ਨਾਲ ਇਲਾਕੇ ਦਾ ਮਾਹੌਲ ਖਰਾਬ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਲਾਕੇ ਦੇ ਬਹੁਤ ਸਾਰੇ ਨੌਜਵਾਨ ਨਸ਼ੇ ਦਾ ਸ਼ਿਕਾਰ ਹੋ ਰਹੇ ਹਨ, ਜਿਸ ਨਾਲ ਉਨ੍ਹਾਂ ਦਾ ਭਵਿੱਖ ਖਰਾਬ ਹੋ ਰਿਹਾ ਹੈ। ਸਥਾਨਕ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੇ ਇਸ ਮੁੱਦੇ ਬਾਰੇ ਕਈ ਵਾਰ ਪੁਲਸ ਨੂੰ ਸ਼ਿਕਾਇਤ ਕੀਤੀ ਸੀ ਪਰ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਦੋਸ਼ ਲਗਾਇਆ ਕਿ ਪੁਲਸ ਅਕਸਰ ਮੌਕੇ ’ਤੇ ਪਹੁੰਚਦੀ ਸੀ ਪਰ ਕਾਰਵਾਈ ਕਰਨ ਦੀ ਬਜਾਏ ਵਾਪਸ ਆ ਜਾਂਦੀ ਸੀ। ਵਿਖਾਵਾਕਾਰੀਆਂ ਨੇ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਜਲਦੀ ਹੀ ਨਸ਼ਾ ਸਮੱਗਲਰਾਂ ਵਿਰੁੱਧ ਸਖ਼ਤ ਕਾਰਵਾਈ ਨਾ ਕੀਤੀ ਗਈ ਤਾਂ ਇਲਾਕੇ ਦੇ ਲੋਕ ਵੱਡੇ ਪੱਧਰ ’ਤੇ ਵਿਰੋਧ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਗੇ। ਲੋਕਾਂ ਨੇ ਮੰਗ ਕੀਤੀ ਕਿ ਇਲਾਕੇ ’ਚ ਸੁਰੱਖਿਅਤ ਮਾਹੌਲ ਯਕੀਨੀ ਬਣਾਉਣ ਲਈ ਨਸ਼ਾ ਸਮੱਗਲਿੰਗ ’ਚ ਸ਼ਾਮਲ ਲੋਕਾਂ ਵਿਰੁੱਧ ਤੁਰੰਤ ਸਖ਼ਤ ਕਾਰਵਾਈ ਕੀਤੀ ਜਾਵੇ।

## ਸਾਬਕਾ ਸਰਪੰਚ ਦੇ ਘਰ ’ਤੇ ਫਾਇਰਿੰਗ, ਮਾਰਨ ਦੀ ਨੀਅਤ ਨਾਲ ਕੀਤੇ 10 ਫਾਇਰ

ਲੋਪੋਕੇ 27 ਮਾਰਚ। ਥਾਣਾ ਭਿੰਡੀ ਸੈਦਾਂ ਅਧੀਨ ਆਉਂਦੇ ਪਿੰਡ ਜਸਰਾਊਰ ਦੇ ਸਾਬਕਾ ਸਰਪੰਚ ਦੇ ਘਰ ’ਤੇ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਚਲਾਉਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਘਟਨਾ ਸਥਾਨ ’ਤੇ ਪਹੁੰਚੇ ਪੁਲਸ ਥਾਣਾ ਭਿੰਡੀ ਸੈਦਾਂ ਦੇ ਐੱਸ. ਐੱਚ. ਓ. ਨਰਿੰਦਰ ਸਿੰਘ ਨੂੰ ਜਾਣਕਾਰੀ ਦਿੰਦਿਆਂ ਸਾਬਕਾ ਸਰਪੰਚ ਸਕੱਤਰ ਸਿੰਘ ਮਿੱਠੂ ਨੇ ਦੱਸਿਆ ਕਿ ਉਹ ਬੀਤੀ ਰਾਤ ਆਪਣੇ ਪਰਿਵਾਰ ਸਮੇਤ ਘਰ ਵਿਚ ਸੁੱਤੇ ਪਏ ਸਨ। ਰਾਤ ਲਗਭਗ 12 ਤੋਂ 1 ਵਜੇ ਦੇ ਦਰਮਿਆਨ ਮੋਟਰਸਾਈਕਲ ਸਵਾਰ ਤਿੰਨ ਅਣਪਛਾਤੇ ਵਿਅਕਤੀ ਆਏ, ਜਿਨ੍ਹਾਂ ਨੇ ਮੂੰਹ ਲਪੇਟੇ ਹੋਏ ਸਨ। ਮੁਲਜ਼ਮਾਂ ਨੇ ਜਾਨੋਂ ਮਾਰਨ ਦੀ ਨੀਅਤ ਨਾਲ ਘਰ ’ਤੇ ਅੰਨ੍ਹੇਵਾਹ ਫਾਇਰਿੰਗ ਸ਼ੁਰੂ ਕਰ ਦਿੱਤੀ ਅਤੇ ਲਗਭਗ 10 ਫਾਇਰ ਕੀਤੇ, ਜਿਸ ਕਾਰਨ ਪਿੰਡ ਵਿਚ ਕਾਫ਼ੀ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਸਰਪੰਚ ਕੰਵਲਜੀਤ ਸਿੰਘ ਅਤੇ ਸਮੂਹ ਪਿੰਡ ਵਾਸੀਆਂ ਨੇ ਪੁਲਸ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਹੈ ਕਿ ਦੋਸ਼ੀਆਂ ਦੀ ਭਾਲ ਕਰ ਕੇ ਸਖ਼ਤ ਕਾਰਵਾਈ ਕੀਤੀ ਜਾਵੇ। ਪੁਲਸ ਨੇ ਘਟਨਾ ਸਥਾਨ ਤੋਂ ਗੋਲੀਆਂ ਦੇ ਖੋਲ ਬਰਾਮਦ ਕਰ ਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ ਅਤੇ ਆਂਢ-ਗੁਆਂਢ ਵਿਚ ਲੱਗੇ ਸੀ. ਸੀ. ਟੀ. ਵੀ. ਕੈਮਰੇ ਵੀ ਖੰਗਾਲੇ ਜਾ ਰਹੇ ਹਨ। ਐੱਸ. ਐੱਚ. ਓ. ਨਰਿੰਦਰ ਸਿੰਘ ਨੇ ਕਿਹਾ ਕਿ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਸ਼ੀਆਂ ਨੂੰ ਕਿਸੇ ਵੀ ਹਾਲਤ ਵਿਚ ਬਖ਼ਸ਼ਿਆ ਨਹੀਂ ਜਾਵੇਗਾ।

## ਭਾਰਤੀ ਘਰਾਂ ’ਚ ਪਿਆ ਹੈ 5 ਟ੍ਰਿਲੀਅਨ ਡਾਲਰ ਦਾ ਸੋਨਾ, ਅਰਥਵਿਵਸਥਾ ’ਚ ਲਿਆਉਣ ਦੀ ਉੱਠੀ ਮੰਗ

ਬਿਜ਼ਨੈੱਸ ਡੈਸਕ 27 ਮਾਰਚ। ਭਾਰਤ ਵਿੱਚ ਘਰਾਂ ਅਤੇ ਮੰਦਰਾਂ ਵਿੱਚ ਜਮ?ਹਾ ਸੋਨੇ ਦੇ ਭੰਡਾਰ ਨੂੰ ਲੈ ਕੇ ਇੱਕ ਨਵੀਂ ਬਹਿਸ ਛਿੜ ਗਈ ਹੈ। ਇੱਕ ਤਾਜ਼ਾ ਰਿਪੋਰਟ ਦੇ ਅਨੁਸਾਰ, ਭਾਰਤੀ ਘਰਾਂ ਵਿੱਚ ਲਗਭਗ 5 ਟ੍ਰਿਲੀਅਨ ਡਾਲਰ ਦਾ ਸੋਨਾ ਮੌਜੂਦ ਹੈ, ਜੋ ਭਾਰਤ ਦੀ ਕੁੱਲ ਜੀ.ਡੀ.ਪੀ. ਦਾ ਲਗਭਗ 125% ਹਿੱਸਾ ਹੈ। ਮਾਹਰਾਂ ਦਾ ਮੰਨਣਾ ਹੈ ਕਿ ਜੇਕਰ ਮੰਦਰਾਂ ਵਿੱਚ ਜਮ?ਹਾ ਸੋਨੇ ਨੂੰ ਵੀ ਇਸ ਵਿੱਚ ਸ਼ਾਮਲ ਕਰ ਲਿਆ ਜਾਵੇ, ਤਾਂ ਇਹ ਕੁੱਲ ਭੰਡਾਰ ਲਗਭਗ 50,000 ਟਨ ਤੱਕ ਪਹੁੰਚ ਜਾਂਦਾ ਹੈ, ਜਿਸਦੀ ਅਨੁਮਾਨਿਤ ਕੀਮਤ 10,000 ਅਰਬ ਡਾਲਰ ਹੈ। ਸਾਬਕਾ ਕੇਂਦਰੀ ਮੰਤਰੀ ਪੀ. ਪੀ. ਚੌਧਰੀ ਅਤੇ ਉਦਯੋਗ ਜਗਤ ਦੇ ਮਾਹਰਾਂ ਦਾ ਕਹਿਣਾ ਹੈ ਕਿ ਇਸ ਸੋਨੇ ਨੂੰ ਰਸਮੀ ਵਿੱਤੀ ਪ੍ਰਣਾਲੀ ਵਿੱਚ ਲਿਆਉਣਾ ਬਹੁਤ ਜ਼ਰੂਰੀ ਹੈ, ਕਿਉਂਕਿ ਘਰਾਂ ਵਿੱਚ ਪਿਆ ਸੋਨਾ ਆਰਥਿਕ ਗਤੀਵਿਧੀਆਂ ਵਿੱਚ ਕੋਈ ਯੋਗਦਾਨ ਨਹੀਂ ਪਾਉਂਦਾ। ਸੋਨੇ ਦੇ ਵਿੱਤੀਕਰਨ ਨਾਲ ਦੇਸ਼ ਦੀ ਦਰਾਮਦ ’ਤੇ ਨਿਰਭਰਤਾ ਘਟੇਗੀ ਅਤੇ ਚਾਲੂ ਖਾਤੇ ਦੇ ਘਾਟੇ (314) ’ਤੇ ਦਬਾਅ ਵੀ ਘੱਟ ਹੋਵੇਗਾ। ਰੇਟਿੰਗ ਏਜੰਸੀ ICRA ਲਿਮਟਿਡ ਦੇ ਅਨੁਸਾਰ, ਪਿਛਲੇ ਦੋ ਵਿੱਤੀ ਸਾਲਾਂ ਵਿੱਚ ਸੋਨੇ ਦੀਆਂ ਕੀਮਤਾਂ ਵਿੱਚ ਲਗਭਗ 30-30% ਦਾ ਵਾਧਾ ਹੋਇਆ ਹੈ। ਇਸ ਦੇ ਬਾਵਜੂਦ, ਗਹਿਣਿਆਂ ਦੀ ਮੰਗ ਮਜ਼ਬੂਤ ਬਣੀ ਹੋਈ ਹੈ। ਪ੍ਰਮੁੱਖ ਰਿਟੇਲਰਾਂ ਨੇ ਵਿਕਰੀ ਵਿੱਚ ਦੋਹਰੇ ਅੰਕਾਂ ਵਿੱਚ ਵਾਧਾ ਦਰਜ ਕੀਤਾ ਹੈ

# ਰੂਪਨਗਰ ਪੁਲਸ ਨੇ 385 ਕਿੱਲੋ ਚੂਰਾ ਪੋਸਤ ਸਮੇਤ 2 ਤਸਕਰ ਕੀਤੇ ਕਾਬੂ, ਅੰਨ੍ਹੇ ਕਤਲ ਦੀ ਗੁੱਥੀ ਵੀ ਸੁਲਝਾਈ

**ਕੌਮੀ ਪਤ੍ਰਿਕਾ**

ਰੋਪੜ, 27 ਮਾਰਚ। ਪੰਜਾਬ ਪੁਲਸ ਵੱਲੋਂ ਨਸ਼ਿਆਂ ਅਤੇ ਗੈਂਗਸਟਰਾਂ ਵਿਰੁੱਧ ਵਿੱਢੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਰੂਪਨਗਰ ਪੁਲਸ ਨੇ ਜਿੱਥੇ ਬਾਹਰੀ ਸੂਬਿਆਂ ਤੋਂ ਲਿਆਂਦੀ ਜਾ ਰਹੀ ਨਸ਼ੀਲੇ ਪਦਾਰਥਾਂ ਦੀ ਇੱਕ ਵੱਡੀ ਖੇਪ ਬਰਾਮਦ ਕੀਤੀ ਹੈ, ਉੱਥੇ ਹੀ ਪਿੰਡ ਪੁਰਖਾਲੀ ਨੇੜੇ ਹੋਏ ਇੱਕ ਅੰਨ੍ਹੇ ਕਤਲ ਦੇ ਮਾਮਲੇ ਨੂੰ ਸੁਲਝਾਉਂਦੇ ਹੋਏ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਐਸ.ਐਸ.ਪੀ. ਮਨਿੰਦਰ ਸਿੰਘ ਨੇ ਦੱਸਿਆ ਕਿ ਡੀ.ਆਈ.ਜੀ. ਨਾਨਕ ਸਿੰਘ ਦੀ ਅਗਵਾਈ ਹੇਠ ਥਾਣਾ ਕੀਰਤਪੁਰ ਸਾਹਿਬ ਦੀ ਪੁਲਿਸ ਟੀਮ ਨੇ ਪਿੰਡ ਭਟੋਲੀ ਨੇੜੇ ਨਾਕਾਬੰਦੀ ਕੀਤੀ ਹੋਈ ਸੀ। ਚੈਕਿੰਗ ਦੌਰਾਨ ਇੱਕ ਟਰੱਕ ਵਿੱਚੋਂ 3 ਕੁਇੰਟਲ 85 ਕਿੱਲੋ (385 ਕਿੱਲੋ) ਡੋਡੇ ਚੂਰਾ ਪੋਸਤ ਬਰਾਮਦ ਕੀਤਾ ਗਿਆ। ਪੁਲਸ ਨੇ ਮੌਕੇ ’ਤੇ ਟਰੱਕ ਚਾਲਕ ਵਿਕਰਮ ਸਿੰਘ ਉਰਫ਼ ਵਿੱਕੀ (30) ਅਤੇ ਕੰਡਕਟਰ ਅਰੁਣ ਕੁਮਾਰ (36),



ਜੋ ਕਿ ਦੋਵੇਂ ਜ਼ਿਲ੍ਹਾ ਬਿਲਾਸਪੁਰ (ਹਿਮਾਚਲ ਪ੍ਰਦੇਸ਼) ਦੇ ਰਹਿਣ ਵਾਲੇ ਹਨ, ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਨ੍ਹਾਂ ਖਿਲਾਫ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਦੂਜੇ ਮਾਮਲੇ ਵਿੱਚ ਰੂਪਨਗਰ ਪੁਲਸ ਨੇ ਅਲੀ ਮੁਹੰਮਦ ਉਰਫ਼ ਤੰਨੂ ਦੇ ਅੰਨ੍ਹੇ ਕਤਲ ਦੀ ਗੁੱਥੀ ਨੂੰ ਸੁਲਝਾ ਲਿਆ ਹੈ, ਜਿਸ ਦੀ ਲਾਸ਼ 2 ਮਾਰਚ 2026 ਨੂੰ ਮਿਲੀ ਸੀ। ਸੀ.ਸੀ.ਟੀ.ਵੀ. ਅਤੇ ਤਕਨੀਕੀ ਮਦਦ ਨਾਲ ਇਹ ਗੱਲ ਸਾਹਮਣੇ ਆਈ ਕਿ ਇਹ ਕਤਲ ਪੁਰਾਣੀ ਰੰਜਿਸ਼ ਕਾਰਨ ਅਗਵਾ ਕਰਕੇ ਕੀਤਾ ਗਿਆ ਸੀ। ਇਸ ਵਾਰਦਾਤ ਵਿੱਚ ਸ਼ਾਮਲ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅਮਨਦੀਪ ਸਿੰਘ: ਵਾਸੀ ਨਵਾਂ ਸ਼ਹਿਰ (ਬਡਾਲਾ), ਜਿਸ ’ਤੇ ਪਹਿਲਾਂ ਵੀ 2 ਮਾਮਲੇ ਦਰਜ ਹਨ। ਰਿੱਕੀ: ਵਾਸੀ ਚੂਹੜ ਮਾਜਰਾ, ਜਿਸ ’ਤੇ ਲਗਭਗ 10 ਅਪਰਾਧਿਕ ਮਾਮਲੇ ਦਰਜ ਹਨ। ਸੁਖਵਿੰਦਰ ਕੌਰ (ਰਿੱਕੀ ਦੀ ਪਤਨੀ) ਅਤੇ ਗੁਰਜੀਤ ਸਿੰਘ। ਪੁਲਸ ਨੇ ਵਾਰਦਾਤ ਵਿੱਚ ਵਰਤੀ ਗਈ ਸਿਲਵਰ ਰੰਗ ਦੀ ਇਨੋਵਾ ਕਾਰ (ਨੰਬਰ 38-04-3-2618) ਵੀ ਬਰਾਮਦ ਕਰ ਲਈ ਹੈ। ਪੁਲਸ ਅਧਿਕਾਰੀਆਂ ਅਨੁਸਾਰ ਫਰਾਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦਾ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ ਤਾਂ ਜੋ ਹੋਰ ਅਹਿਮ ਖੁਲਾਸੇ ਹੋ ਸਕਣ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜ਼ਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਪੰਜਾਬ ਰੋਡਵੇਜ਼ ਤੇ ਪਨਬੱਸ ਦੇ ਮੁਲਾਜ਼ਮਾਂ ਨੂੰ ਵੱਡੀ ਰਾਹਤ ! ਤਨਖ਼ਾਹਾਂ ਬਾਰੇ ਹਾਈਕੋਰਟ ਨੇ ਸੁਣਾਇਆ ਅਹਿਮ ਫ਼ੈਸਲਾ

ਕੌਮੀ ਪਤ੍ਰਿਕਾ

ਚੰਡੀਗੜ੍ਹ 28 ਮਾਰਚ। ਪੰਜਾਬ ਰੋਡਵੇਜ਼ ਅਤੇ ਪਨਬਸ 'ਚ ਕੰਮ ਕਰ ਰਹੇ ਕੱਚੇ ਮੁਲਾਜ਼ਮਾਂ ਨੂੰ ਬਰਾਬਰ ਕੰਮ ਲਈ ਬਰਾਬਰ ਤਨਖ਼ਾਹ ਦੇਣ ਦੇ ਮੁੱਦੇ 'ਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਅਹਿਮ ਟਿੱਪਣੀ ਕਰਦਿਆਂ ਸੂਬਾ ਸਰਕਾਰ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ। ਅਦਾਲਤ ਨੇ ਸਪੱਸ਼ਟ ਕੀਤਾ ਕਿ ਜੇਕਰ ਉਹ ਰੈਗੂਲਰ ਮੁਲਾਜ਼ਮਾਂ ਦੇ ਬਰਾਬਰ ਕੰਮ ਕਰ ਰਹੇ ਹਨ ਤਾਂ ਉਨ੍ਹਾਂ ਨੂੰ ਸਿਰਫ਼ ਠੇਕਾ ਜਾਂ ਹੋਰ ਸ਼੍ਰੇਣੀ ਦੇ ਮੁਲਾਜ਼ਮ ਦੱਸ ਕੇ ਘੱਟ ਤਨਖ਼ਾਹ ਦੇਣਾ ਨਿਆਂਸੰਗਤ ਨਹੀਂ ਠਹਿਰਾਇਆ ਜਾ ਸਕਦਾ। ਜਸਟਿਸ ਹਰਪ੍ਰੀਤ ਸਿੰਘ ਬਰਾੜ ਦੀ ਬੈਂਚ ਨੇ ਮੁਕੇਸ਼ ਕੁਮਾਰ ਅਤੇ ਹੋਰ ਮੁਲਾਜ਼ਮਾਂ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਇਹ ਹੁਕਮ ਪਾਸ ਕੀਤਾ। ਅਦਾਲਤ ਨੇ 2 ਜੁਲਾਈ, 2019 ਅਤੇ 13 ਸਤੰਬਰ, 2024 ਨੂੰ ਜਾਰੀ ਕੀਤੇ ਗਏ ਉਨ੍ਹਾਂ ਹੁਕਮਾਂ ਨੂੰ ਰੱਦ ਕਰ ਦਿੱਤਾ, ਜਿਨ੍ਹਾਂ ਦੇ ਆਧਾਰ 'ਤੇ ਮੁਲਾਜ਼ਮਾਂ ਨੂੰ ਬਰਾਬਰ ਤਨਖ਼ਾਹ ਦਾ ਲਾਭ ਦੇਣ ਤੋਂ ਇਨਕਾਰ ਕੀਤਾ ਗਿਆ ਸੀ। ਅਦਾਲਤ ਨੇ ਕਿਹਾ ਕਿ ਪ੍ਰਬੰਧਕੀ ਹੁਕਮਾਂ ਰਾਹੀਂ ਮੁਲਾਜ਼ਮਾਂ ਦੇ ਕਾਨੂੰਨੀ ਅਧਿਕਾਰਾਂ ਨੂੰ ਸੀਮਤ ਨਹੀਂ ਕੀਤਾ ਜਾ ਸਕਦਾ। ਪਟੀਸ਼ਨਰਾਂ ਦਾ ਕਹਿਣਾ ਸੀ ਕਿ ਉਹ ਲੰਬੇ ਸਮੇਂ ਤੋਂ ਪੰਜਾਬ ਰੋਡਵੇਜ਼ ਅਤੇ ਪਨਬਸ 'ਚ ਕੰਮ ਕਰ ਰਹੇ ਹਨ ਅਤੇ ਰੈਗੂਲਰ ਮੁਲਾਜ਼ਮਾਂ ਵਾਂਗ ਹੀ ਜ਼ਿੰਮੇਵਾਰੀਆਂ ਨਿਭਾ ਰਹੇ ਹਨ। ਇਸ ਦੇ ਬਾਵਜੂਦ ਉਨ੍ਹਾਂ ਨੂੰ ਘੱਟ ਤਨਖ਼ਾਹ ਦਿੱਤੀ ਜਾ ਰਹੀ ਹੈ ਅਤੇ ਤਨਖ਼ਾਹ ਸਕੇਲਾਂ ਅਤੇ ਹੋਰ ਸਹੂਲਤਾਂ 'ਚ ਵੀ ਵਿਤਕਰਾ ਕੀਤਾ ਜਾ ਰਿਹਾ ਹੈ। ਇਸ ਸਬੰਧੀ ਉਨ੍ਹਾਂ ਪਹਿਲਾਂ ਵਿਭਾਗ ਦੇ ਸਾਹਮਣੇ ਵੀ ਨੁਮਾਇੰਦਗੀ ਦਿੱਤੀ ਸੀ ਪਰ ਵਿਭਾਗ ਨੇ ਉਨ੍ਹਾਂ ਦੀਆਂ ਮੰਗਾਂ ਨੂੰ



ਰੱਦ ਕਰ ਦਿੱਤਾ। ਇਸ ਤੋਂ ਬਾਅਦ ਮੁਲਾਜ਼ਮਾਂ ਨੇ ਹਾਈਕੋਰਟ ਦਾ ਬੂਹਾ ਖੜਕਾਇਆ। ਸੁਣਵਾਈ ਦੌਰਾਨ ਪਟੀਸ਼ਨਰਾਂ ਵੱਲੋਂ ਦਲੀਲ ਦਿੱਤੀ ਗਈ ਕਿ ਸੰਵਿਧਾਨ ਦੀ ਧਾਰਾ-14 ਅਤੇ 16 ਤਹਿਤ ਸਮਾਨਤਾ ਦਾ ਅਧਿਕਾਰ ਯਕੀਨੀ ਕੀਤਾ ਗਿਆ ਹੈ। ਜੇਕਰ ਦੋ ਮੁਲਾਜ਼ਮਾਂ ਤੋਂ ਇੱਕੋ ਜਿਹਾ ਕੰਮ ਕਰਵਾਇਆ ਜਾ ਰਿਹਾ ਹੈ ਤਾਂ ਤਨਖ਼ਾਹ ਵਿਚ ਵਿਤਕਰਾ ਕਰਨਾ ਸੰਵਿਧਾਨ ਦੇ ਬੁਨਿਆਦੀ ਸਿਧਾਂਤਾਂ ਦੇ ਖ਼ਿਲਾਫ਼ ਹੈ। ਦੂਜੇ ਪਾਸੇ ਸੂਬਾ ਸਰਕਾਰ ਵੱਲੋਂ ਕਿਹਾ ਗਿਆ ਕਿ ਪਟੀਸ਼ਨਰ ਵੱਖਰੀ ਸ਼੍ਰੇਣੀ ਦੇ ਮੁਲਾਜ਼ਮ ਹਨ ਅਤੇ ਉਨ੍ਹਾਂ ਦੀ ਨਿਯੁਕਤੀ ਦੀਆਂ ਸ਼ਰਤਾਂ ਵੱਖਰੀਆਂ ਹਨ। ਅਦਾਲਤ ਨੇ ਦੋਹਾਂ ਧਿਰਾਂ ਦੀਆਂ ਦਲੀਲਾਂ 'ਤੇ ਵਿਚਾਰ ਕਰਦਿਆਂ ਕਿਹਾ ਕਿ ਸਿਰਫ਼ ਨਿਯੁਕਤੀ ਦੀ ਪ੍ਰਕਿਰਤੀ ਦੇ ਆਧਾਰ 'ਤੇ ਨਾ ਬਰਾਬਰੀ ਵਾਲਾ ਵਿਵਹਾਰ ਨਹੀਂ ਕੀਤਾ ਜਾ ਸਕਦਾ ਖ਼ਾਸ ਕਰਕੇ ਜਦੋਂ ਕੰਮ ਅਤੇ ਜ਼ਿੰਮੇਵਾਰੀਆਂ ਇੱਕੋ ਜਿਹੀਆਂ ਹੋਣ। ਅਦਾਲਤ ਨੇ ਇਹ ਵੀ ਕਿਹਾ ਕਿ ਬਰਾਬਰ ਕੰਮ ਲਈ ਬਰਾਬਰ ਤਨਖ਼ਾਹ ਦਾ ਸਿਧਾਂਤ ਨਿਆਇਕ ਤੌਰ 'ਤੇ ਸਥਾਪਤ ਹੈ ਅਤੇ ਇਸ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਹਾਈਕੋਰਟ ਨੇ ਆਪਣੇ ਹੁਕਮ 'ਚ ਸਪੱਸ਼ਟ ਕੀਤਾ ਕਿ ਸਬੰਧਿਤ ਅਧਿਕਾਰੀਆਂ ਨੂੰ ਪਟੀਸ਼ਨ ਕਰਤਾਵਾਂ ਦੇ ਦਾਅਵੇ 'ਤੇ ਨਵੇਂ ਸਿਰੇ ਤੋਂ ਵਿਚਾਰ ਕਰਨਾ ਹੋਵੇਗਾ ਅਤੇ ਇਹ ਦੇਖਣਾ ਪਵੇਗਾ ਕਿ ਕੀ ਉਹ ਅਸਲ ਵਿਚ ਪੱਕੇ ਮੁਲਾਜ਼ਮਾਂ ਬਰਾਬਰ ਕੰਮ ਕਰ ਰਹੇ ਹਨ। ਜੇਕਰ ਅਜਿਹਾ ਹੈ ਤਾਂ ਉਨ੍ਹਾਂ ਨੂੰ ਬਰਾਬਰ ਤਨਖ਼ਾਹ ਦਾ ਲਾਭ ਦੇਣ ਲਈ ਲੋੜੀਂਦੇ ਕਦਮ ਚੁੱਕੇ ਜਾਣ। ਇਸ ਹੁਕਮ ਨੂੰ ਰਾਜ ਦੇ ਟਰਾਂਸਪੋਰਟ ਵਿਭਾਗ 'ਚ ਕੰਮ ਕਰਨ ਵਾਲੇ ਵੱਡੀ ਗਿਣਤੀ ਵਿਚ ਮੁਲਾਜ਼ਮਾਂ ਲਈ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਅਦਾਲਤ ਦੇ ਇਸ ਫ਼ੈਸਲੇ ਤੋਂ ਬਾਅਦ ਅਜਿਹੇ ਹਾਲਾਤ 'ਚ ਕੰਮ ਕਰਨ ਵਾਲੇ ਹੋਰ ਮੁਲਾਜ਼ਮਾਂ ਲਈ ਵੀ ਰਾਹਤ ਦਾ ਰਾਹ ਖੁੱਲ੍ਹ ਸਕਦਾ ਹੈ।

# ਭਗਤ ਸਿੰਘ ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ

ਬਟਾਲਾ 26 ਮਾਰਚ: ਆਲ ਇੰਡੀਆ ਫਰੀਡਮ ਫਾਈਟਰ ਫੈਮਲੀ ਐਸੋਸੀਏਸ਼ਨ ਗੁਰਦਾਸਪੁਰ ਤੇ ਪਠਾਨਕੋਟ ਵੱਲੋਂ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ 95ਵਾਂ ਸ਼ਹੀਦੀ ਦਿਵਸ ਸੰਸਥਾ ਦੇ ਪ੍ਰਧਾਨ ਬਖਤਾਵਰ ਸਿੰਘ ਲਾਧੂਪੁਰ ਅਤੇ ਜਨਰਲ ਸਕੱਤਰ ਪ੍ਰਿੰਸੀਪਲ ਸੁਲੱਖਣ ਸਿੰਘ ਗੁਰਾਇਆਂ ਦੀ ਰਹਿਨੁਮਾਈ ਹੇਠ ਰੰਧਾਵਾ ਪੈਲਸ ਬਟਾਲਾ ਵਿਖੇ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਫਰੀਡਮ ਫਾਈਟਰ ਪਰਿਵਾਰਾਂ ਤੋਂ ਇਲਾਵਾ ਕਿਸਾਨ ਸੰਘਰਸ਼ ਕਮੇਟੀ ਦੇ ਮੈਂਬਰ ,ਸਮਾਜ ਸੇਵੀ ਸੰਸਥਾਵਾਂ, ਅਧਿਆਪਕ ਯੂਨੀਅਨ, ਖੇਤ ਅਤੇ ਭੱਠਾ ਮਜ਼ਦੂਰ ਯੂਨੀਅਨ ,ਤਰਕਸ਼ੀਲ ਕਮੇਟੀ ,ਲੋਕ ਚੇਤਨਾ ਮੰਚ ,ਆੜਤੀ ਯੂਨੀਅਨ ਅਤੇ ਹੋਰ ਬਹੁਤ ਸਾਰੀਆਂ ਸੰਸਥਾਵਾਂ ਦੇ ਪ੍ਰਧਾਨ ਅਤੇ ਅਹੁਦੇਦਾਰ ਸ਼ਾਮਿਲ ਹੋਏ ।ਇਸ ਪ੍ਰੋਗਰਾਮ ਦਾ ਕੁੰਜੀਵਤ ਲੇਖ ਪ੍ਰਿੰਸੀਪਲ ਸਰਦਾਰ ਬਲਵੰਤ ਸਿੰਘ ਮੱਲੀ ਵੱਲੋਂ ਲਿਖਿਆ ਅਤੇ ਪੜਿਆ ਗਿਆ ।ਉਹਨਾਂ ਨੇ ਭਗਤ ਸਿੰਘ ਦੇ ਮੁਢਲੇ ਜੀਵਨ ਤੋਂ ਲੈ ਕੇ ਫਾਂਸੀ ਵਾਲੇ ਦਿਨ ਤੱਕ ਦਾ ਸਫਰ ਬਹੁਤ ਹੀ ਵਿਸਥਾਰ ਪੂਰਵਕ ਦੱਸਿਆ। ਉਹਨਾਂ ਦੇ ਭਾਸ਼ਣ ਵਿੱਚ ਭਗਤ ਸਿੰਘ ਦਾ ਇਨਕਲਾਬ ਪ੍ਰਤੀ ਫਲਸਫਾ, ਮਨੁੱਖਾ ਜੀਵਨ ਦੀ ਕਦਰ, ਦੇਸ਼ ਦਾ ਸਿਸਟਮ ਕਿਹੋ ਜਿਹਾ ਹੋਣਾ ਚਾਹੀਦਾ ਹੈ ,ਨਾ ਮਿਲਵਰਤਨ ਲਹਿਰ ਅਤੇ ਕੇਂਦਰੀ ਘਟਨਾ ਭਗਤ ਸਿੰਘ ਦੇ ਕੋਟ ਟਰਾਇਲ, ਮਹਾਤਮਾ ਗਾਂਧੀ ਦਾ ਭਗਤ ਸਿੰਘ ਪ੍ਰਤੀ ਵਿਹਾਰ, ਨੌਜਵਾਨ ਲਹਿਰ, ਅਸੈਂਬਲੀ ਬੰਬ ਕਾਂਡ ,ਜੇਲ ਭੁੱਖ ਹੜਤਾਲ ਅਤੇ ਇਹ ਕਹਿਣਾ ਕਿ ਸਾਨੂੰ ਫਾਂਸੀ ਨਹੀਂ ਗੋਲੀ ਨਾਲ ਮਾਰੋ, ਭਗਤ ਸਿੰਘ ਦੀਆਂ ਆਪਣੇ ਪਰਿਵਾਰ ਨੂੰ ਲਿਖੀਆਂ ਚਿੱਠੀਆਂ ਅਤੇ ਹੋਰ ਹੱਥ ਲਿਖਤਾਂ ਅਤੇ ਅੰਤ ਵਿੱਚ ਲਾਹੌਰ ਦੇ ਸਾਧਮਾਨ ਚੌਂਕ ਅਤੇ ਫਾਂਸੀ ਵਾਲੇ ਦਿਨ ਦੇ ਵੇਰਵੇ ਸਰੋਤਿਆਂ ਨਾਲ ਸਾਂਝੇ ਕੀਤੇ। ਕਿਸਾਨਾਂ ਤੇ ਆੜਤੀ ਯੂਨੀਅਨ ਵੱਲੋਂ ਬੋਲਦੇ ਹੋਏ ਅਮਰੀਕ ਸਿੰਘ ਬਾਲੇਵਾਲ ਨੇ ਭਗਤ ਸਿੰਘ ਦਾ ਕਿਸਾਨਾਂ ਤੇ ਮਜ਼ਦੂਰਾਂ ਪ੍ਰਤੀ ਨਜ਼ਰੀਆ ਪੇਸ਼ ਕੀਤਾ ਅਤੇ ਅੱਜ ਦੇ ਯੁੱਗ ਵਿੱਚ ਕਾਰਪੋਰੇਟ ਘਰਾਣਿਆਂ ਵੱਲੋਂ ਹੋ ਰਹੀ ਲੁੱਟ ਦਾ ਭਗਤ ਸਿੰਘ ਦੇ ਵਿਚਾਰਾਂ ਨਾਲ ਤੁਲਨਾਤਮਿਕ ਅਧਿਐਨ ਕੀਤਾ। ਸਰਦਾਰ ਹਰਮਿੰਦਰ ਸਿੰਘ ਅਵਾਨ ਨੇ ਕੂਕਾ ਲਹਿਰ, ਨਾਮਧਾਰੀ ਲਹਿਰ ਅਤੇ ਭਗਤ ਸਿੰਘ ਦੇ ਵਿਚਾਰਾਂ ਦੀ ਤੁਲਨਾ ਕੀਤੀ। ਡਾਕਟਰ ਲਖਬੀਰ ਸਿੰਘ ਭਾਗੋਵਾਲੀਆ ਨੇ ਭਗਤ ਸਿੰਘ ਅਤੇ ਵਾਤਾਵਰਨ ਪ੍ਰਤੀ ਵਿਚਾਰ ਪੇਸ਼ ਕੀਤੇ । ਹੈਡ ਮਾਸਟਰ ਸਵਿੰਦਰ ਸਿੰਘ ਭਾਗੋਵਾਲੀਆ ਨੇ ਭਗਤ ਸਿੰਘ ਦੀ ਕਿਤਾਬਾਂ ਪੜਨ ਦੀ ਤੀਬਰਤਾ ਪ੍ਰਤੀ ਚਾਨਣਾ ਪਾਇਆ ਅਤੇ ਦੇਸ਼ ਭਗਤੀ ਦੇ ਗੀਤ ਨਾਲ ਆਪਣੀ ਹਾਜ਼ਰੀ ਲਵਾਈ। ਨਿਰਮਲ ਸਿੰਘ ਬਰਿਆਰ ਤੇ ਯੁਧਵੀਰ ਨੇ ਕਵਿਤਾ ਨਾਲ ਆਪਣੀ ਹਾਜ਼ਰੀ ਲਗਾਈ ।ਬਲਬੀਰ ਸਿੰਘ ਮੱਲੀ ਨੇ ਭਗਤ ਸਿੰਘ ਨੂੰ ਕੇਂਦਰੀ ਸਰਕਾਰ ਦੁਆਰਾ ਬਣਦਾ ਮਾਨ ਸਨਮਾਨ ਨਾ ਦੇਣ ਅਤੇ ਦੇਸ਼ ਭਗਤ ਐਲਾਨਣ ਸਬੰਧੀ ਨਾ ਪੱਖੀ ਵਤੀਰੇ ਦਾ ਜ਼ਿਕਰ ਕੀਤਾ । ਠਾਕਰ ਕਸ਼ਮੀਰ ਸਿੰਘ, ਸਰਵਨ ਸਿੰਘ , ਯੁੱਧਵੀਰ ਨੇ ਵੀ ਆਪਣੇ ਵਿਚਾਰ ਰੱਖੇ ।ਪ੍ਰਧਾਨਗੀ ਮੰਡਲ ਵੱਲੋਂ ਬੀਬੀ ਪਰਮਜੀਤ ਕੌਰ ਕਪੂਰਥਲਾ ਅਤੇ ਪ੍ਰਧਾਨ ਅੰਮ੍ਰਿਤਸਰ ਰਾਮਪਾਲ ਸਿੰਘ ਨੇ ਵਿਸਥਾਰ ਪੂਰਵਕ ਵਿਚਾਰ ਪੇਸ਼ ਕੀਤੇ ।ਅੰਤ ਵਿੱਚ ਉਪਰੋਕਤ ਜਥੇਬੰਦੀ ਦੇ ਪ੍ਰਧਾਨ ਸਰਦਾਰ ਬਖਤਾਵਰ ਸਿੰਘ ਲਾਧੂਪੁਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਅੱਜ ਦੇ ਹਾਲਾਤ ਵਿਚ ਭਗਤ ਸਿੰਘ ਦੀ ਸੋਚ ਨੌਜਵਾਨਾਂ ਤੱਕ ਪਹੁੰਚਾਉਣ ਦੀ ਲੋੜ ਤੇ ਜ਼ੋਰ ਦਿੱਤਾ। ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਹੈਡ ਮਾਸਟਰ ਗੁਰਲਾਲ ਸਿੰਘ ਬਾਜਵਾ, ਹੈਡ ਮਾਸਟਰ ਸੋਹਨ ਸਿੰਘ, ਸੰਤੋਖ ਸਿੰਘ ਰੰਧਾਵਾ ਐਸਡੀਓ, ਚੀਫ ਇੰਜੀਨੀਅਰ ਚਰਨ ਕਮਲ ਭਾਗੋਵਾਲੀਆ, ਲੱਕੀ ਰੰਧਾਵਾ, ਪ੍ਰਿੰਸੀਪਲ ਸੁਲੱਖਣ ਸਿੰਘ, ਪ੍ਰਿੰਸੀਪਲ ਲਖਵਿੰਦਰ ਸਿੰਘ, ਸੁਖਦੇਵ ਸਿੰਘ ਅਬਜਰਵਰ, ਯੁੱਧ ਵੀਰ ਗੁਰਦਾਸਪੁਰ, ਦੀਪ ਸਿੰਘ ਬਾਜਵਾ, ਕਮਾਂਡਟ ਸੁਖਦੇਵ ਸਿੰਘ ਬੁੱਟਰ ,ਤਰਸੇਮ ਸਿੰਘ ਪਠਾਨਕੋਟ, ਜਗਜੀਤ ਸਿੰਘ ਅੰਮ੍ਰਿਤਸਰ ,ਐਕਸੀਅਨ ਅਮਰਜੀਤ ਸਿੰਘ ,ਜਸਪ੍ਰੀਤ ਕੌਰ, ਜਸਬੀਰ ਸਿੰਘ ਘੁੰਮਣ, ਨਰਿੰਦਰ ਸਿੰਘ ਲੱਧਾ ਮੁੰਡਾ ,ਬਖਸ਼ੀਸ਼ ਸਿੰਘ ਭਲਵਾਨ ,ਗੁਰਦੇਵ ਸਿੰਘ, ਸਰਬਜੀਤ ਕੌਰ ,ਪਾਲ ਸਿੰਘ ,ਦਰਸ਼ਨ ਸਿੰਘ, ਰਤਨ ਸਿੰਘ ਵਰਸਾਲ ਚੱਕ,ਰਣਜੀਤ ਸਿੰਘ, ਮਨਪ੍ਰੀਤ ਕੌਰ, ਨਵਨੀਤ ਕੌਰ, ਦੀਪਕ ,ਵਿਵੇਕ, ਨਾਨਕ ਸਿੰਘ ਭਾਗੋਵਾਲ, ਭੁਪਿੰਦਰ ਸਿੰਘ, ਜਸਪਾਲ ਸਿੰਘ ,ਪਾਲ ਸਿੰਘ, ਸਰਪੰਚ ਬਲਵੀਰ ਸਿੰਘ, ਖਜੂਰ ਸਿੰਘ, ਪ੍ਰਧਾਨ ਰਾਮ ਪਾਲ ਸਿੰਘ ਅੰਮ੍ਰਿਤਸਰ , ਸੁਰਿੰਦਰ ਪਾਲ ਤੋਂ ਇਲਾਵਾ ਵੱਡੀ ਗਿਣਤੀ ਚ ਪਤਵੰਤੇ ਹਾਜਰ ਸਨ


**NAME CHANGE**

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**PUBLIC NOTICE**

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**NAME CHANGE**

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**ਉੱਤਰ ਰੇਲਵੇ**

**ਦਿਲਚਸਪੀ ਦਾ ਪ੍ਰਗਟਾਵਾ (EOI)**

File No. C-9/Parcel/Packing for Electric-Electronic items/2026 Date:27.03.26

ਦਿੱਲੀ ਡਵੀਜਨ, **ਵਖ-ਵਖ ਅਕਾਰਾਂ ਦੇ ਪਲਾਸਟਿਕ ਕੰਟੇਨਰ/ ਪੈਕੇਜਿੰਗ ਦੀ ਸਪਲਾਈ ਅਤੇ ਪੈਕਿੰਗ** ਲਈ ਜਿਨ੍ਹਾਂ ਦੇ ਦੁਆਰਾ ਰੇਲਵੇ ਪਾਰਸਲ/ਲਗੇਜ ਦੇ ਰੂਪ ਵਿਚ ਬੁਕ ਕੀਤੇ ਗਏ ਇਲੈਕਟ੍ਰਾਨਿਕ/ ਇਲੈਕਟ੍ਰੀਕਲ ਸਮਾਨਾਂ ਨੂੰ ਦਿੱਲੀ ਡਵੀਜਨ ਦੇ ਪ੍ਰਮੁਖ ਸਟੇਸ਼ਨਾਂ ਜਿਵੇਂ ਨਵੀਂ ਦਿੱਲੀ, ਦਿੱਲੀ, ਆਨੰਦ ਵਿਹਾਰ, ਹਜ਼ਰਤ ਨਿਜਾਮੂਦੀਨ ਅਤੇ ਦਿੱਲੀ ਸਰਾਏ ਰੋਹਿਲਾ ਤੋਂ ਚਲਣ ਵਾਲੀਆਂ ਵਖ-ਵਖ ਟ੍ਰੇਨਾਂ ਵਿਚ ਸੁਰੱਖਿਆ ਯਕੀਨੀ ਕਰਨਾ ਹੈ ਦੇ ਲਈ **ਦਿਲਚਸਪੀ ਦਾ ਪ੍ਰਗਟਾਵਾ** ਮੰਗ ਕਰਦਾ ਹੈ।

ਸੂਚਨਾ ਦੇ ਪ੍ਰਸਤਾਵ ਨਾਲ ਸਬੰਧਿਤ ਵਿਸਤ੍ਰਿਤ ਜਾਣਕਾਰੀ ਉਤਰੀ ਰੇਲਵੇ ਦੇ ਆਧਿਕਾਰਿਕ ਵੈਬਸਾਈਟ www.nr.indianrailways.gov.in 'ਤੇ ਉਪਲਬਧ ਹੈ।

ਦਿਲਚਸਪੀ ਦਾ ਪ੍ਰਗਟਾਵਾ ਨੂੰ ਜਮ੍ਹਾ ਕਰਨ ਦੀ ਅੰਤਮ ਮਿਤੀ 06.04.2026 ਨੂੰ 15:00 ਵਜੇ ਤਕ ਹੈ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 1042/26

**ਉੱਤਰ ਰੇਲਵੇ**

**ਸ਼ੁਧੀਪੱਤਰ**

ਸੰਧਰਭ: 1. ਨਿਵਿਦਾ ਸੂਚਨਾ ਨੰਬਰ 79/2025-26 ਮਿਤੀ 15.01.2026 ਲੜੀ ਨੰ. 1
2. ਨਿਵਿਦਾ ਨੰਬਰ 08245719ਏ ਤੈਅ ਮਿਤੀ 02.04.2026

ਉਪਰੋਕਤ ਟੈਂਡਰ ਦੇ ਸੰਧਰਭ ਵਿਚ ਤਕਨੀਕੀ ਜਰੂਰਤਾਂ ਅਤੇ ਭੁਗਤਾਨ ਦੀਆਂ ਸ਼ਰਤਾਂ ਨਾਲ ਸਬੰਧਿਤ ਸੰਸ਼ੋਧਿਤ ਦਸਤਾਵੇਜ ਨਥੀ ਹਨ। ਅਤੇ ਹੋਰ ਸਾਰੇ ਨਿਯਮ ਤੇ ਸ਼ਰਤਾਂ ਅਬਦਲ ਰਹਿਣਗੇ।

ਇਹ ਸ਼ੁਧੀਪੱਤਰ ਵੈਬਸਾਈਟ www.ireps.gov.in 'ਤੇ ਪ੍ਰਕਾਸ਼ਿਤ ਕੀਤਾ ਗਿਆ ਹੈ।

1046/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**ਉੱਤਰ ਰੇਲਵੇ**

**ਸ਼ੁਧੀਪੱਤਰ**

ਸੰਧਰਭ: 1. ਨਿਵਿਦਾ ਸੂਚਨਾ ਨੰਬਰ 86/2025-26 ਮਿਤੀ 12.02.2026
2. ਨਿਵਿਦਾ ਨੰਬਰ 07235090ਏ ਅੰਤਮ ਮਿਤੀ 06.03.2026

ਉਪਰੋਕਤ ਟੈਂਡਰ ਦੇ ਸੰਧਰਭ ਵਿਚ, ਨਿਵਿਦਾ ਨੰਬਰ **07235090ਏ** ਖੋਹਲਣ ਦੀ ਤੈਅ ਮਿਤੀ **23.03.2026** ਤੋਂ **13.04.2026 ਤਕ ਵਧਾ ਦਿਤੀ ਗਈ ਹੈ।** ਅਤੇ ਹੋਰ ਸਾਰੇ ਨਿਯਮ ਤੇ ਸ਼ਰਤਾਂ ਅਬਦਲ ਰਹਿਣਗੇ।

ਸ਼ੁਧੀਪੱਤਰ ਵੈਬਸਾਈਟ www.ireps.gov.in'ਤੇ ਪ੍ਰਕਾਸ਼ਿਤ ਕੀਤਾ ਗਿਆ ਹੈ।

1048/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ




# ਜੈ ਕ੍ਰਿਸ਼ਨ ਸਿੰਘ ਰੌੜੀ ਵਲੋਂ ਸਮਾਜਿਕ ਸੰਸਥਾਵਾਂ ਅਤੇ ਐਨ.ਜੀ.ਓਜ਼ ਨੂੰ ਮੈਰਾਥਨ 'ਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ



**ਹੁਸ਼ਿਆਰਪੁਰ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵਲੋਂ ਨਸ਼ਿਆਂ ਖਿਲਾਫ਼ ਕੀਤੇ ਜਾ ਰਹੇ ਵੱਖ-ਵੱਖ ਉਪਰਾਲਿਆਂ ਦੀ ਲੜੀ ਤਹਿਤ ਸਥਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿਖੇ 27 ਮਾਰਚ ਨੂੰ 'ਯੁੱਧ ਨਸ਼ਿਆਂ ਵਿਰੁੱਧ' ਦੇ ਬੈਨਰ ਹੇਠ ਸ਼ਹੀਦ-ਏ-ਆ ?ਜ਼ਮ ਸਰਦਾਰ ਭਗਤ ਸਿੰਘ ਮਹਾਨ ਸ਼ਹਾਦਤ ਨੂੰ ਸਮਰਪਿਤ ਕਰਵਾਈ ਜਾ ਰਹੀ ਮੈਰਾਥਨ ਦੀਆਂ ਤਿਆਰੀਆਂ ਦਾ ਮੌਕੇ 'ਤੇ ਅੱਜ ਸ਼ਾਮ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਜਾਇਜ਼ਾ ਲੈਂਦਿਆਂ ਸਮਾਜਿਕ ਸੰਸਥਾਵਾਂ ਅਤੇ ਐਨ.ਜੀ.ਓਜ਼ ਨੂੰ ਮੈਰਾਥਨ ਵਿਚ ਭਰਵੀਂ ਸ਼ਮੂਲੀਅਤ ਦਾ ਸੱਦਾ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿਖੇ ਅਧਿਕਾਰੀਆਂ, ਪੰਚਾਇਤਾਂ ਦੇ ਨੁਮਾਇੰਦਿਆਂ, ਸਮਾਜਿਕ ਅਤੇ ਐਨ.ਜੀ.ਓਜ਼ ਦੇ ਮੈਂਬਰਾਂ ਨਾਲ ਵਿਸਥਾਰ ਵਿਚ ਵਿਚਾਰ-ਵਟਾਂਦਰਾ ਕਰਦਿਆਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਜਾਗਰੁਕਤਾ ਦੇ ਨਾਲ-ਨਾਲ ਖੇਡਾਂ ਦੇ ਰੁਝਾਨ ਨੂੰ ਹੋਰ ਪ੍ਰਫੁੱਲਤ ਅਤੇ ਮਜ਼ਬੂਤ ਕਰਨ ਦੀ ਲੋੜ ਹੈ ਤਾਂ ਜੋ ਇਸ ਸਮਾਜਿਕ ਬੁਰਾਈ ਤੋਂ ਛੁਟਕਾਰਾ ਹਾਸਲ ਕੀਤਾ ਜਾ ਸਕੇ। ਉਨ੍ਹਾਂ ਨੇ ਪੰਚਾਇਤਾਂ ਅਤੇ ਪਿੰਡਾਂ ਦੇ ਵਸਨੀਕਾਂ ਨੂੰ ਸੱਦਾ ਦਿੱਤਾ ਕਿ ਉਹ ਮੈਰਾਥਨ ਵਿਚ ਦੌੜਨ ਵਾਲਿਆਂ ਦੀ ਹੌਸਲਅਫਜ਼ਾਈ ਲਈ ਆਪੋ-ਆਪਣੇ ਪਿੰਡਾਂ ਦੇ ਬਾਹਰ ਇਕੱਤਰ ਹੋ ਕੇ ਨਸ਼ਿਆਂ ਦੇ ਖਾਤਮੇ ਦੇ ਸੰਕਲਪ ਨੂੰ ਹੋਰ ਠੋਸ ਰੂਪ ਦੇਣ।

ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਵੱਡੇ ਪੱਧਰ 'ਤੇ ਕਾਰਵਾਈਆਂ ਕਰਕੇ ਨਸ਼ਿਆਂ ਨੂੰ ਠੱਲ੍ਹ ਪਾਈ ਜਾ ਰਹੀ ਹੈ ਜਿਸ ਦੇ ਸਾਰਥਕ ਸਿੱਟੇ ਸਾਡੇ ਸਾਹਮਣੇ ਹਨ। ਉਨ੍ਹਾਂ ਕਿਹਾ ਕਿ ਮਾਹਿਲਪੁਰ ਵਿਖੇ ਹੋਣ ਵਾਲੀ ਰਾਸ਼ਟਰੀ ਮੈਰਾਥਨ ਵੀ ਇਸੇ ਲੜੀ ਦਾ ਹਿੱਸਾ ਹੈ ਜੋ ਨਸ਼ਿਆਂ ਖਿਲਾਫ਼ ਸੰਦੇਸ਼ ਨੂੰ ਘਰ-ਘਰ ਪਹੁੰਚਾਵੇਗੀ। ਉਨ੍ਹਾਂ ਦੱਸਿਆ ਕਿ ਮੈਰਾਥਨ ਦੇ ਜੇਤੂਆਂ ਦੀ ਹੌਸਲਾਅਫ਼ਜ਼ਾਈ ਲਈ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ ਜਾਵੇਗਾ।

ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਨੈਸ਼ਨਲ ਮੈਰਾਥਨ ਬਾਰੇ ਡਿਪਟੀ ਸਪੀਕਰ ਨੇ ਕਿਹਾ ਕਿ ਇਸ ਮੈਰਾਥਨ ਵਿਚ ਚਾਰ ਵਰਗ ਰੱਖੇ ਗਏ ਹਨ ਜਿਨ੍ਹਾਂ ਵਿਚ 5 ਕਿਲੋਮੀਟਰ, 10 ਕਿਲੋਮੀਟਰ, 21 ਕਿਲੋਮੀਟਰ ਤੇ 42 ਕਿਲੋਮੀਟਰ ਮੈਰਾਥਨ ਵਿਚ ਲੋਕ ਦੌੜਨਗੇ ਅਤੇ 'ਨਸ਼ਿਆਂ ਨੂੰ ਨਾਂਹ' ਦਾ ਅਹਿਦ ਵੀ ਲਿਆ ਜਾਵੇਗਾ।ਉਨ੍ਹਾਂ ਦੱਸਿਆ ਕਿ ਮੈਰਾਥਨ ਵਿਚ ਹਰ ਪੱਖੋਂ ਲੋੜੀਂਦੇ ਪੁਖਤਾ ਪ੍ਰਬੰਧ ਅਮਲ ਵਿਚ ਲਿਆਂਦੇ ਜਾਣਗੇ ਤਾਂ ਜੋ ਸਾਰੀ ਪ੍ਰਕਿਰਿਆ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹੀ ਜਾ ਸਕੇ। ਮੈਰਾਥਨ ਲਈ ਰਜਿਸਟ੍ਰੇਸ਼ਨ ਬਾਰੇ ਡਿਪਟੀ ਸਪੀਕਰ ਨੇ ਦੱਸਿਆ ਕਿ ਵੱਖ-ਵੱਖ ਵਰਗਾਂ ਲਈ ਚਾਹਵਾਨ ਵਿਅਕਤੀ/ਨੌਜਵਾਨ www.srsftge.com ਰਾਹੀਂ ਨੈਸ਼ਨਲ ਮੈਰਾਥਨ ਵਾਸਤੇ ਰਜਿਸਟ੍ਰੇਸ਼ਨ ਕਰਵਾਈ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਇਸ ਐਪ ਰਾਹੀਂ ਮੁਕੰਮਲ ਜਾਣਕਾਰੀ ਵੀ ਹਾਸਲ ਕੀਤੀ ਜਾ ਸਕਦੀ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ, ਸਹਾਇਕ ਕਮਿਸ਼ਨਰ ਓਇਸ਼ੀ ਮੰਡਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਨੈਸ਼ਨਲ ਮੈਰਾਥਨ ਦੌਰਾਨ 42 ਕਿਲੋਮੀਟਰ ਲਈ ਪ੍ਰਕਿਰਿਆ ਐਤਵਾਰ ਸਵੇਰੇ 4:00 ਵਜੇ ਸ਼ੁਰੂ ਹੋਵੇਗੀ ਜਿਸ ਵਿਚ ਦੌੜਾਕਾਂ ਨੂੰ ਇਕੱਤਰ ਕਰਨ, ਹੌਸਲਾਅਫਜਾਈ ਅਤੇ ਰੂਟ ਬਾਰੇ ਦੱਸਣ ਉਪਰੰਤ 4:55 ਵਜੇ ਅੰਤਿਮ ਕਾਲ ਤੋਂ ਬਾਅਦ 5:00 ਵਜੇ ਮੈਰਾਥਨ ਰਵਾਨਾ ਕੀਤੀ ਜਾਵੇਗੀ। ਇਸੇ ਤਰ੍ਹਾਂ 21 ਕਿਲੋਮੀਟਰ ਲਈ 5:05 ਵਜੇ ਪ੍ਰਕਿਰਿਆ ਸ਼ੁਰੂ ਹੋ ਕੇ 5:20 ਵਜੇ ਤੱਕ ਅੰਤਿਮ ਕਾਲ ਤੋਂ ਬਾਅਦ 5:30 ਵਜੇ ਦੌੜਾਕਾਂ ਨੂੰ ਝੰਡੀ ਦਿਖਾ ਕੇ ਰਵਾਨਾ ਕੀਤਾ ਜਾਵੇਗਾ। 10 ਕਿਲੋਮੀਟਰ ਵਾਲੀ ਮੈਰਾਥਨ ਲਈ 5:35 ਵਜੇ ਪ੍ਰਕਿਰਿਆ ਸ਼ੁਰੂ ਕਰਕੇ 6:10 ਵਜੇ ਰਵਾਨਾ ਕੀਤੀ ਜਾਵੇਗੀ। 5 ਕਿਲੋਮੀਟਰ ਮੈਰਾਥਨ ਵਿਚ ਹਿੱਸਾ ਲੈਣ ਵਾਲਿਆਂ ਨੂੰ 6:20 ਵਜੇ ਇਕੱਤਰ ਕੀਤਾ ਜਾਵੇਗਾ। ਇਸੇ ਤਰ੍ਹਾਂ 7:00 ਵਜੇ ਤੋਂ 7:30 ਵਜੇ ਤੱਕ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਤੋਂ ਬਾਅਦ ਮੁੱਖ ਮਹਿਮਾਨ ਵਲੋਂ ਸੰਬੋਧਨ ਕਰਨ ਉਪਰੰਤ ਨਸ਼ਿਆਂ ਖਿਲਾਫ਼ ਅਹਿਦ ਦਿਵਾਇਆ ਜਾਵੇਗਾ। ਇਸ ਉਪਰੰਤ ਰਾਸ਼ਟਰੀ ਗਾਨ ਤੋਂ ਬਾਅਦ 7:30 ਵਜੇ 5 ਕਿਲੋਮੀਟਰ ਵਾਲੀ ਮੈਰਾਥਨ ਨੂੰ ਰਵਾਨਾ ਕੀਤਾ ਜਾਵੇਗਾ। ਮੈਰਾਥਨ ਦੀ ਨਜ਼ਰਸਾਨੀ ਲਈ ਰੂਟ 'ਤੇ ਵੱਖ-ਵੱਖ ਟੀਮਾਂ ਲਾਉਣ ਦੇ ਨਾਲ-ਨਾਲ ਨਸ਼ਿਆਂ ਖਿਲਾਫ਼ ਸੰਦੇਸ਼ ਦਿੱਤਾ ਜਾਵੇਗਾ। ਸਵੇਰੇ 8:40 ਵਜੇ ਮੈਰਾਥਨ ਦੇ ਨਤੀਜੇ ਅਤੇ ਸਨਮਾਨ ਹੋਵੇਗਾ।

ਮੁੱਖ ਮਹਿਮਾਨ ਅਤੇ ਸ਼ਖਸੀਅਤਾਂ ਵਲੋਂ ਸਰਦਾਰ ਭਗਤ ਸਿੰਘ ਦੇ ਨਾਨਕਾ ਪਿੰਡ ਮੋਰਾਂਵਾਲੀ ਵਿਖੇ ਪਹੁੰਚ ਕੇ ਸ਼ਹੀਦਾਂ ਨੂੰ ਸਿਜਦਾ ਕੀਤਾ ਜਾਵੇਗਾ।

# ਜ਼ਿਲ੍ਹਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਵੱਡੀ ਗਿਣਤੀ ਵਿੱਚ ਨੌਜਵਾਨ ਮਿਸਲ ਸਤਲੁਜ ਵਿੱਚ ਸ਼ਾਮਲ



**ਫਤੀਗੜ੍ਹ ਸਾਹਿਬ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਿਸਲ ਸਤਲੁਜ, ਜੋ ਇੱਕ ਸਮਾਜਿਕ ਅਤੇ ਰਾਜਨੀਤਿਕ ਜਥੇਬੰਦੀ ਹੈ ਅਤੇ ਪੰਜਾਬ-ਕੇਂਦਰਿਤ ਰਾਜਨੀਤੀ ਖੜੀ ਕਰਨ ਲਈ ਵਚਨਬੱਧ ਹੈ। ਮਿਸਲ ਸਤਲੁਜ÷ਨੂੰ ਪੰਜਾਬ ਭਰ ਤੋਂ ਵੱਡਾ ਹੁੰਗਾਰਾ ਮਿਲ ਰਿਹਾ ਹੈ। ਵੱਡੀ ਗਿਣਤੀ ਵਿੱਚ ਪੰਜਾਬ ਭਰ ਤੋਂ ਨੌਜਵਾਨ ਮਿਸਲ ਸਤਲੁਜ ਵਿੱਚ ਸ਼ਮੂਲੀਅਤ ਕਰ ਰਹੇ ਹਨ। ਕਲ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਤੋਂ ਨੌਜਵਾਨ ਖੁਸ਼ਪ੍ਰੀਤ ਸਿੰਘ ਅਤੇ ਗੁਰਜੰਟ ਸਿੰਘ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਮਿਸਲ ਸਤਲੁਜ ਦੇ ਪ੍ਰਧਾਨ ਸਰਦਾਰ ਅਜੇਪਾਲ ਸਿੰਘ ਬਰਾੜ ਦੀ ਅਗਵਾਈ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਸਰਦਾਰ ਅਜੇਪਾਲ ਸਿੰਘ ਬਰਾੜ ਇਲਾਕੇ ਦੇ ਬਹੁਤ ਹੀ ਮਿਹਨਤੀ ਅਤੇ ਹੋਣਹਾਰ ਨੌਜਵਾਨ ਆਗੂ ਹਰਪਿੰਦਰ ਸਿੰਘ ਨੂੰ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਜ਼ਿਲਾ ਯੂਥ ਪ੍ਰਧਾਨ ਦੀ ਜ਼ਿੰਮੇਵਾਰੀ ਦਿੱਤੀ ਗਈ। ਸਰਦਾਰ ਬਰਾੜ ਨੇ ਕਿਹਾ ਕਿ, ਅੱਜ ਪੰਜਾਬ ਨੂੰ ਨਵੀਂ ਦਿਸ਼ਾ ਅਤੇ ਦਸ਼ਾ ਸਿਰਫ ਤੇ ਸਿਰਫ ਨੌਜਵਾਨ ਵਰਗ ਤੋ ਮਿਲ ਸਕਦੀ ਹੈ। ਇਥੇ ਦਸਿਆ ਜਾਂਦਾ ਹੈ ਕਿ ਵੱਡੀ ਗਿਣਤੀ ਵਿੱਚ ਪੰਜਾਬ ਭਰ ਤੋਂ ਨੌਜਵਾਨ ਮਿਸਲ ਸਤਲੁਜ ਨਾਲ ਜੁੜ ਰਹੇ ਹਨ, ਇਹਨਾਂ ਨੌਜਵਾਨਾਂ ਨੂੰ ਜਿੱਥੇ ਜਥੇਬੰਦੀ ਵਿੱਚ ਪੂਰਾ ਮਾਣ ਸਤਿਕਾਰ ਮਿਲੇਗਾ ਉੱਥੇ ਹੀ ਅਗਵਾਈ ਦੇ ਤੌਰ ਤੇ ਵੀ ਨੌਜਵਾਨਾਂ ਨੂੰ ਮੌਕਾ ਮਿਲੇਗਾ।

ਇਸ ਮੌਕੇ ਮਿਸਲ ਸਤਲੁਜ ਵਲੋਂ ਚਲਾਈ ਜਾ ਰਹੀ ਪੂਰਾ ਪੰਜਾਬ ਲਹਿਰ ਦੇ ਕੌਮੀ ਕਨਵੀਨਰ ਅਮਰਿੰਦਰ ਸਿੰਘ ਤੁੜ ਨੇ ਨੌਜਵਾਨਾਂ ਸੰਬੋਧਨ ਕਰਦਿਆਂ ਕਿਹਾ ਕਿ, ਨੌਜਵਾਨਾਂ ਦੀ ਇਹ ਸ਼ਮੂਲੀਅਤ ਇਸ ਗੱਲ ਦੀ ਗਵਾਹੀ ਹੈ ਕਿ ਨੌਜਵਾਨ ਵਰਗ ਪੰਜਾਬ ਦੇ ਮੁੱਦਿਆਂ ਦੀ ਲੜਾਈ ਨੂੰ ਪਛਾਣ ਚੁੱਕਾ ਹੈ। ਓਹਨਾਂ ਕਿਹਾ ਕਿ ਅੱਜ ਪੰਜਾਬ ਦੇ ਨੌਜਵਾਨਾਂ ਨੂੰ ਸਿਰਫ ਅਗਵਾਈ ਅਤੇ ਸੇਧ ਦੀ ਲੋੜ ਹੈ, ਤਾਂ ਜੋ ਨੌਜਵਾਨਾਂ ਨੂੰ ਮੁੱਦਾ ਅਧਾਰਿਤ ਕੇਂਦਰ ਕਰਕੇ ਪੰਜਾਬ ਦੇ ਭਵਿੱਖ ਲਈ ਤਿਆਰ ਕੀਤਾ ਜਾ ਸਕੇ। ਓਹਨਾਂ ਕਿਹਾ ਕਿ ਪੂਰਾ ਪੰਜਾਬ ਲਹਿਰ ਦੇ ਰਾਹੀਂ ਪੰਜਾਬ ਦੇ ਹੱਕਾਂ, ਮੰਗਾਂ ਅਤੇ ਅਧਿਕਾਰਾਂ ਦੀ ਪ੍ਰਾਪਤੀ ਲਈ ਵੱਡਾ ਸੰਘਰਸ਼ ਕੀਤਾ ਜਾ ਰਿਹਾ ਹੈ। ਇਸ ਮੌਕੇ ਗੁਰਬੀਰ ਸਿੰਘ ਧੀਰਾ ਯੂਥ ਪ੍ਰਧਾਨ ਜ਼ਿਲ੍ਹਾ ਮੋਹਾਲੀ , ਸੁਖਵਿੰਦਰ ਸਿੰਘ, ਬਲਜੀਤ ਸਿੰਘ ਬਿੱਲਾ ਅਤੇ ਦੁਰਲੱਭ ਸਿੰਘ ਹਾਜ਼ਰ ਰਹੇ।

# ਪੰਜਾਬ ਸਰਕਾਰ ਪਿੰਡਾਂ 'ਚ ਸਰਬਪੱਖੀ ਵਿਕਾਸ ਲਈ ਵਚਨਬੱਧ : ਡਾ. ਰਵਜੋਤ ਸਿੰਘ



**ਹੁਸ਼ਿਆਰਪੁਰ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਨੇੜਲੇ ਪਿੰਡ ਫਤਹਿਪੁਰ ਵਿਖੇ ਛੱਪੜ ਦੇ ਨਵੀਨੀਕਰਨ ਅਤੇ ਹੋਰਨਾਂ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਵਿਕਾਸ ਕਾਰਜਾਂ ਲਈ ਲਗਾਤਾਰ ਫੰਡ ਜਾਰੀ ਕੀਤੇ ਜਾ ਰਹੇ ਹਨ। ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਦਿਆਂ ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸੂਬੇ ਦੇ ਹਰ ਖੇਤਰ ਵਿਚ ਪਿਛਲੇ ਚਾਰ ਸਾਲਾਂ ਦੌਰਾਨ ਅਥਾਹ ਵਿਕਾਸ ਹੋਇਆ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਅਤੇ ਸਿਹਤ ਖੇਤਰ ਨੂੰ ਤਵੱਜੋਂ ਦਿੰਦਿਆਂ ਪੰਜਾਬ ਸਰਕਾਰ ਨੇ ਆਮ ਲੋਕਾਂ ਲਈ ਵੱਡੀਆਂ ਸਹੂਲਤਾਂ ਨੂੰ ਯਕੀਨੀ ਬਣਾਇਆ ਹੈ ਅਤੇ ਆਉਂਦੇ ਸਮੇਂ ਵਿਚ ਵੀ ਇਹ ਲੜੀ ਇਸੇ ਤਰ੍ਹਾਂ ਬਰਕਰਾਰ ਰਹੇਗੀ। ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਛੱਪੜ ਦੇ ਨਵੀਨੀਕਰਨ ਅਤੇ ਬਾਕੀ ਵਿਕਾਸ ਕਾਰਜਾਂ ਦੇ ਮੁਕੰਮਲ ਹੋਣ ਨਾਲ ਪਿੰਡ ਦੀ ਨੁਹਾਰ ਨੂੰ ਨਵਾਂ ਰੂਪ ਮਿਲੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਹੋਰਨਾਂ ਪਿੰਡਾਂ ਵਿਚ ਵੀ ਲੋੜੀਂਦੇ ਵਿਕਾਸ ਕਾਰਜਾਂ ਦੀ ਰਫ਼ਤਾਰ ਨੂੰ ਹੋਰ ਤੇਜ਼ ਕਰਦਿਆਂ ਲੋਕਪੱਖੀ ਕਾਰਜ ਕਰਵਾਏ ਜਾਣਗੇ।

# ਆਪ ਵਿਚਾਰਧਾਰਾਹੀਨ ਪਾਰਟੀ ਲੋਕਾਂ ਦਾ ਕੁਝ ਨਹੀਂ ਸਵਾਰ ਸਕਦੀ :ਮਹੰਤ ਖਨੌੜਾ

**ਪਟਿਆਲਾ, 27 ਮਾਰਚ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**



ਸੂਬੇ ਅੰਦਰ ਲੋਕਾਂ ਨੂੰ ਵੱਡੇ ਵੱਡੇ ਵਾਅਦੇ ਕਰਕੇ ਗੁਮਰਾਹ ਕਰਨ ਵਾਲੀ ਆਮ ਆਦਮੀ ਵਿਚਾਰਧਾਰਾਹੀਨ ਪਾਰਟੀ ਹੈ ਜਿਸ ਤੇ ਪੰਜਾਬ ਦੇ ਲੋਕਾਂ ਨੂੰ ਜਿਆਦਾ ਭਰੋਸਾ ਕਰਨ ਦੀ ਲੋੜ ਨਹੀਂ ਕਿਉਂਕਿ ਇਸ ਪਾਰਟੀ ਨੇ ਸੂਬੇ ਅਤੇ ਦੇਸ਼ ਅੰਦਰ ਝੂਠ ਦੀ ਰਾਜਨੀਤੀ ਤੋਂ ਇਲਾਵਾ ਕੁਝ ਨਹੀਂ ਕੀਤਾ ਅਤੇ ਨਾ ਹੀ ਇਸ ਪਾਰਟੀ ਦਾ ਕੋਈ ਮੁੱਖ ਏਜੰਡਾ ਹੈ ਜੋ ਲੋਕਾਂ ਅੱਗੇ ਲਿਜਾ ਸਕੇ ਕਿਉਂਕਿ ਪਿਛਲੇ ਚਾਰ ਸਾਲ ਤੋਂ ਵੱਧ ਸਮਾਂ ਸੂਬੇ ਅੰਦਰ ਆਪ ਸਰਕਾਰ ਦਾ ਹੋ ਚੁੱਕਿਆ ਹੈ ਜਿੱਥੇ ਆਪ ਸਰਕਾਰ ਵੱਲੋਂ ਪੰਜਾਬ ਦਾ ਅਤੇ ਲੋਕਾਂ ਦਾ ਕੁਝ ਨਹੀਂ ਸਵਾਰਿਆ ਗਿਆ ਪਾਰਟੀ ਦੀ ਝੂਠ ਵਾਲੀ ਰਾਜਨੀਤੀ ਤੋਂ ਪੰਜਾਬ ਦੇ ਲੋਕ ਬੇਹ ਦੁਖੀ ਚੱਲ ਰਹੇ ਹਨ।

ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਮਹੰਤ ਹਰਵਿੰਦਰ ਖਨੌੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ ਮਹੰਤ ਖਨੌੜਾ ਨੇ ਕਿਹਾ ਕਿ ਜਿੱਥੇ ਦੇਸ਼ ਅੰਦਰ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਨਿਤ ਦਿਨ ਹਰ ਵਸਤੂ ਅੰਦਰ ਕੀਤੀ ਯਾਰੀ ਰਿਕਾਰਡ ਤੋੜ ਮਹਿੰਗਾਈ ਮਾਰ ਦੇਸ਼ ਦੇ ਲੋਕ ਚੱਲ ਰਹੇ ਹਨ ਉਥੇ ਹੀ ਪੰਜਾਬ ਦੇ ਲੋਕ ਵੀ ਮੌਜੂਦਾ ਸਰਕਾਰ ਦੀਆਂ ਮਾੜੀਆਂ ਨੀਤੀਆਂ ਤੋਂ ਬੇਹ ਦੁਖੀ ਹਨ ਉਨਾ ਕਿਹਾ ਕੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਟੇਜਾਂ ਤੋਂ ਵੱਡੀਆਂ ਵੱਡੀਆਂ ਗੱਲਾਂ ਕਰਨ ਦੇ ਦਮਗਜੇ ਮਾਰ ਰਹੇ ਹਨ ਜਿਨਾਂ ਦਾ ਇਹਨਾ ਗੱਲਾਂ ਨਾਲ ਕੋਈ ਸ਼ਾਹੂਕਾਰ ਨਹੀਂ ਉਸੇ ਤਰ੍ਹਾਂ ਹੁਣ ਸੂਬੇ ਅੰਦਰ ਸਭ ਤੋਂ ਲੰਮਾ ਸਮਾਂ ਰਾਜ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਸਟੇਜਾਂ ਤੇ ਲੋਕਾਂ ਨੂੰ ਗੁਮਰਾਹ ਕਰਨ ਲਈ ਬੜੇ ਬੜੇ ਝੂਠ ਬੋਲ ਕੇ ਜੋ ਲੋਕਾਂ ਨਾਲ ਲਾਰੇ ਲਾਉਣ ਗੱਪ ਛੱਡ ਰਹੇ ਹਨ।

# ਬਠਿੰਡਾ ਨੂੰ ਨੰਬਰ ਇੱਕ ਸਾਫ਼-ਸੁਥਰਾ ਸ਼ਹਿਰ ਬਣਾਉਣ ਦੇ ਮਿਸ਼ਨ 'ਚ ਜੁਟੇ ਮੇਅਰ ਪਦਮਜੀਤ ਮਹਿਤਾ

**ਬਠਿੰਡਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼ਹਿਰ ਨੂੰ ਸਾਫ਼-ਸੁਥਰਾ ਅਤੇ ਸੁੰਦਰ ਬਣਾਉਣ ਸਮੇਤ ਪੰਜਾਬ ਅਤੇ ਦੇਸ਼ ਭਰ ਵਿੱਚ ਸਫਾਈ ਮੁਹਿੰਮ ਵਿੱਚ ਇੱਕ ਵਾਰ ਫਿਰ ਨੰਬਰ ਇੱਕ ਸਥਾਨ ਪ੍ਰਾਪਤ ਕਰਨ ਲਈ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਪੂਰੀ ਨਗਰ ਨਿਗਮ ਟੀਮ ਦੇ ਨਾਲ ਮਿਲ ਕੇ ਕਮਰ ਕੱਸ ਲਈ ਹੈ। ਇਸ ਲੜੀ ਤਹਿਤ ਘਰਾਂ ਵਿੱਚੋਂ ਕੂੜਾ ਇਕੱਠਾ ਕਰਨ ਦੀ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਦੇ ਹੋਏ, ਅੱਜ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਸੀਨੀਅਰ ਡਿਪਟੀ ਮੇਅਰ ਸ੍ਰੀ ਸ਼ਾਮ ਲਾਲ ਜੈਨ ਅਤੇ ਕੌਂਸਲਰ ਸਾਹਿਬਾਨਾਂ ਨਾਲ ਮਿਲ ਕੇ 15 ਨਵੀਆਂ ਟਰੈਕਟਰ-ਟਰਾਲੀਆਂ ਨੂੰ ਹਰੀ ਝੰਡੀ ਦਿਖਾਈ। ਇਨ੍ਹਾਂ ਟਰਾਲੀਆਂ ਦੀਆਂ ਚਾਬੀਆਂ ਸੈਨੇਟਰੀ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸੌਂਪਦਿਆਂ ਸ਼ਹਿਰ ਵਾਸੀਆਂ ਦੀ ਸੇਵਾ ਲਈ ਸਮਰਪਿਤ ਕੀਤਾ ਗਿਆ।

ਮੇਅਰ ਨੇ ਦੱਸਿਆ ਕਿ ਪਹਿਲਾਂ, 15 ਟਰੈਕਟਰ-ਟਰਾਲੀਆਂ ਕਿਰਾਏ 'ਤੇ ਲਈਆਂ ਸਨ, ਜਿਨ੍ਹਾਂ ਨੂੰ ਸਿਰਫ਼ ਇੱਕ ਸ਼ਿਫਟ ਵਿੱਚ ਚਲਾਇਆ ਜਾਂਦਾ ਸੀ। ਹੁਣ, ਲਗਭਗ 75 ਲੱਖ ਰੁਪਏ ਦੀ ਲਾਗਤ ਨਾਲ ਖਰੀਦੀਆਂ ਗਈਆਂ ਇਹ 15 ਟਰੈਕਟਰ-ਟਰਾਲੀਆਂ ਦੋ ਸ਼ਿਫਟਾਂ ਵਿੱਚ ਚੱਲਣਗੀਆਂ, ਜਿਸ ਨਾਲ ਸ਼ਹਿਰ ਦੀ ਕੂੜਾ ਇਕੱਠਾ ਕਰਨ ਦੀ ਸਮੱਸਿਆ ਵਿੱਚ ਕਾਫ਼ੀ ਕਮੀ ਆਵੇਗੀ। ਨਵੀਆਂ ਟਰਾਲੀਆਂ ਦੇ ਸੰਚਾਲਨ ਨਾਲ ਕੰਮ ਦੀ ਗਤੀ ਦੁੱਗਣੀ ਹੋ ਜਾਵੇਗੀ ਅਤੇ ਸੈਨੀਟੇਸ਼ਨ ਪ੍ਰਣਾਲੀ ਹੋਰ ਮਜ਼ਬੂਤ ਹੋਵੇਗੀ।

ਇਸ ਦੌਰਾਨ ਮੇਅਰ ਸ੍ਰੀ ਮਹਿਤਾ ਅਤੇ ਸੀਨੀਅਰ ਡਿਪਟੀ ਮੇਅਰ ਸ੍ਰੀ ਜੈਨ ਦੇ ਨਾਲ ਨਗਰ ਨਿਗਮ ਦੇ ਸਹਾਇਕ ਕਮਿਸ਼ਨਰ ਸ੍ਰੀ ਸੁਨੀਲ ਮਹਿਤਾ, ਕਾਰਜਕਾਰੀ ਇੰਜੀਨੀਅਰ ਸ੍ਰੀ ਨੀਰਜ ਕੁਮਾਰ, ਮੁੱਖ ਸੈਨੇਟਰੀ ਇੰਸਪੈਕਟਰ ਸ਼੍ਰੀ ਸੰਦੀਪ ਕਟਾਰੀਆ, ਸ੍ਰੀ ਸੁਰੇਸ਼ ਸੇਤੀਆ ਅਤੇ ਸਾਰੇ ਕੌਂਸਲਰ ਸਾਹਿਬਾਨ ਮੌਜੂਦ ਸਨ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕਿਹਾ ਕਿ ਬਠਿੰਡਾ ਪਹਿਲਾਂ ਸਫਾਈ ਮੁਹਿੰਮ ਵਿੱਚ ਪੰਜਾਬ ਵਿੱਚ ਪਹਿਲੇ ਸਥਾਨ 'ਤੇ ਰਿਹਾ ਹੈ ਅਤੇ ਹੁਣ ਸਰਵੇਖਣ ਦੁਬਾਰਾ ਸ਼ੁਰੂ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਗਰ ਨਿਗਮ ਦੀ ਪੂਰੀ ਟੀਮ ਅਤੇ ਸੈਨੀਟੇਸ਼ਨ ਵਿਭਾਗ ਦੀ ਸਖ਼ਤ ਮਿਹਨਤ ਨਾਲ, ਇਸ ਵਾਰ ਵੀ ਬਠਿੰਡਾ ਨੂੰ ਪਹਿਲੇ ਸਥਾਨ 'ਤੇ ਲਿਆਉਣ ਦਾ ਟੀਚਾ ਹੈ। ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਨਗਰ ਨਿਗਮ ਅਤੇ ਸੈਨੀਟੇਸ਼ਨ ਵਿਭਾਗ ਦੀ ਸਖ਼ਤ ਮਿਹਨਤ ਰਾਹੀਂ, ਬਠਿੰਡਾ ਨਾ ਸਿਰਫ਼ ਪੰਜਾਬ ਵਿੱਚ, ਸਗੋਂ ਦੇਸ਼ ਭਰ ਵਿੱਚ ਪਹਿਲੇ ਸਥਾਨ 'ਤੇ ਪਹੁੰਚ ਜਾਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ, ਪੰਜਾਬ ਨੂੰ ÷ਰੰਗਲਾ ਪੰਜਾਬ÷ ਬਣਾਉਣ ਅਤੇ ਬਠਿੰਡਾ ਨੂੰ ਇੱਕ ਵਿਕਸਤ ਸ਼ਹਿਰ ਵਜੋਂ ਸਥਾਪਤ ਕਰਨ ਲਈ ਸਾਰੇ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ। ਮੇਅਰ ਨੇ ਕਿਹਾ ਕਿ ਬਠਿੰਡਾ ਨੂੰ ਇੱਕ ਆਧੁਨਿਕ ਅਤੇ ਸਾਫ਼-ਸੁਥਰਾ ਸ਼ਹਿਰ ਬਣਾਉਣਾ ਉਨ੍ਹਾਂ ਦਾ ਅਤੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦਾ ਸਾਂਝਾ ਸੁਪਨਾ ਹੈ ਅਤੇ ਇਸਨੂੰ ਸਾਕਾਰ ਕਰਨ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ।

ਅੰਤ ਵਿੱਚ, ਮੇਅਰ ਸ੍ਰੀ ਮਹਿਤਾ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ-ਦੁਆਲੇ ਨੂੰ ਸਾਫ਼ ਰੱਖਣ ਅਤੇ ਕੂੜੇ ਦਾ ਨਿਪਟਾਰਾ ਸਿਰਫ਼ ਨਿਰਧਾਰਤ ਖੇਤਰਾਂ ਵਿੱਚ ਹੀ ਕਰਨ, ਤਾਂ ਜੋ ਬਠਿੰਡਾ ਨੂੰ ਦੇਸ਼ ਦਾ ਇੱਕ ਆਦਰਸ਼ ਅਤੇ ਨੰਬਰ ਇੱਕ ਸਾਫ਼ ਸ਼ਹਿਰ ਬਣਾਉਣ ਵਿੱਚ ਸ਼ਹਿਰ ਵਾਸੀਆਂ ਦਾ ਯੋਗਦਾਨ ਪਹਿਲਾਂ ਵਾਂਗ ਜਾਰੀ ਰਹਿ ਸਕੇ।

## ਮੁਹਾਲੀ 'ਚ ਬਣੇਗੀ ਪਹਿਲੀ ਐਗਰੀ-ਫੂਡ ਬਾਇਓਫਾਊਂਡਰੀ

# ਵਿਗਿਆਨ ਅਤੇ ਤਕਨਾਲੋਜੀ ਕੇਂਦਰੀ ਰਾਜ ਮੰਤਰੀ ਡਾ. ਜਿਤੇਂਦਰ ਸਿੰਘ ਨੇ ਨੀਂਹ ਪੱਥਰ ਰੱਖਿਆ



**ਮੁਹਾਲੀ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਵਿਗਿਆਨ ਅਤੇ ਤਕਨਾਲੋਜੀ ਰਾਜ ਮੰਤਰੀ ਡਾ. ਜਿਤੇਂਦਰ ਸਿੰਘ ਨੇ ਅੱਜ ਮੁਹਾਲੀ ਦੀ ਨੈਸ਼ਨਲ ਐਗਰੀ ਫੂਡ ਅਤੇ ਬਾਇਓ ਨਿਰਮਾਣ ਸੰਸਥਾ (ਨਾਬੀ) ਵਿੱਚ ਦੇਸ਼ ਦੀ ਪਹਿਲੀ ਸਮਰਪਿਤ ਐਗਰੀ-ਫੂਡ ਬਾਇਓਫਾਊਂਡਰੀ ਦਾ ਨੀਂਹ ਪੱਥਰ ਰੱਖਿਆ। ਕਰੀਬ 42 ਕਰੋੜ ਰੁਪਏ ਦੀ ਲਾਗਤ ਵਾਲਾ ਇਹ ਪ੍ਰਾਜੈਕਟ ਅਗਲੇ ਦੋ ਸਾਲਾਂ ਵਿੱਚ ਮੁਕੰਮਲ ਹੋਵੇਗਾ।

ਇਹ ਬਾਇਓਫਾਊਂਡਰੀ ਉੱਚ ਪੱਧਰੀ ਬਾਇਓਮੈਨਿਊਫੈਕਚਰਿੰਗ ਪ੍ਰਕਿਰਿਆਵਾਂ ਨੂੰ ਵਿਕਸਿਤ ਕਰਨ ਅਤੇ ਉਨ੍ਹਾਂ ਨੂੰ ਉਦਯੋਗਿਕ ਪੱਧਰ 'ਤੇ ਲਿਜਾਣ ਲਈ ਕੌਮੀ ਮੰਚ ਵਜੋਂ ਕੰਮ ਕਰੇਗੀ। ਡਾ. ਜਿਤੇਂਦਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕਿਹਾ ਕਿ ਇਹ ਸਹੂਲਤ ਲੈਬੋਰਟਰੀ ਵਿੱਚ ਹੋ ਰਹੀ ਖੋਜ ਅਤੇ ਉਦਯੋਗਿਕ ਉਤਪਾਦਨ ਵਿਚਕਾਰ ਪਾਏ ਜਾਂਦੇ ਪਾੜੇ ਨੂੰ ਘਟਾਵੇਗੀ ਅਤੇ ਭਾਰਤ ਦੀ ਬਾਇਓ ਅਰਥਵਿਵਸਥਾ ਨੂੰ ਮਜ਼ਬੂਤ ਕਰੇਗੀ। ਉਨ੍ਹਾਂ ਕਿਹਾ ਕਿ ਸਮਾਰਟ ਪ੍ਰੋਟੀਨ ਭਵਿੱਖ ਦੀ ਖ਼ੁਰਾਕ ਪ੍ਰਣਾਲੀ ਲਈ ਟਿਕਾਊ ਹੱਲ ਸਾਬਤ ਹੋ ਸਕਦੇ ਹਨ। ਇਹ ਪ੍ਰਾਜੈਕਟ ਨਵੇਂ ਸਟਾਰਟਅੱਪ ਨੂੰ ਹੁਲਾਰਾ ਦੇਣ ਦੇ ਨਾਲ-ਨਾਲ ਨੌਜਵਾਨਾਂ ਲਈ ਰੁਜ਼ਗਾਰ ਅਤੇ ਹੁਨਰ ਵਿਕਾਸ ਦੇ ਮੌਕੇ ਪੈਦਾ ਕਰੇਗਾ। ਸਵਾਗਤੀ ਭਾਸ਼ਣ ਵਿੱਚ ਨਾਬੀ ਦੇ ਕਾਰਜਕਾਰੀ ਨਿਰਦੇਸ਼ਕ, ਪ੍ਰੋ. ਅਸ਼ਵਨੀ ਪਾਰੀਕ ਨੇ ਕਿਹਾ ਕਿ ਭਾਰਤ ਸਫਲਤਾਪੂਰਵਕ ਭੋਜਨ ਦੀ ਕਮੀ ਤੋਂ ਸਵੈ-ਨਿਰਭਰਤਾ ਵੱਲ ਵਧਿਆ ਹੈ ਅਤੇ ਹੁਣ ਟਿਕਾਊ ਤੇ ਵਿਗਿਆਨ-ਅਧਾਰਤ ਭੋਜਨ ਪ੍ਰਣਾਲੀਆਂ ਰਾਹੀਂ ਪੋਸ਼ਣ ਸੁਰੱਖਿਆ ਪ੍ਰਾਪਤ ਕਰਨ ਦਾ ਟੀਚਾ ਰੱਖਦਾ ਹੈ।

ਇਸ ਮੌਕੇ ਡਾ. ਵੈਸ਼ਾਲੀ ਪੰਜਾਬੀ ਨੇ ਆਪਣਾ ਕੁੰਜੀਵਤ ਭਾਸ਼ਣ ਦਿੱਤਾ। ਇਸ ਮੌਕੇ ਡਾ. ਸੰਜੀਵ ਖੋਸਲਾ, ਡਾ. ਹਰਿੰਦਰ ਓਬਰਾਏ, ਡਾ. ਅਮਿਤ ਕੁਮਾਰ ਤ੍ਰਿਪਾਠੀ, ਡਾ. ਅਨਿਰਬਾਨ ਰਾਏ ਚੌਧਰੀ, ਡਾ. ਰਵੀ ਔਡਿਚਿਆ, ਡਾ. ਵਿਹੰਗ ਘਲਸਾਸੀ ਹਾਜ਼ਰ ਸਨ।

# ਅਗਰਵਾਲ ਸਭਾ ਵੱਲੋਂ ਨਵਾਂ ਸੰਮਤ ਤੇ ਏਕਮ ਦਾ ਦਿਹਾੜਾ ਧੂਮਧਾਮ ਨਾਲ ਮਨਾਇਆ



**ਸੁਨਾਮ ਊਧਮ ਸਿੰਘ ਵਾਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅਗਰਵਾਲ ਸਭਾ (ਰਜਿ.) ਸੁਨਾਮ ਵੱਲੋਂ ਹਰ ਦੇਸੀ ਮਹੀਨੇ ਦੀ ਪਹਿਲੀ ਤਾਰੀਕ ਨੂੰ ਮਨਾਇਆ ਜਾਣ ਵਾਲਾ ਏਕਮ ਦਾ ਦਿਹਾੜਾ ਅਤੇ ਨਵਾਂ ਬਿਕ੍ਰਮੀ ਸੰਮਤ 2083 ਤੇ ਨਰਾਤਿਆਂ ਦੀ ਸੁ ?ਰੂਆਤ ਦਾ ਦਿਹਾੜਾ ਬੜੀ ਧੂਮਧਾਮ ਨਾਲ ਮਹਾਰਾਜਾ ਅਗਰਸੇਨ ਚੌਂਕ ਵਿੱਖੇ ਮਨਾਇਆ ਗਿਆ।

ਇਸ ਮੌਕੇ ਤੇ ਪੂਜਾ ਅਰਚਨਾ ਤੇ ਭੋਗ ਪ੍ਰਸਾ ?ਦ ਦੀ ਸੇਵਾ ਰਿਟਾ, ਸੀਨੀਅਰ ਫਾਰਮਾਸਿਸਟ ਡਾ, ਸੱਤ ਪਾਲ ਗਰਗ ਧਰਮਗੜ ਵਾਲਿਆਂ ਦੇ ਪ੍ਰੀਵਾਰ ਵੱਲੋਂ ਕੀਤੀ ਗਈ। ਇਸ ਮੌਕੇ ਤੇ ਭਾਰੀ ਗਿਣਤੀ ਵਿੱਚ ਇਕੱਠੇ ਹੋਏ ਅਗਰਵਾਲ ਭੈਣਾਂ ਭਰਾਵਾਂ ਨੂੰ ਸੰਬੋਧਨ ਕਰਦਿਆਂ ਅਗਰੋਹਾ ਵਿਕਾਸ ਟਰੱਸਟ ਪੰਜਾਬ ਦੇ ਸਪੋਕਸਮੈਨ ਮਨਪ੍ਰੀਤ ਬਾਂਸਲ, ਅਗਰਵਾਲ ਸਭਾ ਦੇ ਪ੍ਰਧਾਨ ਵਿਕਰਮ ਗਰਗ ਵਿਕੀ ਅਤੇ ਸਰਪ੍ਰਸਤ ਕ੍ਰਿਸ਼ਨ ਸੰਦੋਹਾ ਨੇ ਗਰਗ ਪ੍ਰੀਵਾਰ ਦਾ ਧੰਨਵਾਦ ਕੀਤਾ ਤੇ ਅਰਦਾਸ ਕੀਤੀ ਪ੍ਰਮਾਤਮਾ ਪ੍ਰੀਵਾਰ ਨੂੰ ਹਮੇਸ਼ਾ ਚੜਦੀਕਲਾ ਵਿੱਚ ਰੱਖੇ ਤੰਦਰੁਸਤੀਆਂ ਬਖਸੇ ?, ਘਰ ਪ੍ਰੀਵਾਰ ਵਿੱਚ ਸੁੱਖ ਸਾਂਤੀ ਤੇ ਪ੍ਰੇਮ ਪਿਆਰ ਬਣਿਆ ਰਹੇ। ਅਗਰਵਾਲ ਭੈਣਾਂ ਭਰਾਵਾਂ ਨੂੰ ਬੇਨਤੀ ਕੀਤੀ ਗਈ ਕੇ ਹਰ ਮਹੀਨੇ ਏਕਮ ਦੇ ਦਿਹਾੜੇ ਤੇ ਵੱਧ ਤੋਂ ਵੱਧ ਗਿਣਤੀ ਵਿੱਚ ਸਾ ?ਮਲ ਹੋਇਆ ਕਰਨ।

ਇਸ ਤੋਂ ਇਲਾਵਾ ਹਰ ਪ੍ਰੀਵਾਰ ਨੂੰ ਆਪਣੇ ਘਰਾਂ ਅੰਦਰ ਪੂਜਾ ਸਥਾਨ ਵਿੱਚ ਮਹਾਰਾਜਾ ਅਗਰਸੇਨ ਜੀ ਦੀ ਇੱਕ ਫੋਟੋ ਲਾ ਕੇ ਬਾਕੀ ਦੇਵੀ ਦੇਵਤਿਆਂ ਨਾਲ ਆਪਣੇ ਵੱਡ ਵਡੇਰਿਆਂ ਦੀ ਪੂਜਾ ਵੀ ਕਰਿਆ ਕਰਨ। ਇਸ ਮੌਕੇ ਤੇ ਬੁਲਾਰਿਆਂ ਨੇ ਨਵੇਂ ਸੰਮਤ, ਨਰਾਤੇ ਤੇ ਏਕਮ ਦੀ ਸਾਰਿਆਂ ਨੂੰ ਵਧਾਈ ਦਿੱਤੀ।

ਇਸ ਮੌਕੇ ਤੇ ਪ੍ਰਧਾਨ ਵਿਕਰਮ ਗਰਗ ਵਿਕੀ, ਹਰੀ ਦੇਵ ਗੋਇਲ, ਮਨਪ੍ਰੀਤ ਬਾਂਸਲ, ਕ੍ਰਿਸ਼ਨ ਸੰਦੋਹਾ, ਰਾਮ ਲਾਲ ਰਾਮਾ ਆਲਮਪੁਰੀਆ, ਹਕੂਮਤ ਰਾਏ ਜਿੰਦਲ, ਪ੍ਰਭਾਤ ਜਿੰਦਲ, ਸ਼ਿਵ ਜਿੰਦਲ, ਮਾਸਟਰ ਰਾਜੀਵ ਬਿੰਦਲ, ਡਾ, ਸੱਤਪਾਲ ਗਰਗ, ਰਾਮ ਲਾਲ ਭੁਟਾਲੀਆ, ਪਵਨ ਜਿੰਦਲ ਫਾਰਮਾਸਿਸਟ, ਸੰਕਰ ਬਾਂਸਲ, ਕੇਵਲ ਕ੍ਰਿਸ਼ਨ ਮੈਨੇਜਰ, ਲਾਜਪਤ ਰਾਏ ਗਰਗ, ਮਨੀਸ਼ ਗਰਗ ਮੋਨੂੰ, ਚਿਰਾਗ ਗਰਗ,ਸਾ ?ਮ ਲਾਲ ਵਕੀਲ, ਆਰ ਡੀ ਕਾਂਸਲ, ਗਿਆਨ ਚੰਦ ਗੁਪਤਾ, ਗੌਰਵ ਜਨਾਲੀਆ, ਯਸ਼ਪਾਲ ਸਿੰਗਲਾ, ਰਾਜਿੰਦਰ ਸਿੰਗਲਾ ਕਾਲਾ ਧਰਮਗੜ, ਸੁਰੇਸ਼ ਜਿੰਦਲ ਐਡਵੋਕੇਟ, ਮੁਕੇਸ਼ ਗਰਗ, ਧੀਰਜ ਗੋਇਲ, ਅਜੈ ਜਿੰਦਲ ਮਸਤਾਨੀ, ਕਾਲਾ ਨਾਗਰਾ ਭੀਮ ਸੈਨ ਧਰਮਗੜ, ਵਿਮਲ ਜੈਨ, ਗਿਰਧਾਰੀ ਲਾਲ ਜਿੰਦਲ, ਜੀਵਨ ਰੌਕੀ, ਨਰੇਸ਼ ਸਿੰਗਲਾ ਭੁਟਾਲੀਆ, ਸੰਜੀਵ ਜਿੰਦਲ, ਰਾਜ ਕੁਮਾਰ ਗੋਇਲ,ਮਹਿੰਦਰ ਜੈਨ,ਪ੍ਰਦੀਪ ਬਾਂਸਲ, ਸੁ ?ਭਮ ਜੈਨ,ਯਸ਼ਪਾਲ ਗਰਗ, ਨਵੀਨ ਗਰਗ, ਸੰਦੀਪ ਗਰਗ,ਰਮਨ ਗਰਗ, ਬਲਦੇਵ ਕ੍ਰਿਸ਼ਨ ਸਿੰਗਲਾ,ਅਮਨ ਬਾਂਸਲ, ਖੁਸ਼ਦੀਪ ਬਾਂਸਲ, ਰਵੀ ਸਿੰਗਲਾ, ਪ੍ਰੇਮ ਕੁਮਾਰ ਗੋਇਲ, ਭੁਪੇਸ਼ ਗੋਇਲ, ਰਾਜ ਕੁਮਾਰ ਸਿੰਗਲਾ ਫਾਰਮੇਸੀ ਅਫਸਰ, ਸੁਧੀਰ ਸਿੰਗਲਾ ਫਾਰਮੇਸੀ ਅਫਸਰ, ਤਰਸੇਮ ਗੋਇਲ, ਜੀਵਨ ਗਰਗ ਐਸ, ਡੀ, ਓ, ਧੀਰਜ ਬਾਂਸਲ, ਅਮਰ ਗਰਗ, ਜੈਪਾਲ ਗਰਗ, ਸ੍ਰੀਮਤੀ ਸਲੋਚਣਾ ਦੇਵੀ, ਅਨੀਤਾ ਗਰਗ, ਚੰਚਲ ਬਾਂਸਲ, ਕਵਿਤਾ ਬਾਂਸਲ, ਕਵਿਤਾ ਗੋਇਲ, ਸੀਮਾ ਜਿੰਦਲ, ਦਰਸ਼ਨਾ ਦੇਵੀ ਤੇ ਕਮਲੇਸ਼ ਗਰਗ ਸਮੇਤ ਭਾਰੀ ਗਿਣਤੀ ਵਿੱਚ ਅਗਰਵਾਲ ਭੈਣ ਭਰਾ ਹਾਜਰ ਸਨ।

# ਸਿਵਲ ਹਸਪਤਾਲ ਅਮਰਗੜ੍ਹ ਵਿੱਚ ਵਰਲਡ ਓਰਲ ਹੈਲਥ ਡੇਅ ਮਨਾਇਆ

**ਮਲੇਰਕੋਟਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਵੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਦੰਦਾਂ ਦੀ ਸਿਹਤ ਪ੍ਰਤੀ ਜਾਗਰੂਕਤਾ ਵਧਾਉਣ ਲਈ ਜ਼ਿਲ੍ਹੇ ਦੀਆਂ ਵੱਖ-ਵੱਖ ਸਿਹਤ ਸੰਸਥਾਵਾਂ ਵਿਖੇ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਇਸੇ ਕੜੀ ਤਹਿਤ ਸਿਵਲ ਸਰਜਨ ਮਾਲੇਰਕੋਟਲਾ ਡਾ. ਪ੍ਰਦੀਪ ਕੁਮਾਰ ਦੀਆਂ ਹਦਾਇਤਾਂ ਅਨੁਸਾਰ ਸਿਵਲ ਹਸਪਤਾਲ ਅਮਰਗੜ੍ਹ ਵਿਖੇ ਵਰਲਡ ਓਰਲ ਹੈਲਥ ਡੇਅ ਮਨਾਇਆ ਗਿਆ।

ਇਸ ਮੌਕੇ ਐੱਸ.ਐੱਮ.ਓ ਡਾ. ਅਮਨਦੀਪ ਕੌਰ ਦੀ ਅਗਵਾਈ ਹੇਠ ਕਰਵਾਏ ਗਏ ਸਮਾਗਮ ਦੌਰਾਨ ਆਸ਼ਾ ਵਰਕਰਾਂ ਅਤੇ ਸਥਾਨਕ ਲੋਕਾਂ ਨੂੰ ਮੂੰਹ ਦੀ ਸਫ਼ਾਈ ਅਤੇ ਦੰਦਾਂ ਦੀ ਸੰਭਾਲ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਮੂੰਹ ਦੀ ਸਫ਼ਾਈ ਸਿਰਫ ਦੰਦਾਂ ਦੀ ਸਿਹਤ ਹੀ ਨਹੀਂ, ਸਗੋਂ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਨਾਲ ਵੀ ਗਹਿਰਾ ਸਬੰਧ ਰੱਖਦੀ ਹੈ। ਇਸ ਮੌਕੇ ਲੋਕਾਂ ਨੂੰ ਦੰਦਾਂ ਦੀ ਸਹੀ ਦੇਖਭਾਲ ਲਈ ਪ੍ਰੇਰਿਤ ਕਰਦੇ ਹੋਏ ਸਹੁੰ ਵੀ ਚੁਕਾਈ ਗਈ।

# ਸਲਾਈਟ ਦੇ ਵਿਦਿਆਰਥੀਆਂ ਨੇ ਬੇਵਰੇਜ ਯੂਨਿਟ ਦਾ ਕੀਤਾ ਉਦਯੋਗਿਕ ਦੌਰਾ



**ਸੁਨਾਮ ਊਧਮ ਸਿੰਘ ਵਾਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੇ ਡਾਇਰੈਕਟਰ ਪ੍ਰੋ. ਮਨੀ ਕਾਂਤ ਪਾਸਵਾਨ ਦੇ ਉਤਸ਼ਾਹ ਅਤੇ ਸਮਰਥਨ ਨਾਲ ਫੂਡ ਇੰਜੀਨੀਅਰਿੰਗ ਵਿਭਾਗ ਦੇ ਅੰਤਿਮ ਸਾਲ ਦੇ ਡਿਪਲੋਮਾ ਵਿਦਿਆਰਥੀਆਂ ਨੇ ਸੰਗਰੂਰ ਦੇ ਫੋਕਲ ਪੁਆਇੰਟ ਨੇੜੇ ਸਥਿਤ ਇੱਕ ਪੀਣ ਵਾਲੇ ਪਦਾਰਥ ਨਿਰਮਾਣ ਯੂਨਿਟ, ਅਕੇਨ ਇੰਡੀਆ ਪ੍ਰਾਈਵੇਟ ਲਿਮਟਿਡ ਦਾ ਉਦਯੋਗਿਕ ਦੌਰਾ ਕੀਤਾ। ਇਸ ਦੌਰੇ ਦੌਰਾਨ ਵਿਦਿਆਰਥੀਆਂ ਨੂੰ ਪੀਣ ਵਾਲੇ ਪਦਾਰਥਾਂ ਦੇ ਉਤਪਾਦਨ ਪ੍ਰਕਿਰਿਆ ਦਾ ਇੱਕ ਵਿਆਪਕ ਸੰਖੇਪ ਜਾਣਕਾਰੀ ਦਿੱਤੀ ਗਈ। ਉਨ੍ਹਾਂ ਪ੍ਰੀਫਾਰਮ ਬਣਾਉਣ ਲਈ ਪਲਾਸਟਿਕ ਦੀਆਂ ਗੋਲੀਆਂ ਦੀ ਵਰਤੋਂ ਨੂੰ ਦੇਖਿਆ, ਜਿਨ੍ਹਾਂ ਨੂੰ ਬਾਅਦ ਵਿੱਚ ਬੋਤਲਾਂ ਵਿੱਚ ਢਾਲਿਆ ਜਾਂਦਾ ਹੈ। ਵਿਦਿਆਰਥੀਆਂ ਨੇ ਜੂਸ ਦੀ ਤਿਆਰੀ ਅਤੇ ਪ੍ਰੋਸੈਸਿੰਗ ਦੇ ਨਾਲ-ਨਾਲ ਆਧੁਨਿਕ ਪੈਕੇਜਿੰਗ ਤਕਨੀਕਾਂ ਜਿਵੇਂ ਕਿ ਟੈਟਰਾ ਪੈਕਿੰਗ ਅਤੇ ਗੈਰ-ਕਾਰਬੋਨੇਟਿਡ ਪੀਣ ਵਾਲੇ ਪਦਾਰਥਾਂ ਦੀ 250 ਮਿ.ਲੀ. ਬੋਤਲਿੰਗ ਬਾਰੇ ਵੀ ਸਮਝ ਪ੍ਰਾਪਤ ਕੀਤੀ।

ਸ਼੍ਰੀ ਸੁਵਿੰਦਰ ਕੁਆਲਿਟੀ ਅਸ਼ੋਰੈਂਸ ਸੁਪਰਵਾਈਜ਼ਰ ਅਤੇ ਸ਼ਾਹਰੁਖ ਖਾਨ ਪ੍ਰੋਡਕਸ਼ਨ ਸੁਪਰਵਾਈਜ਼ਰ ਵੱਲੋਂ ਤਕਨੀਕੀ ਕਾਰਜਾਂ ਅਤੇ ਗੁਣਵੱਤਾ ਭਰੋਸਾ ਅਭਿਆਸਾਂ ਬਾਰੇ ਵਿਸਥਾਰਪੂਰਵਕ ਦੱਸਿਆ। ਉਨ੍ਹਾਂ ਵਿਦਿਆਰਥੀਆਂ ਨੂੰ ਉਤਪਾਦਨ ਦੇ ਹਰੇਕ ਪੜਾਅ 'ਤੇ ਮਾਰਗਦਰਸ਼ਨ ਕੀਤਾ, ਉਦਯੋਗਿਕ ਸੈਟਿੰਗਾਂ ਵਿੱਚ ਸਫਾਈ, ਗੁਣਵੱਤਾ ਨਿਯੰਤਰਣ ਅਤੇ ਸੰਚਾਲਨ ਕੁਸ਼ਲਤਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਵਿਦਿਆਰਥੀਆਂ ਨੇ ਇਸ ਦੌਰੇ ਨੂੰ ਬਹੁਤ ਜਾਣਕਾਰੀ ਭਰਪੂਰ ਅਤੇ ਲਾਭਦਾਇਕ ਦੱਸਿਆ, ਕਿਉਂਕਿ ਇਸਨੇ ਉਨ੍ਹਾਂ ਨੂੰ ਅਸਲ-ਸੰਸਾਰ ਦੀ ਫੂਡ ਪ੍ਰੋਸੈਸਿੰਗ ਅਤੇ ਪੈਕੇਜਿੰਗ ਤਕਨਾਲੋਜੀਆਂ ਦਾ ਕੀਮਤੀ ਅਨੁਭਵ ਪ੍ਰਦਾਨ ਕੀਤਾ। ਇਹ ਦੌਰਾ ਵਿਭਾਗ ਮੁਖੀ ਪ੍ਰੋ. ਸੀ. ਐਸ. ਰਿਆੜ ਦੀ ਅਗਵਾਈ ਹੇਠ, ਪ੍ਰੋ. ਸੀ. ਐਸ. ਸੈਣੀ ਅਤੇ ਡਾ. ਤੇਜਿੰਦਰ ਕੌਰ ਨਾਲ ਕੀਤਾ ਗਿਆ। ਪ੍ਰੋ. ਰਿਆੜ ਨੇ ਕੰਪਨੀ ਵੱਲੋਂ ਦਿੱਤੇ ਗਏ ਸਹਿਯੋਗ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਦੇ ਵਿਹਾਰਕ ਗਿਆਨ ਅਤੇ ਉਦਯੋਗ ਦੀ ਤਿਆਰੀ ਨੂੰ ਵਧਾਉਣ ਵਿੱਚ ਅਜਿਹੇ ਉਦਯੋਗਿਕ ਦੌਰਿਆਂ ਦੀ ਮਹੱਤਤਾ ਨੂੰ ਉਜਾਗਰ ਕੀਤਾ।

# ਸਿਵਲ ਹਸਪਤਾਲ ਅਮਰਗੜ੍ਹ ਵਿੱਚ ਵਰਲਡ ਓਰਲ ਹੈਲਥ ਡੇਅ ਮਨਾਇਆ

## ➢ ਖੁਸ਼ ਮੂੰਹ ਖੁਸ਼ ਜ਼ਿੰਦਗੀ ਰਾਹੀਂ ਲੋਕਾਂ ਨੂੰ ਕੀਤਾ ਜਾਗਰੂਕ ➢ ਮੂੰਹ ਦੀ ਸਫ਼ਾਈ ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਅਤਿ ਜ਼ਰੂਰੀ: ਡਾ. ਅਮਨਦੀਪ ਕੌਰ

**ਮਲੇਰਕੋਟਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**




ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਵੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਦੰਦਾਂ ਦੀ ਸਿਹਤ ਪ੍ਰਤੀ ਜਾਗਰੂਕਤਾ ਵਧਾਉਣ ਲਈ ਜ਼ਿਲ੍ਹੇ ਦੀਆਂ ਵੱਖ-ਵੱਖ ਸਿਹਤ ਸੰਸਥਾਵਾਂ ਵਿਖੇ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਇਸੇ ਕੜੀ ਤਹਿਤ ਸਿਵਲ ਸਰਜਨ ਮਾਲੇਰਕੋਟਲਾ ਡਾ. ਪ੍ਰਦੀਪ ਕੁਮਾਰ ਦੀਆਂ ਹਦਾਇਤਾਂ ਅਨੁਸਾਰ ਸਿਵਲ ਹਸਪਤਾਲ ਅਮਰਗੜ੍ਹ ਵਿਖੇ ਵਰਲਡ ਓਰਲ ਹੈਲਥ ਡੇਅ ਮਨਾਇਆ ਗਿਆ।

ਇਸ ਮੌਕੇ ਐੱਸ.ਐੱਮ.ਓ ਡਾ. ਅਮਨਦੀਪ ਕੌਰ ਦੀ ਅਗਵਾਈ ਹੇਠ ਕਰਵਾਏ ਗਏ ਸਮਾਗਮ ਦੌਰਾਨ ਆਸ਼ਾ ਵਰਕਰਾਂ ਅਤੇ ਸਥਾਨਕ ਲੋਕਾਂ ਨੂੰ ਮੂੰਹ ਦੀ ਸਫ਼ਾਈ ਅਤੇ ਦੰਦਾਂ ਦੀ ਸੰਭਾਲ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਮੂੰਹ ਦੀ ਸਫ਼ਾਈ ਸਿਰਫ ਦੰਦਾਂ ਦੀ ਸਿਹਤ ਹੀ ਨਹੀਂ, ਸਗੋਂ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਨਾਲ ਵੀ ਗਹਿਰਾ ਸਬੰਧ ਰੱਖਦੀ ਹੈ। ਇਸ ਮੌਕੇ ਲੋਕਾਂ ਨੂੰ ਦੰਦਾਂ ਦੀ ਸਹੀ ਦੇਖਭਾਲ ਲਈ ਪ੍ਰੇਰਿਤ ਕਰਦੇ ਹੋਏ ਸਹੁੰ ਵੀ ਚੁਕਾਈ ਗਈ।

ਦੰਦਾਂ ਦੇ ਮਾਹਿਰ ਡਾ. ਰਮਨਦੀਪ ਸਿੰਘ ਨੇ ਖੁਸ਼ ਮੂੰਹ ਖੁਸ਼ ਜ਼ਿੰਦਗੀ ਥੀਮ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੂੰਹ ਦੀ ਸਿਹਤ ਅਤੇ ਮਨੁੱਖ ਦੀ ਕੁੱਲ ਜੀਵਨ ਗੁਣਵੱਤਾ ਵਿਚਕਾਰ ਸਿੱਧਾ ਸੰਬੰਧ ਹੈ। ਉਨ੍ਹਾਂ ਕਿਹਾ ਕਿ ਮੂੰਹ ਦੀ ਅਣਦੇਖੀ ਕਾਰਨ ਦੰਦਾਂ ਵਿੱਚ ਖੋੜ, ਮਸੂੜਿਆਂ ਦੀਆਂ ਬਿਮਾਰੀਆਂ ਅਤੇ ਦੰਦਾਂ ਦੇ ਨੁਕਸਾਨ ਵਰਗੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ, ਜੋ ਵਿਅਕਤੀ ਦੇ ਆਤਮਵਿਸ਼ਵਾਸ ਅਤੇ ਸਮਾਜਿਕ ਜੀਵਨ 'ਤੇ ਨਕਾਰਾਤਮਕ ਅਸਰ ਪਾਂਦੀਆਂ ਹਨ।

ਉਨ੍ਹਾਂ ਹੋਰ ਕਿਹਾ ਕਿ ਦੰਦਾਂ ਦੀਆਂ ਬਿਮਾਰੀਆਂ ਦਾ ਸਮੇਂ ਸਿਰ ਇਲਾਜ ਨਾ ਹੋਣ ਨਾਲ ਤਣਾਅ ਅਤੇ ਚਿੰਤਾ ਵਿੱਚ ਵਾਧਾ ਹੋ ਸਕਦਾ ਹੈ, ਜਿਸ ਨਾਲ ਜੀਵਨ ਦੀ ਗੁਣਵੱਤਾ ਪ੍ਰਭਾਵਿਤ ਹੁੰਦੀ ਹੈ। ਇਸ ਲਈ ਕਿਸੇ ਵੀ ਤਰ੍ਹਾਂ ਦੀ ਦੰਦਾਂ ਸੰਬੰਧੀ ਸਮੱਸਿਆ ਨੂੰ ਅਣਦੇਖਾ ਨਾ ਕੀਤਾ ਜਾਵੇ ਅਤੇ ਤੁਰੰਤ ਨਜ਼ਦੀਕੀ ਸਿਹਤ ਕੇਂਦਰ 'ਤੇ ਜਾਂਚ ਕਰਵਾਈ ਜਾਵੇ।

ਇਸ ਮੌਕੇ ਡਾ. ਗੁਰਵਿੰਦਰ ਸਿੰਘ, ਬਲਾਕ ਐਜੂਕੇਟਰ ਰਣਬੀਰ ਸਿੰਘ ਢੰਡੇ, ਫਾਰਮੇਸੀ ਅਫ਼ਸਰ ਰਮਨਦੀਪ ਸਿੰਘ, ਗੁਰਜੰਟ ਸਿੰਘ ਅਤੇ ਸਿਹਤ ਵਿਭਾਗ ਦਾ ਹੋਰ ਸਟਾਫ ਹਾਜ਼ਰ ਸੀ।

## ਸੰਪਾਦਕੀ

### ਇੱਛਾ [illegible] ਕਾਨੂੰਨ

ਅਜੋਕੀਆਂ ਨੈਤਿਕ ਧਾਰਨਾਵਾਂ ਮੰਗ ਕਰਦੀਆਂ ਹਨ ਕਿ ਮਰੀਜ਼ ਕਿੰਨੀ ਵੀ ਗੰਭੀਰ ਜਾਂ ਨਾ ਟਾਲੀ ਜਾ ਸਕਣ ਵਾਲੀ ਬਿਮਾਰੀ ਤੋਂ ਪੀੜਤ ਹੋਵੇ, ਡਾਕਟਰੀ ਅਮਲੇ ਨੇ ਮਰੀਜ਼ ਅਤੇ ਮੌਤ ਦੇ ਵਿਚਾਲੇ ਕੰਧ ਬਣ ਕੇ ਖੜ੍ਹਨਾ ਹੀ ਹੈ। ਛੋਟੇ ਤੋਂ ਛੋਟੇ ਅਤੇ ਵੱਡੇ ਤੋਂ ਵੱਡੇ ਇਲਾਜ ਨਾਲ ਜ਼ਿੰਦਗੀ ਨੂੰ 'ਹਾਂ' ਅਤੇ ਮੌਤ ਨੂੰ 'ਨਾਂਹ' ਕਹਿਣੀ ਹੈ। ਮੰਗਵੀਂ ਮੌਤ ਨਾ ਤਾਂ ਮੈਡੀਕਲ ਐਥਿਕਸ ਦਾ ਹਿੱਸਾ ਹੈ ਅਤੇ ਨਾ ਹੀ ਦੇਸ਼ ਦੇ ਕਾਨੂੰਨ ਦਾ। ਭਾਰਤੀ ਸੰਵਿਧਾਨ ਦੀ ਧਾਰਾ 21 ਤਾਂ ਸ਼ਾਨ ਨਾਲ ਜ਼ਿੰਦਗੀ ਜਿਊਣ ਦਾ ਹੱਕ ਦਿੰਦੀ ਹੈ, ਜਿਸ ਨੂੰ ਕਿਸੇ ਵੀ ਹਾਲਤ ਵਿੱਚ ਰੱਦ ਨਹੀਂ ਕੀਤਾ ਜਾ ਸਕਦਾ। ਹਰੀਸ਼ ਰਾਣਾ ਅਠਾਰਾਂ ਸਾਲ ਦਾ ਨੌਜਵਾਨ ਸੀ। ਉਸ ਨੇ ਇੰਜੀਨੀਅਰਿੰਗ ਦੀ ਪੜ੍ਹਾਈ ਕਰਦਿਆਂ ਪਤਾ ਨਹੀਂ ਕਿੰਨੇ ਸੁਪਨੇ ਸੰਜੋਏ ਹੋਣਗੇ, ਪਰ ਜਿੱਥੇ ਉਹ ਰਹਿ ਰਿਹਾ ਸੀ, ਉੱਥੇ ਉਹ ਚੌਥੀ ਮੰਜ਼ਿਲ ਤੋਂ ਡਿੱਗ ਪਿਆ। ਇਲਾਜ ਨੇ ਉਸ ਦੀ ਜ਼ਿੰਦਗੀ ਤਾਂ ਬਚਾਅ ਲਈ, ਪਰ ਦਿਮਾਗ਼ ਨਾ ਬਚਾਇਆ ਜਾ ਸਕਿਆ। ਲਗਪਗ ਤੇਰਾਂ ਸਾਲ ਉਹ ਸਾਹ ਤਾਂ ਲੈਂਦਾ ਰਿਹਾ, ਪਰ ਜ਼ਿੰਦਗੀ ਜਿਊਂ ਨਾ ਸਕਿਆ। ਸੁੱਧ-ਬੁੱਧ ਗੁਆ ਚੁੱਕੇ ਹਰੀਸ਼ ਨੂੰ ਖ਼ੁਰਾਕ ਵੀ ਨਾਲੀ ਰਾਹੀਂ ਹੀ ਦਿੱਤੀ ਜਾ ਰਹੀ ਸੀ। ਇਲਾਜ ਦੇ ਖਰਚਿਆਂ, ਉਸ ਦੀ ਸੇਵਾ-ਸੰਭਾਲ, ਜ਼ਖ਼ਮੀ ਹਿਰਦੇ ਅਤੇ ਬੇਵੱਸੀ ਨੇ ਉਸ ਦੇ ਮਾਪਿਆਂ ਨੂੰ ਬੁਰੀ ਤਰ੍ਹਾਂ ਤੋੜ ਦਿੱਤਾ ਸੀ। ਪਹਿਲਾਂ ਪਰਿਵਾਰ ਅਤੇ ਫਿਰ ਅਦਾਲਤਾਂ ਸਾਹਮਣੇ ਸਭ ਤੋਂ ਔਖਾ ਇਖ਼ਲਾਕੀ ਸਵਾਲ ਖੜ੍ਹਾ ਕਰ ਦਿੱਤਾ: ਕੀ ਤੇਰਾਂ ਸਾਲ ਤੋਂ ਮੈਡੀਕਲ ਵਿਗਿਆਨ ਨਾਲ ਉਸ ਦੀ ਜ਼ਿੰਦਗੀ ਵਧਾਈ ਜਾ ਰਹੀ ਸੀ ਜਾਂ ਫਿਰ ਨਾ ਟਾਲੀ ਜਾ ਸਕਣ ਵਾਲੀ ਮੌਤ ਨੂੰ ਹੀ ਅੱਗੇ ਪਾਇਆ ਜਾ ਰਿਹਾ ਸੀ? ਹਰੀਸ਼ ਰਾਣਾ ਦੇ ਮਾਮਲੇ ਵਿੱਚ ਆਏ ਸੁਪਰੀਮ ਕੋਰਟ ਦੇ ਫ਼ੈਸਲੇ ਨੇ ਸ਼ਾਨ ਨਾਲ ਜਿਊਣ ਦੇ ਨਾਲ ਸ਼ਾਨ ਨਾਲ ਮਰਨ ਦੇ ਹੱਕ ਦੇ ਗੰਭੀਰ ਮੁੱਦੇ ਨੂੰ ਹੱਲ ਕਰਨ ਵੱਲ ਕਦਮ ਪੁੱਟਿਆ ਹੈ। ਇਸ ਸਬੰਧੀ ਕੋਈ ਕਾਨੂੰਨ ਨਹੀਂ ਹੈ। ਇਸ ਲਈ ਸੁਪਰੀਮ ਕੋਰਟ ਨੇ ਪਹਿਲਾਂ ਹੋਏ ਕੁਝ ਅਦਾਲਤੀ ਫ਼ੈਸਲਿਆਂ ਅਤੇ ਵਿਦੇਸ਼ੀ ਕਾਨੂੰਨਾਂ ਦਾ ਵੀ ਸਹਾਰਾ ਲਿਆ। ਸਭ ਤੋਂ ਪਹਿਲਾ ਕੇਸ ਗਿਆਨ ਕੌਰ ਬਨਾਮ ਪੰਜਾਬ ਸਰਕਾਰ ਸੀ, ਜਿਸ ਵਿੱਚ ਖ਼ੁਦਕੁਸ਼ੀ ਕਰਨ ਜਾਂ ਉਸ ਨੂੰ ਉਕਸਾਉਣ ਵਾਲੀਆਂ ਧਾਰਾਵਾਂ ਦੀ ਸੰਵਿਧਾਨਕਤਾ ਨੂੰ ਚੁਣੌਤੀ ਦਿੱਤੀ ਗਈ ਸੀ ਕਿ ਜੇਕਰ ਜਿਊਣ ਦਾ ਹੱਕ ਹੈ ਤਾਂ ਮਰਨ ਦਾ ਹੱਕ ਕਿਉਂ ਨਹੀਂ? ਪਰ ਸੁਪਰੀਮ ਕੋਰਟ ਨੇ ਇਨ੍ਹਾਂ ਧਾਰਾਵਾਂ ਦੀ ਸੰਵਿਧਾਨਕ ਵੈਧਤਾ ਕਾਇਮ ਰੱਖਦਿਆਂ ਮਰਨ ਦੇ ਹੱਕ ਨੂੰ ਤਸਲੀਮ ਨਹੀਂ ਕੀਤਾ ਸੀ। ਉਸ ਤੋਂ ਪੰਦਰਾਂ ਸਾਲ ਬਾਅਦ ਮੁੰਬਈ ਦੀ ਇੱਕ ਸਟਾਫ਼ ਨਰਸ ਅਰੁਣਾ ਸ਼ਾਨਬਾਗ ਦਾ ਕੇਸ ਉਜਾਗਰ ਹੋਇਆ। ਇਹ ਕੁੜੀ ਬਹੁਤ ਹੀ ਘਿਨਾਉਣੇ ਜਬਰ-ਜਨਾਹ ਦੀ ਸ਼ਿਕਾਰ ਹੋਈ ਸੀ ਅਤੇ ਉਸ ਦਾ ਮੈਡੀਕਲ ਉਪਕਰਣਾਂ ਦਾ ਮੁਥਾਜ ਬਣ ਕੇ ਸਿਰਫ਼ ਮੰਜੇ ਤੱਕ ਸਿਮਟ ਗਿਆ ਸੀ। ਉਸ ਦੀ ਸਹੇਲੀ ਅਤੇ ਸਮਾਜਿਕ ਕਾਰਕੁਨ ਪਿੰਕੀ ਵਿਰਾਨੀ ਨੇ ਸੁਪਰੀਮ ਕੋਰਟ ਤੱਕ ਪਹੁੰਚ ਕਰ ਕੇ ਮੰਗ ਕੀਤੀ ਸੀ ਕਿ ਉਸ ਤੋਂ ਜੀਵਨ ਬਚਾਊ ਯੰਤਰ ਹਟਾ ਲਏ ਜਾਣ ਕਿਉਂਕਿ ਉਸ ਵਿੱਚ ਸੁਧਾਰ ਦੀ ਕੋਈ ਗੁੰਜਾਇਸ਼ ਨਹੀਂ ਸੀ। ਇਸ ਫ਼ੈਸਲੇ ਰਾਹੀਂ ਸੁਪਰੀਮ ਕੋਰਟ ਨੇ ਗ਼ੈਰ-ਸਰਗਰਮ ਇੱਛਾ ਮੌਤ ਦੀ ਇਜਾਜ਼ਤ ਦੇ ਦਿੱਤੀ ਸੀ, ਜਿਸ ਵਿੱਚ ਜੀਵਨ ਬਚਾਊ ਯੰਤਰਾਂ ਨੂੰ ਹਟਾਉਣਾ ਸ਼ਾਮਿਲ ਹੈ। (ਸਰਗਰਮ ਇੱਛਾ ਮੌਤ ਵਿੱਚ ਕੋਈ ਜ਼ਹਿਰੀਲਾ ਟੀਕਾ ਆਦਿ ਲਗਾ ਕੇ ਮੌਤ ਦਿੱਤੀ ਜਾਂਦੀ ਹੈ)। ਸੁਪਰੀਮ ਕੋਰਟ ਦਾ ਇਹ ਫ਼ੈਸਲਾ ਇੱਕ ਮੀਲ ਪੱਥਰ ਸੀ। ਇਸ ਫ਼ੈਸਲੇ ਤੋਂ ਬਾਅਦ ਕੁਝ ਦਿਸ਼ਾ ਨਿਰਦੇਸ਼ ਅਮਲ ਵਿੱਚ ਆਏ। ਇਸ ਤੋਂ ਬਾਅਦ ਲਾਅ ਕਮਿਸ਼ਨ ਵੀ ਸਰਗਰਮ ਹੋਇਆ, ਜਿਸ ਨੇ 2006 ਅਤੇ 2012 ਵਿੱਚ ਕੁਝ ਸੁਝਾਅ ਦਿੱਤੇ। ਇਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਸੁਝਾਅ ਇਹ ਸੀ ਕਿ ਜੀਵਨ ਬਚਾਊ ਯੰਤਰ ਹਟਾਉਣਾ ਫ਼ੌਜਦਾਰੀ ਜੁਰਮ ਦੇ ਦਾਇਰੇ ਵਿੱਚੋਂ ਬਾਹਰ ਕਰ ਦਿੱਤਾ ਜਾਵੇ। ਸੁਪਰੀਮ ਕੋਰਟ ਦਾ ਇੱਕ ਹੋਰ ਮਹੱਤਵਪੂਰਨ ਫ਼ੈਸਲਾ ਕੌਮਨ ਕੌਜ਼ ਬਨਾਮ ਯੂਨੀਅਨ ਔਫ ਇੰਡੀਆ ਸੀ, ਜਿਸ ਵਿੱਚ ਇੱਛਾ ਮੌਤ ਨੂੰ ਵੀ ਆਰਟੀਕਲ 21 ਦੇ ਦਾਇਰੇ ਵਿੱਚ ਲਿਆ ਕੇ ਸ਼ਾਨ ਨਾਲ ਮਰਨ ਨੂੰ ਬੁਨਿਆਦੀ ਹੱਕ ਮੰਨਿਆ ਗਿਆ। ਇਸ ਫ਼ੈਸਲੇ ਨੇ ਅਰੁਣਾ ਸ਼ਾਨਬਾਗ ਦੇ ਫ਼ੈਸਲੇ ਦਾ ਹੋਰ ਵਿਸਥਾਰ ਕੀਤਾ। ਇਸ ਵਿੱਚ ਮਰੀਜ਼ ਦੀ ਨਿੱਜਤਾ, ਖ਼ੁਦਮੁਖ਼ਤਿਆਰੀ ਅਤੇ ਖ਼ੁਦ ਫ਼ੈਸਲੇ ਲੈਣ ਦੇ ਹੱਕਾਂ ਨੂੰ ਇਸ ਦਾ ਹਿੱਸਾ ਮੰਨਿਆ। ਇਨ੍ਹਾਂ ਨੂੰ ਹੁਣ ਸਮੂਹਿਕ ਰੂਪ ਵਿੱਚ 'ਕੌਮਨ ਕੌਜ਼ ਨਿਰਦੇਸ਼' ਕਿਹਾ ਜਾਂਦਾ ਹੈ। ਇਸ ਫ਼ੈਸਲੇ ਦੇ ਦੋ ਸਭ ਤੋਂ ਜ਼ਰੂਰੀ ਹਿੱਸੇ ਹਨ। ਇੱਕ ਇਹ ਕਿ ਮਰੀਜ਼ ਨੂੰ ਦਿੱਤੀ ਜਾ ਰਹੀ ਕਿਸੇ ਵੀ ਕਿਸਮ ਦੀ ਸਹਾਇਤਾ ਮੈਡੀਕਲ ਇਲਾਜ ਦੀ ਸ਼੍ਰੇਣੀ ਵਿੱਚ ਹੋਵੇ ਅਤੇ ਦੂਜਾ ਇੱਛਾ ਮੌਤ ਦਾ ਫ਼ੈਸਲਾ ਮਰੀਜ਼ ਦੇ ਸਭ ਤੋਂ ਵੱਧ ਹਿੱਤ ਵਿੱਚ ਹੋਵੇ। ਹਰੀਸ਼ ਰਾਣਾ ਦਾ ਫ਼ੈਸਲਾ ਵੀ ਇਸ 'ਤੇ ਹੀ ਨਿਰਭਰ ਹੈ ਕਿਉਂਕਿ ਹਰੀਸ਼ ਰਾਣਾ ਨੂੰ ਭੋਜਨ ਨਾਲੀ ਰਾਹੀਂ ਦਿੱਤਾ ਜਾ ਰਿਹਾ ਸੀ। ਇਸ ਲਈ ਸੁਪਰੀਮ ਕੋਰਟ ਨੇ ਨਾਲੀ ਰਾਹੀਂ ਦਿੱਤੀ ਜਾ ਰਹੀ ਖ਼ੁਰਾਕ ਨੂੰ ਇੱਕ ਮੈਡੀਕਲ ਇਲਾਜ ਹੀ ਤਸੱਵਰ ਕੀਤਾ ਹੈ ਅਤੇ ਇਸ ਨੂੰ ਬੰਦ ਕਰਕੇ ਉਸ ਦੇ ਮਾਪਿਆਂ ਦੀ ਆਪਣੇ ਜਿਗਰ ਦੇ ਟੁਕੜੇ ਲਈ ਇੱਛਾ ਮੌਤ ਦੀ ਇਜਾਜ਼ਤ ਦੇ ਦਿੱਤੀ। ਸੁਪਰੀਮ ਕੋਰਟ ਨੇ ਇੱਕ ਮਹੱਤਵਪੂਰਨ ਟਿੱਪਣੀ ਕਰਦਿਆਂ ਲਿਖਿਆ ਹੈ, "ਸਾਡਾ ਫ਼ੈਸਲਾ ਸਿਰਫ਼ ਤਰਕ 'ਤੇ ਹੀ ਆਧਾਰਿਤ ਨਹੀਂ, ਇਹ ਇੱਕ ਅਜਿਹੇ ਖਲਾਅ ਨੂੰ ਭਰਨ ਦੀ ਕੋਸ਼ਿਸ਼ ਹੈ ਜਿਸ ਵਿੱਚ ਪਿਆਰ ਹੈ, ਲਗਾਅ ਹੈ, ਪੈਣ ਵਾਲਾ ਇੱਕ ਘਾਟਾ ਹੈ, ਮੈਡੀਕਲ ਇਲਾਜ ਹੈ ਅਤੇ ਸਭ ਤੋਂ ਵੱਧ ਰਹਿਮ ਦੀ ਭਾਵਨਾ ਵੀ ਹੈ। ਇਹ ਫ਼ੈਸਲਾ ਮੌਤ ਦੇ ਹੱਕ ਵਿੱਚ ਫਤਵਾ ਨਹੀਂ, ਸਗੋਂ ਬਣਾਉਟੀ ਤਰੀਕੇ ਨਾਲ ਜ਼ਿੰਦਗੀ ਨੂੰ ਲੰਮਾ ਘਸੀਟਣ ਦੇ ਸਬੰਧ ਵਿੱਚ ਹੈ। ਸਾਡੀ ਰਾਇ ਵਿੱਚ ਜ਼ਿੰਦਗੀ ਵਿੱਚ ਮੌਤ ਸਭ ਤੋਂ ਵੱਡਾ ਦੁਖਾਂਤ ਨਹੀਂ ਹੁੰਦੀ, ਪਰ ਨਕਲੀ ਤਰੀਕਿਆਂ ਨਾਲ ਮੌਤ ਤੋਂ ਬਚਣਾ ਵੀ ਇੱਕ ਦੁਖਾਂਤ ਹੀ ਹੈ।" ਇਸ ਤਰ੍ਹਾਂ ਸੁਪਰੀਮ ਕੋਰਟ ਨੇ ਮੰਨ ਲਿਆ ਹੈ ਕਿ ਸੰਵਿਧਾਨ ਅਨੁਸਾਰ ਨਕਲੀ ਤਰੀਕਿਆਂ ਨਾਲ ਸਾਹ ਚੱਲਦੇ ਰੱਖਣ ਨਾਲੋਂ ਇੱਛਾ ਮੌਤ ਵੀ ਮਰੀਜ਼ ਦਾ ਹੱਕ ਹੈ। ਸੁਪਰੀਮ ਕੋਰਟ ਦਾ ਇਹ ਫ਼ੈਸਲਾ ਮੈਡੀਕਲ ਐਥਿਕਸ 'ਤੇ ਵੀ ਅਸਰਅੰਦਾਜ਼ ਹੋਵੇਗਾ, ਜਿਸ ਵਿੱਚ ਇਸ ਤਰ੍ਹਾਂ ਦੀ ਕੋਈ ਧਾਰਾ ਨਹੀਂ। ਮੁੰਬਈ ਹਾਈਕੋਰਟ ਵਿੱਚ ਉੱਥੋਂ ਦੇ ਇੱਕ ਸੀਨੀਅਰ ਔਰਤਾਂ ਦੇ ਰੋਗਾਂ ਦੇ ਮਾਹਿਰ ਡਾ. ਨਿਖਿਲ ਦਾਤਾਰ ਨੇ ਜਨ-ਹਿੱਤ ਰਿੱਟ ਦਾਇਰ ਕਰਕੇ ਨੈਸ਼ਨਲ ਮੈਡੀਕਲ ਕਮਿਸ਼ਨ ਨੂੰ ਇੱਛਾ ਮੌਤ ਦੇ ਸਬੰਧ ਵਿੱਚ ਪੁਰਾਣੀਆਂ ਨੈਤਿਕ ਧਾਰਨਾਵਾਂ ਦੀ ਥਾਂ ਨਵੇਂ ਨਿਰਦੇਸ਼ ਦੇਣ ਦੀ ਬੇਨਤੀ ਕੀਤੀ ਸੀ। ਅਪਰੈਲ 2024 ਵਿੱਚ ਹਾਈਕੋਰਟ ਨੇ ਹੁਕਮ ਵੀ ਕਰ ਦਿੱਤਾ ਸੀ, ਪਰ ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ। ਇੱਛਾ ਮੌਤ ਦੀ ਇਜਾਜ਼ਤ ਤੋਂ ਪਹਿਲਾਂ ਮਰੀਜ਼ ਦਾ ਇਲਾਜ ਕਰ ਰਹੇ ਡਾਕਟਰ ਨੂੰ ਇਹ ਤਸਦੀਕ ਕਰਨਾ ਪੈਂਦਾ ਹੈ ਕਿ ਮਰੀਜ਼ ਦੀ ਹਾਲਤ ਵਿੱਚ ਸੁਧਾਰ ਦੀ ਕੋਈ ਗੁੰਜਾਇਸ਼ ਨਹੀਂ ਰਹੀ। ਉਸ ਤੋਂ ਬਾਅਦ ਪਹਿਲਾਂ ਇੱਕ ਤਿੰਨ ਮੈਂਬਰੀ ਮੈਡੀਕਲ ਬੋਰਡ ਕੋਲ ਕੇਸ ਜਾਂਦਾ ਹੈ, ਜਿਸ ਵਿੱਚ ਇਲਾਜ ਕਰ ਰਿਹਾ ਡਾਕਟਰ ਅਤੇ ਵਿਸ਼ੇ ਦੇ ਦੋ ਮਾਹਿਰ ਡਾਕਟਰ, ਜਿਨ੍ਹਾਂ ਦਾ ਘੱਟੋ-ਘੱਟ ਪੰਜ ਸਾਲ ਦਾ ਤਜਰਬਾ ਹੋਵੇ, ਸ਼ਾਮਿਲ ਹੁੰਦੇ ਹਨ। ਇਸ ਮੈਡੀਕਲ ਬੋਰਡ ਦੀ ਸਲਾਹ ਤੋਂ ਬਾਅਦ ਜ਼ਿਲ੍ਹਾ ਸਿਵਲ ਸਰਜਨ ਇੱਕ ਦੂਸਰੇ ਮੈਡੀਕਲ ਬੋਰਡ ਦਾ ਗਠਨ ਕਰਦਾ ਹੈ, ਜਿਸ ਵਿੱਚ ਪੰਜ ਸਾਲ ਤੋਂ ਵੱਧ ਤਜਰਬੇ ਵਾਲੇ ਘੱਟੋ-ਘੱਟ ਦੋ ਮਾਹਿਰ ਸ਼ਾਮਿਲ ਹੁੰਦੇ ਹਨ। ਇਸ ਬੋਰਡ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਉਹ 48 ਘੰਟਿਆਂ ਵਿੱਚ ਆਪਣੀ ਪੇਸ਼ੇਵਰ ਰਾਇ ਦੇਣ। ਬੋਰਡ ਵੱਲੋਂ ਰਾਏ ਦੇਣ ਮਗਰੋਂ ਸਬੰਧਿਤ ਹਾਈਕੋਰਟ ਨੇ ਇੱਛਾ ਮੌਤ 'ਤੇ ਆਪਣਾ ਫ਼ੈਸਲਾ ਸੁਣਾਉਣਾ ਹੁੰਦਾ ਹੈ। ਗੰਭੀਰ ਹਾਲਤ ਵਿੱਚ ਪਏ ਮਰੀਜ਼ਾਂ ਦੇ ਵਾਰਿਸਾਂ ਨੂੰ ਬਹੁਤ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਹੁਤੇ ਹਸਪਤਾਲ ਅਜਿਹੇ ਕੇਸਾਂ ਵਿੱਚ ਕਿਸੇ ਸੰਭਾਵੀ ਕਾਨੂੰਨੀ ਕਾਰਵਾਈ ਦੇ ਡਰੋਂ ਬਚਣ ਦੀ ਕੋਸ਼ਿਸ਼ ਕਰਦੇ ਹਨ। ਖ਼ੁਦ ਹਰੀਸ਼ ਰਾਣਾ ਦੇ ਮਾਪਿਆਂ ਦੀ ਅਰਜ਼ ਪਹਿਲਾਂ ਦਿੱਲੀ ਹਾਈਕੋਰਟ ਨੇ ਵੀ ਬਿਨਾਂ ਕਿਸੇ ਮੈਡੀਕਲ ਬੋਰਡ ਦਾ ਗਠਨ ਕੀਤਿਆਂ ਨਾਮਨਜ਼ੂਰ ਕਰ ਦਿੱਤੀ ਸੀ। ਇੱਕ ਹੋਰ ਪਹਿਲੂ ਵੀ ਕਾਬਿਲ-ਏ-ਗ਼ੌਰ ਹੈ। ਕਈ ਪਰਿਵਾਰ ਜਾਂ ਵਾਰਿਸ ਇਹ ਸੋਚ ਕੇ ਕਿ ਉਨ੍ਹਾਂ 'ਤੇ ਮਰੀਜ਼ ਦੀ ਸੇਵਾ ਸੰਭਾਲ ਨਾ ਕਰਨ ਦੀ ਸਮਾਜਿਕ ਤੋਹਮਤ ਨਾ ਲੱਗੇ, ਇੱਛਾ ਮੌਤ ਦਾ ਰਾਹ ਨਹੀਂ ਚੁਣਦੇ। ਮੇਰੀ ਸੋਚ ਮੁਤਾਬਿਕ ਇੱਕ ਤਰੀਕਾ ਇਹ ਵੀ ਹੋ ਸਕਦਾ ਹੈ ਕਿ ਵਿਅਕਤੀ ਆਪ ਹੀ ਜਿਊਂਦੇ ਜੀਅ ਆਪਣੀ ਵਸੀਅਤ ਵਿੱਚ ਇਹ ਲਿਖ ਜਾਵੇ ਕਿ ਨਾ-ਇਲਾਜਯੋਗ ਹਾਲਤ ਵਿੱਚ ਉਸ ਨੂੰ ਇੱਛਾ ਮੌਤ ਦੇ ਦਿੱਤੀ ਜਾਵੇ। ਇਸ ਨਾਲ ਵਾਰਿਸਾਂ ਨੂੰ ਹੋਣ ਵਾਲੀ ਪ੍ਰੇਸ਼ਾਨੀ ਤੋਂ ਬਚਿਆ ਜਾ ਸਕਦਾ ਹੈ। ਇਹ ਵਸੀਅਤਨਾਮਾ ਵੈਸੇ ਵੀ ਇੱਕ ਕਾਨੂੰਨੀ ਦਸਤਾਵੇਜ਼ ਹੁੰਦਾ ਹੈ। ਹਾਂ, ਇਸ ਕਾਨੂੰਨੀ ਪੱਖ ਨਾਲ ਕੁਝ ਖ਼ਤਰੇ ਵੀ ਜੁੜੇ ਹਨ, ਜੋ ਮਨੁੱਖੀ ਕਦਰਾਂ ਕੀਮਤਾਂ ਦੇ ਹਿਸਾਬ ਨਾਲ ਗੰਭੀਰ ਹੋ ਸਕਦੇ ਹਨ। ਜਿਵੇਂ ਕਿ ਬਾਕੀ ਮਾਮਲਿਆਂ ਵਿੱਚ ਵੀ ਵੇਖਿਆ ਗਿਆ ਹੈ ਕਿ ਕਾਨੂੰਨ ਦੀ ਦੁਰਵਰਤੋਂ ਦਾ ਖਦਸ਼ਾ ਹਮੇਸ਼ਾ ਬਣਿਆ ਰਹਿੰਦਾ ਹੈ। ਜੇਕਰ ਪੂਰਾ ਨਿਗਰਾਨੀ ਪ੍ਰਬੰਧ ਨਾ ਹੋਵੇ ਤਾਂ ਆਰਥਿਕ ਬੋਝ, ਜਾਇਦਾਦ ਸਬੰਧੀ ਵਿਵਾਦ ਅਤੇ ਪਰਿਵਾਰਕ ਦਬਾਅ ਹੇਠ ਕਿਸੇ ਵੀ ਮਰੀਜ਼ ਨੂੰ ਜ਼ਿੰਦਗੀ ਤੋਂ ਵਾਂਝੇ ਕਰਨ ਦਾ ਖ਼ਤਰਾ ਬਣਿਆ ਰਹੇਗਾ। ਇਹ ਸੋਚ ਕੇ ਹੀ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਮੈਡੀਕਲ ਬੋਰਡ, ਜੁਡੀਸ਼ਲ ਮਨਜ਼ੂਰੀ ਅਤੇ ਵਿਸਥਾਰਤ ਪ੍ਰਕਿਰਿਆ ਲਾਜ਼ਮੀ ਹੋਣੀ ਚਾਹੀਦੀ ਹੈ। ਨਾਲੀ ਰਾਹੀਂ ਭੋਜਨ ਬੰਦ ਹੋਣ ਤੋਂ ਬਾਅਦ ਹਰੀਸ਼ ਰਾਣਾ ਕੁਝ ਦਿਨਾਂ ਬਾਅਦ ਇਸ ਦੁਨੀਆ ਤੋਂ ਕੂਚ ਕਰ ਜਾਵੇਗਾ।

# ਮੱਧ-ਪੂਰਬ ਦੀ ਜੰਗ ਅਤੇ ਭਾਰਤੀ ਅਰਥਵਿਵਸਥਾ ਲਈ ਚੁਣੌਤੀਆਂ



ਇਤਿਹਾਸ ਗਵਾਹ ਹੈ ਕਿ ਸੰਸਾਰ ਦੀਆਂ ਵੱਡੀਆਂ ਤਾਕਤਾਂ ਅਕਸਰ ਆਪਣੇ ਵਿਰੋਧੀਆਂ ਦੀ ਸਮਰੱਥਾ ਦਾ ਗ਼ਲਤ ਅੰਦਾਜ਼ਾ ਲਗਾਉਂਦੀਆਂ ਹਨ। ਭਾਵੇਂ ਉਹ 1812 ਵਿੱਚ ਨੈਪੋਲੀਅਨ ਦੀ ਰੂਸ ਵਿੱਚ ਨਾਕਾਮੀ ਹੋਵੇ, 1979 ਦਾ ਸੋਵੀਅਤ ਅਫਗਾਨ ਯੁੱਧ ਹੋਵੇ ਜਾਂ 2003 ਦਾ ਅਮਰੀਕਾ-ਇਰਾਕ ਟਕਰਾਅ ਹੋਵੇ। ਇਹ ਸਾਰੇ ਯੁੱਧ ਲੰਮੇ ਅਤੇ ਮਹਿੰਗੇ ਸਾਬਤ ਹੋਏ। ਅੱਜ ਇੱਕ ਵਾਰ ਮੁੜ ਮੱਧ-ਪੂਰਬ ਵਿੱਚ ਅਮਰੀਕਾ-ਇਜ਼ਰਾਈਲ ਅਤੇ ਇਰਾਨ ਦੇ ਦਰਮਿਆਨ ਵਧ ਰਹੇ ਤਣਾਅ ਦੇ ਸੰਦਰਭ ਵਿੱਚ ਇਹ ਸਵਾਲ ਉੱਠਦਾ ਹੈ ਕਿ ਕੀ ਵੱਡੀਆਂ ਤਾਕਤਾਂ ਨੇ ਇਰਾਨ ਦੀ ਰਣਨੀਤਕ ਸਮਰੱਥਾ ਦਾ ਸਹੀ ਅੰਦਾਜ਼ਾ ਨਹੀਂ ਸੀ ਲਗਾਇਆ?

### ਵਿਸ਼ਵ ਊਰਜਾ ਸੁਰੱਖਿਆ ਦਾ ਸੰਕਟ

ਇਹ ਸਵਾਲ ਇਸ ਲਈ ਖੜ੍ਹਾ ਹੁੰਦਾ ਹੈ ਕਿਉਂਕਿ ਇਰਾਨ ਨੇ ਸਸਤੇ ਡਰੋਨਾਂ ਅਤੇ ਮਿਜ਼ਾਈਲਾਂ ਦੀ ਵਰਤੋਂ ਕਰਕੇ ਇੱਕ ਅਜਿਹੀ ਸਥਿਤੀ ਪੈਦਾ ਕਰ ਦਿੱਤੀ ਹੈ ਜਿੱਥੇ ਹਮਲਾ ਸਸਤਾ ਹੈ ਪਰ ਰੱਖਿਆ ਮਹਿੰਗੀ। ਇਸ ਤਰ੍ਹਾਂ ਇਰਾਨ ਇਸ ਟਕਰਾਅ ਨੂੰ ਲੰਮੇ ਸਮੇਂ ਤੱਕ ਚੱਲਣ ਵਾਲੀ ਜੰਗ ਵਿੱਚ ਤਬਦੀਲ ਕਰ ਰਿਹਾ ਹੈ। ਨਾਲ ਹੀ ਇਰਾਨ ਨੇ ਹੁਣ ਇਸ ਟਕਰਾਅ ਨੂੰ ਲਗਭਗ ਪੂਰੀ ਤਰ੍ਹਾਂ ਹੋਰਮੁਜ਼ ਸਟ੍ਰੇਟ (ਜਲ ਡਮਰੂ) ਤੱਕ ਕੇਂਦਰਿਤ ਕਰ ਦਿੱਤਾ ਹੈ, ਜਿਸ ਰਾਹੀਂ ਦੁਨੀਆ ਦੇ ਲਗਭਗ 20 ਫੀਸਦੀ ਕੱਚੇ ਤੇਲ ਦੀ ਸਮੁੰਦਰੀ ਆਵਾਜਾਈ ਹੁੰਦੀ ਹੈ। ਪਹਿਲਾਂ ਅਮਰੀਕਾ ਵੱਲੋਂ ਆਪਣੀ ਜਲ ਸੈਨਾ ਰਾਹੀਂ ਸਮੁੰਦਰੀ ਜਹਾਜ਼ਾਂ ਨੂੰ ਸੁਰੱਖਿਅਤ ਬਣਾਉਣ ਦੀ ਗੱਲ ਕੀਤੀ ਗਈ ਸੀ, ਪਰ ਜੋਖ਼ਮ ਵਧਣ ਕਾਰਨ ਉਹ ਪਿੱਛੇ ਹਟ ਗਿਆ। ਇਰਾਨ ਨੂੰ ਇਸ ਖੇਤਰ ਵਿੱਚ ਲੜਨ ਦਾ ਤਜਰਬਾ 1980-1988 ਦੇ ਇਰਾਨ-ਇਰਾਕ ਯੁੱਧ ਦੌਰਾਨ ਮਿਲਿਆ ਸੀ, ਜਿਸ ਦੌਰਾਨ 'ਟੈਂਕਰ ਯੁੱਧ' ਵਿੱਚ ਸੈਂਕੜੇ ਤੇਲ ਜਹਾਜ਼ ਨਿਸ਼ਾਨਾ ਬਣੇ ਸਨ। ਨਤੀਜੇ ਵਜੋਂ ਹੁਣ ਇਰਾਨ ਦਾ ਹੋਰਮੁਜ਼ 'ਤੇ ਪੂਰਾ ਕਬਜ਼ਾ ਹੈ ਅਤੇ ਉਹ ਆਪਣੀਆਂ ਸ਼ਰਤਾਂ 'ਤੇ ਹੀ ਤੇਲ, ਗੈਸ ਜਾਂ ਕਾਰਗੋ ਜਹਾਜ਼ਾਂ ਨੂੰ ਉੱਥੋਂ ਲੰਘਣ ਦੀ ਇਜਾਜ਼ਤ ਦੇ ਰਿਹਾ ਹੈ। ਇਸ ਕਾਰਨ ਲਗਭਗ 100-150 ਤੇਲ ਅਤੇ ਕਾਰਗੋ ਜਹਾਜ਼ ਹੋਰਮੁਜ਼ ਨੇੜੇ ਫਸੇ ਹੋਏ ਹਨ ਅਤੇ (ਇਸ ਲੇਖ ਦੇ ਲਿਖੇ ਜਾਣ ਤਕ) ਕਤਰ, ਬਹਿਰੀਨ ਅਤੇ ਕੁਵੈਤ ਨੇ ਅਸਧਾਰਣ ਹਾਲਾਤ ਕਾਰਨ (force majeure) ਗੈਸ ਅਤੇ ਤੇਲ ਦੀ ਸਪਲਾਈ ਬੰਦ ਕਰ ਦਿੱਤੀ ਹੈ। ਜਹਾਜ਼ਾਂ ਦੇ ਬੀਮੇ ਦੇ ਪ੍ਰੀਮੀਅਮ 200-300 ਫੀਸਦੀ ਤੱਕ ਵਧ ਗਏ ਹਨ, ਜਿਸ ਨਾਲ ਵਪਾਰਕ ਲਾਗਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਸ ਅਸਥਿਰਤਾ ਦਾ ਸਿੱਧਾ ਅਸਰ ਵਿਸ਼ਵ ਊਰਜਾ ਬਾਜ਼ਾਰ 'ਤੇ ਪਿਆ ਹੈ ਜਿੱਥੇ ਕੱਚੇ ਤੇਲ ਦੀ ਕੀਮਤ ਹੁਣ 100-105 ਡਾਲਰ ਪ੍ਰਤੀ ਬੈਰਲ ਦੇ ਨੇੜੇ ਹੈ, ਜੋ ਕਿ ਪਹਿਲਾਂ ਦੇ 60-70 ਡਾਲਰ ਪ੍ਰਤੀ ਬੈਰਲ ਨਾਲੋਂ ਕਾਫ਼ੀ ਵੱਧ ਹੈ। ਇਸਦੇ ਨਾਲ ਹੀ ਤਰਲ ਪ੍ਰਾਕ੍ਰਿਤਿਕ ਗੈਸ (*©7) ਦੀ ਸਪਲਾਈ 'ਚ ਵੀ ਰੁਕਾਵਟ ਪਈ ਹੈ, ਜਿਸ ਨਾਲ ਵਿਸ਼ਵ ਅਰਥਵਿਵਸਥਾ 'ਤੇ ਦਬਾਅ ਵਧ ਗਿਆ ਹੈ।

ਭਾਵੇਂ ਪੂਰਤੀ ਨੂੰ ਠੀਕ ਰੱਖਣ ਖ਼ਾਤਰ ਕੁਝ ਅਸਥਾਈ ਉਪਾਅ ਕੀਤੇ ਜਾ ਰਹੇ ਹਨ, ਪਰ ਉਹ ਸਥਿਤੀ ਨੂੰ ਪੂਰੀ ਤਰ੍ਹਾਂ ਸੰਭਾਲਣ ਲਈ ਨਾਕਾਫ਼ੀ ਹਨ। ਅੰਤਰਰਾਸ਼ਟਰੀ ਊਰਜਾ ਏਜੰਸੀ ਦੇ ਰਾਖਵੇਂ ਸਟਾਕ, ਅਮਰੀਕਾ ਵੱਲੋਂ ਵਾਧੂ ਸਪਲਾਈ ਅਤੇ ਸਾਊਦੀ ਅਰਬ ਤੇ ਸੰਯੁਕਤ ਅਰਬ ਅਮੀਰਾਤ ਦੀਆਂ ਪਾਈਪਲਾਈਨਾਂ ਰਾਹੀਂ ਸਪਲਾਈ ਵਰਗੇ ਵਿਕਲਪ ਮੌਜੂਦ ਹਨ, ਪਰ ਇਹ ਹੋਰਮੁਜ਼ ਜਲ ਡਮਰੂ ਰਾਹੀਂ ਹੋਣ ਵਾਲੀ ਵੱਡੀ ਸਪਲਾਈ ਨੂੰ ਪੂਰਾ ਨਹੀਂ ਕਰ ਸਕਦੇ। ਇਸ ਕਾਰਨ ਵਿਸ਼ਵ ਬਾਜ਼ਾਰ ਵਿੱਚ ਦਬਾਅ ਅਤੇ ਕੀਮਤਾਂ ਵਿੱਚ ਅਸਥਿਰਤਾ ਜਾਰੀ ਹੈ। ਇਸਦਾ ਸਿੱਧਾ ਅਸਰ ਸਮੁੰਦਰੀ ਵਪਾਰ, ਬੀਮੇ ਦੇ ਖਰਚ ਅਤੇ ਮਹਿੰਗਾਈ ਰਾਹੀਂ ਆਮ ਲੋਕਾਂ ਅਤੇ ਭਾਰਤੀ ਅਰਥਵਿਵਸਥਾ 'ਤੇ ਪੈ ਰਿਹਾ ਹੈ।

### ਭਾਰਤ ਲਈ ਆਰਥਿਕ ਚੁਣੌਤੀਆਂ

ਭਾਰਤ ਆਪਣੀ ਕੱਚੇ ਤੇਲ ਦੀ ਲੋੜ ਦਾ ਲਗਭਗ 88-89 ਫ਼ੀਸਦੀ ਹਿੱਸਾ ਦਰਾਮਦ ਕਰਦਾ ਹੈ ਅਤੇ ਇਸ ਵਿਚ ਵੀ ਲਗਪਗ 50 ਫ਼ੀਸਦੀ ਹਿੱਸਾ (20 ਲੱਖ ਬੈਰਲ ਪ੍ਰਤੀ ਦਿਨ) ਮੱਧ-ਪੂਰਬ ਤੋਂ ਆਉਂਦਾ ਹੈ। ਗੈਸ ਦੇ ਮਾਮਲੇ ਵਿੱਚ ਤਾਂ ਇਹ ਨਿਰਭਰਤਾ ਮੱਧ-ਪੂਰਬ 'ਤੇ ਹੋਰ ਵੀ ਜ਼ਿਆਦਾ ਕੇਂਦਰਿਤ ਹੈ। ਲਗਭਗ 60 ਫ਼ੀਸਦੀ ਤਰਲ ਕੁਦਰਤੀ ਗੈਸ (LNG) ਅਤੇ ਲਗਭਗ 90 ਫ਼ੀਸਦੀ ਤਰਲ ਪੈਟਰੋਲੀਅਮ ਗੈਸ ਮੱਧ ਪੂਰਬ ਤੋਂ ਦਰਾਮਦ ਹੁੰਦੀ ਹੈ, ਜਿਸ ਵਿਚ ਵੀ ਕਤਰ ਸਭ ਤੋਂ ਅਹਿਮ ਭੂਮਿਕਾ ਨਿਭਾਉਂਦਾ ਹੈ। ਕਤਰ ਵਿਚੋਂ ਗੈਸ ਦਾ ਉਤਪਾਦਨ ਅਤੇ ਪੂਰਤੀ ਠੱਪ ਹੋਣ ਅਤੇ ਭਾਰਤ ਕੋਲ ਕੁਦਰਤੀ ਗੈਸ ਦੇ ਭੰਡਾਰ ਸੀਮਤ ਹੋਣ ਕਾਰਨ ਲੋਕਾਂ ਵਿਚ ਗੈਸ ਦੀ ਕਮੀ ਹੋਣ ਦਾ ਡਰ ਪੈਦਾ ਹੋ ਗਿਆ ਹੈ। ਇਸ ਦੇ ਨਾਲ ਹੀ ਭਾਰਤੀ ਤੇਲ ਮਾਰਕੀਟਿੰਗ ਕੰਪਨੀਆਂ ਵੱਲੋਂ ਘਰੇਲੂ ਗੈਸ ਸਿਲੰਡਰਾਂ ਵਿੱਚ 60 ਰੁਪਏ ਦਾ ਵਾਧਾ, ਵਪਾਰਕ ਸਿਲੰਡਰਾਂ ਵਿੱਚ ਲਗਭਗ 115-144 ਰੁਪਏ ਦਾ ਵਾਧਾ, ਸਰਕਾਰ ਵੱਲੋਂ ਉਦਯੋਗਾਂ ਨੂੰ ਗੈਸ ਸਪਲਾਈ ਘਟਾਉਣਾ ਵੀ ਲੋਕਾਂ ਵਿਚ ਗੈਸ ਦੀ ਕਮੀ ਦੇ ਡਰ ਦਾ ਕਾਰਨ ਬਣੇ ਹਨ ਕਿਉਂਕਿ ਕੱਚੇ ਤੇਲ ਦੇ ਸਟਾਕ ਲਗਭਗ 25 ਦਿਨਾਂ ਦੀ ਖਪਤ ਲਈ ਮੌਜੂਦ ਹਨ, ਇਸ ਕਾਰਨ ਵੱਡੇ ਪੱਧਰ 'ਤੇ ਪੈਟਰੋਲ ਅਤੇ ਡੀਜ਼ਲ ਲਈ ਹਾਲਾਤ ਠੀਕ ਹੀ ਰਹੇ ਹਨ।

ਗੈਸ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਨੇ ਭਾਰਤ ਦੀ ਉਤਪਾਦਨ ਸੰਰਚਨਾ 'ਤੇ ਨਕਾਰਾਤਮਕ ਅਸਰ ਪਾਉਣਾ ਸ਼ੁਰੂ ਕਰ ਦਿੱਤਾ ਹੈ। ਪੈਟਰੋਕੈਮੀਕਲ ਉਤਪਾਦਾਂ 'ਤੇ ਨਿਰਭਰ ਉਦਯੋਗ, ਜਿਵੇਂ ਟੈਕਸਟਾਈਲ, ਪਲਾਸਟਿਕ, ਡਿਟਰਜੈਂਟ ਅਤੇ ਸਿਰਾਮਿਕ ਟਾਈਲਜ਼ ਆਦਿ ਸਭ ਤੋਂ ਪਹਿਲਾਂ ਇਸ ਝਟਕੇ ਨੂੰ ਮਹਿਸੂਸ ਕਰ ਰਹੇ ਹਨ। ਟੈਕਸਟਾਈਲ ਖੇਤਰ ਵਿੱਚ ਗੈਸ ਮਹਿੰਗੀ ਹੋਣ ਨਾਲ ਉਤਪਾਦਨ ਲਾਗਤ ਵਧ ਰਹੀ ਹੈ, ਜਿਸ ਨਾਲ ਕੱਪੜਿਆਂ ਦੀਆਂ ਕੀਮਤਾਂ ਵਿੱਚ ਵਾਧੇ ਦਾ ਖ਼ਤਰਾ ਹੈ। ਪਲਾਸਟਿਕ ਅਤੇ ਡਿਟਰਜੈਂਟ ਉਦਯੋਗ ਵੀ ਕੱਚੇ ਮਾਲ ਦੀ ਮਹਿੰਗਾਈ ਕਾਰਨ ਦਬਾਅ ਹੇਠ ਹਨ। ਸਿਰਾਮਿਕ ਟਾਈਲਜ਼ ਖੇਤਰ ਵਿੱਚ ਗੈਸ ਦੀ ਕਮੀ ਕਾਰਨ ਕਈ ਇਕਾਈਆਂ ਬੰਦ ਹੋ ਰਹੀਆਂ ਹਨ, ਖ਼ਾਸ ਕਰਕੇ ਗੁਜਰਾਤ ਦੇ ਮੋਰਬੀ ਵਰਗੇ ਕੇਂਦਰਾਂ ਵਿੱਚ ਰੋਜ਼ਗਾਰ 'ਤੇ ਅਸਰ ਪੈ ਰਿਹਾ ਹੈ। ਇਸਦੇ ਨਾਲ ਹੀ ਗੈਸ ਸਪਲਾਈ ਘਟਣ ਕਾਰਨ ਖਾਦ ਉਦਯੋਗ ਪ੍ਰਭਾਵਿਤ ਹੋ ਰਿਹਾ ਹੈ, ਜਿਸ ਨਾਲ ਯੂਰੀਆ ਦੀ ਪੂਰਤੀ ਅਤੇ ਖੇਤੀਬਾੜੀ ਲਾਗਤਾਂ 'ਤੇ ਦਬਾਅ ਵਧ ਸਕਦਾ ਹੈ।

ਭਾਰਤ ਦੀਆਂ ਬਰਾਮਦਾਂ 'ਤੇ ਵੀ ਇਸਦਾ ਨਕਾਰਾਤਮਕ ਅਸਰ ਪੈ ਰਿਹਾ ਹੈ, ਜੋ ਕਿ ਪਹਿਲਾਂ ਹੀ ਟਰੰਪ ਦੇ ਟੈਰਿਫ ਦੀ ਮਾਰ ਝੱਲ ਰਹੀਆਂ ਹਨ। ਭਾਰਤ ਦੀਆਂ ਕੁੱਲ ਬਰਾਮਦਾਂ ਸਾਲ 2024-25 ਦੌਰਾਨ ਲਗਭਗ 825 ਅਰਬ ਡਾਲਰ ਦੀਆਂ ਸਨ, ਜਿਸ ਵਿਚ ਮਾਲ (ਲਗਪਗ 437 ਅਰਬ ਡਾਲਰ) ਅਤੇ ਸੇਵਾਵਾਂ (ਲਗਪਗ 388 ਅਰਬ ਡਾਲਰ) ਦੋਵੇਂ ਸ਼ਾਮਿਲ ਹਨ। ਇੰਜੀਨੀਅਰਿੰਗ ਸਾਮਾਨ, ਫਾਰਮਾ, ਟੈਕਸਟਾਈਲ, ਇਲੈਕਟ੍ਰਾਨਿਕਸ ਅਤੇ ਖੇਤੀਬਾੜੀ ਉਤਪਾਦਾਂ ਦਾ ਇਸ ਵਿੱਚ ਮੁੱਖ ਹਿੱਸਾ ਹੈ। ਪੱਛਮੀ ਏਸ਼ੀਆ ਵਿਚ ਸੰਯੁਕਤ ਅਰਬ ਅਮੀਰਾਤ ਅਤੇ ਸਾਊਦੀ ਅਰਬ ਇਨ੍ਹਾਂ ਉਤਪਾਦਾਂ ਲਈ ਇੱਕ ਵੱਡੀ ਮਾਰਕੀਟ ਹਨ। ਸਮੁੰਦਰੀ ਰਸਤਿਆਂ ਦੀ ਅਸਥਿਰਤਾ ਕਾਰਨ ਭਾਰਤੀ ਖੇਪ ਹੁਣ ਕੇਪ ਆਫ਼ ਗੁੱਡ ਹੋਪ (ਅਫ਼ਰੀਕਾ) ਵੱਲੋਂ ਜਾ ਰਹੀ ਹੈ, ਜਿਸ ਨਾਲ ਦੂਰੀ 10-15 ਦਿਨ ਵਧ ਗਈ ਹੈ ਅਤੇ ਮਾਲ ਭਾੜਾ ਵੀ 2-3 ਗੁਣਾ ਵਧ ਗਿਆ ਹੈ। ਜਿਥੇ ਫਾਰਮਾ ਉਦਯੋਗ ਨੂੰ ਇਸ ਕਾਰਨ ਲਗਭਗ 2,500-5,000 ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ, ਉੱਥੇ ਹੀ ਟੈਕਸਟਾਈਲ ਅਤੇ ਇੰਜੀਨੀਅਰਿੰਗ ਸੈੱਕਟਰ ਵਿੱਚ ਦੇਰੀਆਂ ਕਾਰਨ ਆਰਡਰ ਰੱਦ ਹੋਣ ਅਤੇ ਜੁਰਮਾਨਿਆਂ ਦਾ ਖਤਰਾ ਵਧ ਗਿਆ ਹੈ। ਇਹ ਸਥਿਤੀ ਲੰਮੇ ਸਮੇਂ ਵਿੱਚ ਭਾਰਤ ਦੀਆਂ ਬਰਾਮਦਾਂ ਨੂੰ ਵੀਅਤਨਾਮ, ਤੁਰਕੀ ਅਤੇ ਚੀਨ ਵਰਗੇ ਮੁਕਾਬਲੇਬਾਜ਼ਾਂ ਵੱਲ ਤਬਦੀਲ ਕਰ ਸਕਦੀ ਹੈ। ਇਸ ਟਕਰਾਅ ਕਾਰਨ ਖਾੜੀ ਦੇਸ਼ਾਂ ਵਿੱਚ ਰਹਿਣ ਵਾਲੇ ਲਗਭਗ 90 ਲੱਖ ਭਾਰਤੀ ਮਜ਼ਦੂਰਾਂ ਦੀਆਂ ਨੌਕਰੀਆਂ ਅਤੇ ਆਰਥਿਕ ਸਥਿਰਤਾ 'ਤੇ ਵੀ ਗੰਭੀਰ ਅਸਰ ਪੈ ਰਿਹਾ ਹੈ, ਜਿਸ ਨਾਲ ਇਹਨਾਂ ਵੱਲੋਂ ਆਪਣੇ ਪਰਿਵਾਰਾਂ ਨੂੰ ਭਾਰਤ ਵਿਚ ਭੇਜੇ ਜਾ ਰਹੇ ਪੈਸੇ ਵਿੱਚ ਵੀ ਕਮੀ ਹੋਣ ਦੀ ਸੰਭਾਵਨਾ ਹੈ। ਖਾੜੀ ਖੇਤਰ ਤੋਂ ਭਾਰਤੀ ਹਰ ਸਾਲ ਲਗਭਗ 50 ਅਰਬ ਡਾਲਰ ਭੇਜਦੇ ਹਨ ਅਤੇ ਹੁਣ ਦਿਨ ਪ੍ਰਤੀ ਦਿਨ ਇਸ ਟਕਰਾਅ ਦੇ ਲੰਮੇ ਚੱਲਣ ਕਾਰਨ, ਉੱਥੇ ਆਰਥਿਕ ਗਤੀਵਿਧੀਆਂ ਘਟਣ, ਨੌਕਰੀਆਂ ਖਤਰੇ ਵਿੱਚ ਪੈਣ ਅਤੇ ਮਜ਼ਦੂਰਾਂ ਦੇ ਵਾਪਸ ਆਉਣ ਕਾਰਨ ਇਸ ਵਿੱਚ 10-20 ਫ਼ੀਸਦੀ ਕਮੀ ਹੋ ਸਕਦੀ ਹੈ, ਜਿਸ ਦਾ ਵੱਧ ਅਸਰ ਕੇਰਲਾ, ਮਹਾਰਾਸ਼ਟਰ ਅਤੇ ਤਾਮਿਲਨਾਡੂ ਵਰਗੇ ਰਾਜਾਂ 'ਤੇ ਪਵੇਗਾ, ਜਿੱਥੋਂ ਵੱਡੀ ਗਿਣਤੀ ਭਾਰਤੀ ਖਾੜੀ ਦੇਸ਼ਾਂ ਵਿੱਚ ਕੰਮ ਕਰਨ ਲਈ ਗਏ ਹੋਏ ਹਨ।

ਮਹਿੰਗੀਆਂ ਦਰਾਮਦਾਂ, ਘੱਟ ਬਰਾਮਦਾਂ ਅਤੇ ਬਾਹਰੋਂ ਘੱਟ ਪੈਸੇ ਦੀ ਆਮਦ ਮਿਲ ਕੇ ਭਾਰਤੀ ਅਰਥਵਿਵਸਥਾ ਨੂੰ ਤਿੰਨ ਵੱਡੀਆਂ ਚੁਣੌਤੀਆਂ ਵੱਲ ਧੱਕ ਰਹੇ ਹਨ। ਜਿੱਥੇ ਸਭ ਤੋਂ ਪਹਿਲਾਂ ਭਾਰਤ ਵਿਚ ਮਹਿੰਗਾਈ ਵਧਣ ਦਾ ਖ਼ਦਸ਼ਾ ਹੈ, ਉਸਦੇ ਨਾਲ ਹੀ ਰੁਪਏ ਦੀ ਗਿਰਾਵਟ ਅਤੇ ਚਾਲੂ ਖਾਤੇ ਦਾ ਘਾਟਾ ਵੀ ਭਾਰਤ ਦੀ ਵਿਕਾਸ ਦਰ ਤੇ ਨਕਾਰਾਤਮਕ ਅਸਰ ਪਾ ਸਕਦਾ ਹੈ। ਜ਼ਿਕਰਯੋਗ ਹੈ ਕਿ ਗੈਸ ਦੇ ਰੇਟ ਵਧਣ ਤੋਂ ਬਾਅਦ ਭਾਰਤ ਦੀਆਂ ਵੱਡੀਆਂ ਹਵਾਈ ਜਹਾਜ਼ ਕੰਪਨੀਆਂ ਨੇ ਵੀ ਯਾਤਰੀ ਕਿਰਾਏ ਫਿਊਲ ਸਰਚਾਰਜ ਲਗਾ ਕੇ ਵਧਾ ਦਿੱਤੇ ਹਨ, ਜਿਸ ਨਾਲ ਯਾਤਰੀਆਂ ਨੂੰ ਵੱਧ ਕੀਮਤ ਅਦਾ ਕਰਨੀ ਪੈ ਰਹੀ ਹੈ। ਇਸ ਮਹਿੰਗਾਈ ਕਾਰਨ ਭਾਰਤੀ ਕੇਂਦਰੀ ਬੈਂਕ, ਜੋ ਹੁਣ ਤੱਕ ਵਿਆਜ ਦਰਾਂ ਨੂੰ ਘੱਟ ਰੱਖ ਕੇ ਸਰਕਾਰੀ ਕੰਪਨੀਆਂ ਅਤੇ ਆਮ ਲੋਕਾਂ ਨੂੰ ਮਦਦ ਪ੍ਰਦਾਨ ਕਰ ਰਿਹਾ ਸੀ, ਵੀ ਮਹਿੰਗਾਈ ਵਧਣ ਕਾਰਨ ਵਿਆਜ ਦਰਾਂ ਨੂੰ ਘੱਟ ਨਹੀਂ ਰੱਖ ਸਕੇਗਾ। ਇਸ ਕਾਰਨ ਲੋਕਾਂ ਨੂੰ ਕਰਜ਼ਿਆਂ ਦੀਆਂ ਵੱਧ ਅਦਾਇਗੀਆਂ ਕਰਨੀਆਂ ਪੈਣਗੀਆਂ। ਬੀਤੇ ਦਿਨੀਂ ਆਸਟ੍ਰੇਲੀਆ ਦੇ ਕੇਂਦਰੀ ਬੈਂਕ ਨੇ ਤਾਂ ਮਹਿੰਗਾਈ ਵਧਣ ਦੇ ਮੱਦੇਨਜ਼ਰ ਵਿਆਜ ਦਰ ਵਿਚ 0.25 ਫ਼ੀਸਦੀ ਦਾ ਵਾਧਾ ਕਰ ਵੀ ਦਿੱਤਾ ਹੈ। ਇਸ ਤਰ੍ਹਾਂ ਮੱਧ-ਪੂਰਬ ਦਾ ਤਣਾਅ ਭਾਰਤ ਲਈ ਊਰਜਾ ਨਿਰਭਰਤਾ, ਮਹਿੰਗਾਈ ਅਤੇ ਆਰਥਿਕ ਵਿਕਾਸ ਦੇ ਸੰਤੁਲਨ ਨੂੰ ਕਾਇਮ ਰੱਖਣ ਲਈ ਇੱਕ ਗੰਭੀਰ ਨੀਤੀਗਤ ਚੁਣੌਤੀ ਬਣਦਾ ਜਾ ਰਿਹਾ ਹੈ।

# ਜਲੰਧਰ ਦਿਹਾਤੀ ਪੁਲਿਸ ਵੱਲੋਂ ਨਸ਼ਾ ਵਿਰੋਧੀ ਮੁਹਿੰਮ ਤਹਿਤ ਵੱਖ-ਵੱਖ ਇਲਾਕਿਆਂ ਵਿੱਚ ਵੱਡੇ ਪੱਧਰ 'ਤੇ CASO ਆਪਰੇਸ਼ਨ

**ਜਲੰਧਰ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਐਮ.ਐੱਫ. ਫ਼ਾਰੂਕੀ, ਆਈਪੀਐਸ, ਏਡੀਜੀਪੀ SAP ਜਲੰਧਰ ਅਤੇ ਸ. ਹਰਵਿੰਦਰ ਸਿੰਘ ਵਿਰਕ, ਐਸਐਸਪੀ ਜਲੰਧਰ ਦਿਹਾਤੀ ਦੀ ਅਗਵਾਈ ਹੇਠ ਜਲੰਧਰ ਦਿਹਾਤੀ ਪੁਲਿਸ ਵੱਲੋਂ ਨਸ਼ਾ ਵਿਰੋਧੀ ਮੁਹਿੰਮ ਤਹਿਤ ਵੱਖ-ਵੱਖ ਇਲਾਕਿਆਂ ਵਿੱਚ ਕੋਰਡਨ ਐਂਡ ਸਰਚ ਆਪਰੇਸ਼ਨ (CASO) ਕੀਤਾ ਗਿਆ।

ਇਹ ਆਪਰੇਸ਼ਨ ਮੁਕੇਸ਼ ਕੁਮਾਰ, ਪੀਪੀਐਸ, ਪੁਲਿਸ ਕਪਤਾਨ (ਸਥਾਨਿਕ), ਨਰਿੰਦਰ ਸਿੰਘ ਔਜਲਾ, ਡੀਐਸਪੀ (ਸਬ ਡਿਵਿਜ਼ਨ ਕਰਤਾਰਪੁਰ) ਅਤੇ ਇੰਸਪੈਕਟਰ ਰਮਨਦੀਪ ਸਿੰਘ, ਐਸਐਚਓ ਥਾਣਾ ਕਰਤਾਰਪੁਰ ਦੀ ਨਿਗਰਾਨੀ ਹੇਠ ਕੀਤਾ ਗਿਆ। ਪੁਲਿਸ ਨੂੰ ਮਿਲੀ ਜਾਣਕਾਰੀ ਦੇ ਆਧਾਰ 'ਤੇ ਉਹਨਾਂ ਥਾਵਾਂ 'ਤੇ ਵਿਸ਼ੇਸ਼ ਚੈਕਿੰਗ ਕੀਤੀ ਗਈ ਜਿੱਥੇ ਨਸ਼ੇ ਦੀ ਵਿਕਰੀ ਜਾਂ ਹੋਰ ਨਸ਼ਾ ਸੰਬੰਧੀ ਗਤੀਵਿਧੀਆਂ ਦੀ ਸੰਭਾਵਨਾ ਸੀ। ਲਗਭਗ 125 ਪੁਲਿਸ ਕਰਮਚਾਰੀ ਇਸ ਆਪਰੇਸ਼ਨ ਲਈ ਤੈਨਾਤ ਕੀਤੇ ਗਏ।

ਐਮ.ਐੱਫ. ਫ਼ਾਰੂਕੀ, ਆਈਪੀਐਸ, ਏਡੀਜੀਪੀ SAP ਜਲੰਧਰ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਅੱਜ ਜਲੰਧਰ ਦਿਹਾਤੀ ਖੇਤਰ ਵਿੱਚ ਵਿਸ਼ੇਸ਼ ਚੈਕਿੰਗ ਕੀਤੀ ਗਈ। ਇਸ ਦੌਰਾਨ ਜ਼ਿਲ੍ਹੇ ਦੇ ਸਾਰੇ ਸੰਵੇਦਨਸ਼ੀਲ ਅਤੇ ਹਾਟਸਪਾਟ ਇਲਾਕਿਆਂ ਵਿੱਚ ਪੁਲਿਸ ਵੱਲੋਂ ਸਾਂਝੀ ਕਾਰਵਾਈ ਕੀਤੀ ਗਈ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਡੀਜੀਪੀ ਪੰਜਾਬ ਦੇ ਨਿਰਦੇਸ਼ਾਂ ਅਨੁਸਾਰ ਨਸ਼ੇ ਨੂੰ ਖਤਮ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਜਨਤਾ ਨਾਲ ਸੰਪਰਕ ਕਰਕੇ ਅਤੇ ਜਾਗਰੂਕਤਾ ਮੁਹਿੰਮਾਂ ਰਾਹੀਂ ਨਸ਼ਿਆਂ ਦੀ ਮੰਗ ਘਟਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ, ਤਾਂ ਜੋ ਨੌਜਵਾਨ ਪੀੜ੍ਹੀ ਇਸ ਬੁਰਾਈ ਤੋਂ ਦੂਰ ਰਹੇ। ਨਾਲ ਹੀ, ਨਸ਼ਿਆਂ ਦੀ ਸਪਲਾਈ ਲਾਈਨ ਤੋੜਨ ਲਈ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਤਸਕਰਾਂ ਦਾ ਮਨੋਬਲ ਤੋੜਨਾ ਵੀ ਲਾਜ਼ਮੀ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਸਰਕਾਰ ਵੱਲੋਂ ਸਪਸ਼ਟ ਨਿਰਦੇਸ਼ ਹਨ ਕਿ ਹਰ ਜ਼ਿਲ੍ਹੇ ਦੇ ਅਧਿਕਾਰੀ ਖ਼ੁਦ ਇਸ ਮੁਹਿੰਮ ਦੀ ਅਗਵਾਈ ਕਰਨ। ਇਸ ਦੇ ਤਹਿਤ ਐਸਐਸਪੀ ਜਲੰਧਰ ਦਿਹਾਤੀ ਦੀ ਰਹਿਨੁਮਾਈ ਹੇਠ ਸੀਨੀਅਰ ਅਧਿਕਾਰੀ ਖ਼ੁਦ ਮੌਕੇ 'ਤੇ ਜਾ ਕੇ ਆਪਰੇਸ਼ਨਾਂ ਦੀ ਨਿਗਰਾਨੀ ਕਰ ਰਹੇ ਹਨ।

ਪਿੰਡ ਨਾਹਰਪੁਰ ਅਤੇ ਹੋਰ ਨਸ਼ਾ ਪ੍ਰਭਾਵਿਤ ਇਲਾਕਿਆਂ ਵਿੱਚ ਸਰਚ ਅਤੇ ਚੈਕਿੰਗ ਆਪਰੇਸ਼ਨ ਕੀਤੇ ਗਏ।

ਜਲੰਧਰ ਗ੍ਰਾਮੀਣ ਪੁਲਿਸ ਵੱਲੋਂ 01.03.2026 ਤੋਂ 18.03.2026 ਤੱਕ ਨਸ਼ਾ ਵਿਰੋਧੀ ਮੁਹਿੰਮ ਤਹਿਤ ਮਹੱਤਵਪੂਰਨ ਪ੍ਰਦਰਸ਼ਨ ਦਰਜ ਕੀਤਾ ਗਿਆ ਹੈ। ਇਸ ਦੌਰਾਨ ਕੁੱਲ 402 ਰੇਡਾਂ ਕੀਤੀਆਂ ਗਈਆਂ ਅਤੇ 187 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਦਕਿ 60 ਦੋਸ਼ੀਆਂ ਦੀ ਗ੍ਰਿਫ਼ਤਾਰੀ ਬਾਕੀ ਹੈ। ਇਸ ਸਮੇਂ ਦੌਰਾਨ NDPS ਐਕਟ ਤਹਿਤ 104 ਮਾਮਲੇ ਦਰਜ ਕਰਕੇ 122 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਇਸ ਦੌਰਾਨ NDPS ਐਕਟ ਤਹਿਤ 522 ਗ੍ਰਾਮ ਹੈਰੋਇਨ, 20 ਕਿਲੋਗ੍ਰਾਮ ਭੁੱਕੀ, 317 ਗ੍ਰਾਮ ਚਰਸ, 1922 ਗੋਲੀਆਂ/ਕੈਪਸੂਲ ਅਤੇ ?17,800/- ਡਰੱਗ ਮਨੀ ਬਰਾਮਦ ਕੀਤੀ ਗਈ।

ਇਸ ਤੋਂ ਇਲਾਵਾ ਆਰਮਜ਼ ਐਕਟ ਤਹਿਤ 04 ਮਾਮਲੇ ਦਰਜ ਕਰਕੇ 05 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ 02 ਪਿਸਤੌਲ, 01 ਰਿਵਾਲਵਰ, 04 ਕਾਰਤੂਸ, 04 ਖਾਲੀ ਖੋਲ ਅਤੇ 01 ਮੋਟਰਸਾਈਕਲ ਬਰਾਮਦ ਕੀਤਾ ਗਿਆ।

ਨਸ਼ਾ ਮੁਕਤੀ ਉਪਰਾਲਿਆਂ ਤਹਿਤ NDPS ਐਕਟ ਦੀ ਧਾਰਾ 64-ਏ ਹੇਠ 39 ਨਸ਼ਾ ਪੀੜਤਾਂ ਨੂੰ ਦਾਖ਼ਲ ਕਰਵਾਇਆ ਗਿਆ, ਜਦਕਿ 140 ਵਿਅਕਤੀਆਂ ਨੂੰ ਡੀ-ਐਡਿਕਸ਼ਨ ਸੈਂਟਰਾਂ ਵਿੱਚ ਅਤੇ 374 ਵਿਅਕਤੀਆਂ ਨੂੰ OOAT ਸੈਂਟਰਾਂ ਵਿੱਚ ਭੇਜਿਆ ਗਿਆ। ਇਸ ਸਮੇਂ ਦੌਰਾਨ ਜ਼ਿਲ੍ਹੇ ਵਿੱਚ ਕੁੱਲ 18 3ASO ਆਪਰੇਸ਼ਨ ਕੀਤੇ ਗਏ।

ਇਸ ਦੇ ਨਾਲ ਹੀ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਦਿਆਂ 06 ਗੈਰ-ਕਾਨੂੰਨੀ ਜਾਇਦਾਦਾਂ (ਕੁੱਲ ਮੁੱਲ ਲਗਭਗ ?1.50 ਕਰੋੜ) ਨੂੰ ਢਹਾਇਆ ਗਿਆ ਹੈ ਅਤੇ ਹੋਰ 07 ਮਾਮਲੇ ਜਾਇਦਾਦ ਢਹਾਉਣ ਲਈ ਪ੍ਰਸਤਾਵਿਤ ਹਨ। ਇਸ ਆਪਰੇਸ਼ਨ ਦਾ ਮੁੱਖ ਉਦੇਸ਼ ਨਸ਼ੇ ਨਾਲ ਜੁੜੇ ਵਿਅਕਤੀਆਂ ਦੀ ਪਛਾਣ ਕਰਕੇ ਉਨ੍ਹਾਂ ਦਾ ਇਲਾਜ ਡੀ-ਐਡਿਕਸ਼ਨ ਸੈਂਟਰਾਂ ਰਾਹੀਂ ਕਰਵਾਉਣਾ ਅਤੇ ਉਨ੍ਹਾਂ ਨੂੰ ਸਮਾਜ ਵਿੱਚ ਮੁੜ ਸ਼ਾਮਲ ਕਰਨਾ ਹੈ। ਨਾਲ ਹੀ ਨਸ਼ਿਆਂ ਦੀ ਵਿਕਰੀ ਜਾਂ ਵੰਡ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਜਲੰਧਰ ਦਿਹਾਤੀ ਪੁਲਿਸ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਵੀ ਜ਼ਿਲ੍ਹੇ ਵਿੱਚ ਇਸ ਤਰ੍ਹਾਂ ਦੀਆਂ ਨਸ਼ਾ ਵਿਰੋਧੀ ਮੁਹਿੰਮਾਂ ਜਾਰੀ ਰੱਖੀਆਂ ਜਾਣਗੀਆਂ ਤਾਂ ਜੋ ਨਸ਼ਿਆਂ ਦੇ ਖ਼ਤਰੇ ਨੂੰ ਕਾਬੂ ਕੀਤਾ ਜਾ ਸਕੇ।

# ਸੁਚਾਰੂ ਢੰਗ ਨਾਲ ਯਕੀਨੀ ਬਣਾਈ ਜਾਵੇਗੀ ਘਰੇਲੂ ਗੈਸ ਸਿਲੰਡਰਾਂ ਦੀ ਸਪਲਾਈ : ਕੈਬਨਿਟ ਮੰਤਰੀ

**ਜਲੰਧਰ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਜਲੰਧਰ ਵਾਸੀਆਂ ਨੂੰ ਘਰੇਲੂ ਗੈਸ ਸਿਲੰਡਰਾਂ ਦੀ ਸਪਲਾਈ ਦੌਰਾਨ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਸੁਚਾਰੂ ਢੰਗ ਨਾਲ ਸਪਲਾਈ ਯਕੀਨੀ ਬਣਾਈ ਜਾਵੇਗੀ।

ਕੈਬਨਿਟ ਮੰਤਰੀ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਹਦਾਇਤ ਕਰਦਿਆਂ ਕਿਹਾ ਕਿ ਇਸ ਸਬੰਧੀ ਗੈਸ ਏਜੰਸੀਆਂ ਦੀ ਚੈਕਿੰਗ ਲਗਾਤਾਰ ਜਾਰੀ ਰੱਖੀ ਜਾਵੇ, ਤਾਂ ਜੋ ਲੋਕਾਂ ਨੂੰ ਕਿਸੇ ਵੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਕ ਮੁਹਿੰਮ ਵਿੱਢ ਕੇ ਸਿਲੰਡਰਾਂ ਦਾ ਭਾਰ ਅਤੇ ਬੁਕਿੰਗ ਪ੍ਰਕਿਰਿਆ ਆਦਿ ਚੈੱਕ ਕੀਤੀ ਜਾਵੇ, ਤਾਂ ਜੋ ਘਰੇਲੂ ਗੈਸ ਸਿਲੰਡਰਾਂ ਦੀ ਸੁਚਾਰੂ, ਪਾਰਦਰਸ਼ੀ ਤੇ ਸਮੇਂ-ਸਿਰ ਸਪਲਾਈ ਹੋ ਸਕੇ।

ਸ਼੍ਰੀ ਭਗਤ ਨੇ ਕਾਲਾਬਾਜ਼ਾਰੀ ਅਤੇ ਗੈਰ-ਕਾਨੂੰਨੀ ਜਮ੍ਹਾਖੋਰੀ ਕਰਨ ਵਾਲਿਆਂ ਨੂੰ ਸਖ਼ਤ ਚੇਤਾਵਨੀ ਦਿੰਦਿਆਂ ਕਿਹਾ ਕਿ ਅਜਿਹਾ ਮਾਮਲਾ ਸਾਹਮਣੇ ਆਉਣ 'ਤੇ ਕਾਨੂੰਨ ਅਨੁਸਾਰ ਕਾਰਵਾਈ ਜਾਵੇਗੀ।

ਆਮ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਤੋਂ ਬਚਾਉਣ ਲਈ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਦ੍ਰਿੜ ਵਚਨਬੱਧਤਾ ਦੁਹਰਾਉਂਦਿਆਂ ਕੈਬਨਿਟ ਮੰਤਰੀ ਨੇ ਲੋਕਾਂ ਨੂੰ ਘਬਰਾਹਟ ਵਿੱਚ ਆ ਕੇ ਗੈਰ-ਜ਼ਰੂਰੀ ਖ਼ਰੀਦਦਾਰੀ ਕਰਨ ਤੋਂ ਗੁਰੇਜ਼ ਕਰਨ ਦੀ ਅਪੀਲ ਵੀ ਕੀਤੀ। ਉਨ੍ਹਾਂ ਜਨਤਾ ਨੂੰ ਅਫ਼ਵਾਹਾਂ ਤੋਂ ਸੁਚੇਤ ਰਹਿਣ ਲਈ ਵੀ ਕਿਹਾ।

ਸ਼੍ਰੀ ਭਗਤ ਨੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਵਾਲੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਜਾਰੀ ਵਟਸਐਪ ਹੈਲਪਲਾਈਨ ਨੰਬਰ 9646222555 ਬਾਰੇ ਦੱਸਦਿਆਂ ਕਿਹਾ ਕਿ ਇਸ ਹੈਲਪਲਾਈਨ ਨੰਬਰ 'ਤੇ ਗੈਸ ਸਿਲੰਡਰਾਂ ਦੀ ਕਾਲਾਬਾਜ਼ਾਰੀ ਬਾਰੇ ਵਟਸਐਪ ਮੈਸੇਜ ਰਾਹੀਂ ਸੂਚਨਾ ਭੇਜੀ ਜਾ ਸਕਦੀ ਹੈ।

ਉਨ੍ਹਾਂ ਕਿਹਾ ਕਿ ਸੂਬੇ ਦੀ ਮਾਨ ਸਰਕਾਰ ਕਿਸੇ ਵੀ ਕੀਮਤ 'ਤੇ ਅਜਿਹੇ ਦੋਸ਼ੀਆਂ ਨੂੰ ਨਹੀਂ ਬਖਸ਼ੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਉਨ੍ਹਾਂ ਨੂੰ ਕਿਤੇ ਵੀ ਗੈਸ ਸਿਲੰਡਰਾਂ ਦੀ ਕਾਲਾਬਾਜ਼ਾਰੀ ਬਾਰੇ ਕੋਈ ਜਾਣਕਾਰੀ ਮਿਲਦੀ ਹੈ, ਤਾਂ ਤੁਰੰਤ ਉਕਤ ਹੈਲਪਲਾਈਨ ਨੰਬਰ ਰਾਹੀਂ ਸਾਂਝੀ ਕੀਤੀ ਜਾਵੇ, ਤਾਂ ਜੋ ਤੁਰੰਤ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ।

# ਕੰਢੀ ਇਲਾਕਾ ਹੁਣ ਪਛੜਿਆ ਨਹੀਂ ਰਿਹਾ: ਭਗਵੰਤ ਮਾਨ ਸਰਕਾਰ ਨੇ ਨਹਿਰੀ ਪਾਣੀ ਉੱਚੇ ਇਲਾਕਿਆਂ ਤੱਕ ਪਹੁੰਚਾਇਆ

**ਚੰਡੀਗੜ੍ਹ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਹਰ ਖੇਤਰ ਵਿੱਚ ਆਪਣੇ ਵਾਅਦੇ ਨਿਭਾਅ ਰਹੀ ਹੈ ਅਤੇ ਸਾਰੀਆਂ ਗਾਰੰਟੀਆਂ ਬਿਨਾਂ ਕਿਸੇ ਪੱਖਪਾਤ ਤੋਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਲੰਮੇ ਸਮੇਂ ਤੋਂ ਅਣਦੇਖੀ ਦਾ ਸ਼ਿਕਾਰ ਰਹੇ ਕੰਢੀ ਇਲਾਕੇ ਵਿੱਚ ਮਾਨ ਸਰਕਾਰ ਨੇ ਸਿੰਚਾਈ ਖੇਤਰ ਵਿੱਚ ਵੱਡੀ ਪ੍ਰਾਪਤੀ ਦਰਜ ਕੀਤੀ ਹੈ ਅਤੇ ਨੀਮ-ਪਹਾੜੀ ਇਲਾਕੇ ਨੂੰ ਖੇਤੀਯੋਗ ਮੌਕਿਆਂ ਵਿੱਚ ਤਬਦੀਲ ਕਰ ਦਿੱਤਾ ਹੈ।

ਮਾਨ ਸਰਕਾਰ ਨੇ 214 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਗਈ ਕਾਠਗੜ੍ਹ ਲਿਫਟ ਸਿੰਚਾਈ ਯੋਜਨਾ ਰਾਹੀਂ ਪਹਿਲੀ ਵਾਰ ਨਹਿਰੀ ਪਾਣੀ ਨੂੰ ਉੱਚੇ ਇਲਾਕਿਆਂ ਤੱਕ ਪਹੁੰਚਾਇਆ ਹੈ। ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਿਸਾਨ-ਹਿਤੈਸ਼ੀ ਨੀਤੀਆਂ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਇਸ ਪ੍ਰਾਜੈਕਟ ਨਾਲ ਪਾਣੀ ਦੀ ਵਰਤੋਂ ਵਧੀਆ ਢੰਗ ਨਾਲ ਹੋਵੇਗੀ, ਵੱਡੇ ਪੱਧਰ 'ਤੇ ਢਾਂਚਾਗਤ ਨਿਵੇਸ਼ ਹੋਵੇਗਾ ਅਤੇ ਕਿਸਾਨਾਂ ਨੂੰ ਰਾਹਤ ਦੇਣ ਸਣੇ ਉਨ੍ਹਾਂ ਦੀ ਜ਼ਿੰਦਗੀ ਵਿੱਚ ਆਰਥਿਕ ਪੱਧਰ 'ਤੇ ਬਦਲਾਅ ਲਿਆਉਣ ਵਾਲੀ ਦੂਰਦਰਸ਼ੀ ਸੋਚ ਨੂੰ ਮਜ਼ਬੂਤੀ ਮਿਲੀ ਹੈ।

ਇਸ ਇਤਿਹਾਸਕ ਕਦਮ ਤਹਿਤ ਬਰਿੰਦਰ ਕੁਮਾਰ ਗੋਇਲ ਨੇ ਅੱਜ 214 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਕਾਠਗੜ੍ਹ ਲਿਫਟ ਸਿੰਚਾਈ ਯੋਜਨਾ ਦਾ ਉਦਘਾਟਨ ਕੀਤਾ। ਇਸ ਯੋਜਨਾ ਨਾਲ ਪਹਿਲੀ ਵਾਰ ਨਹਿਰੀ ਪਾਣੀ ਨੂੰ ਉੱਚੇ ਖੇਤਰਾਂ ਵਿੱਚ ਸਫ਼ਲਤਾਪੂਰਵਕ ਪਹੁੰਚਾਇਆ ਗਿਆ ਹੈ, ਜਿਸ ਨਾਲ ਕੰਢੀ ਇਲਾਕੇ ਦੀ ਸੁੱਕੀ ਅਤੇ ਮੀਂਹ 'ਤੇ ਨਿਰਭਰ ਜ਼ਮੀਨ ਨੂੰ ਯਕੀਨਨ ਸਿੰਚਾਈ ਸਹੂਲਤਾਂ ਮਿਲਣਗੀਆਂ।

ਉਨ੍ਹਾਂ ਦੱਸਿਆ ਕਿ ਇਸ ਪ੍ਰਾਜੈਕਟ ਨਾਲ ਲਗਭਗ 33 ਪਿੰਡਾਂ ਦੀ 11,500 ਏਕੜ ਜ਼ਮੀਨ ਨੂੰ ਸਿੰਚਾਈ ਸਹੂਲਤ ਮਿਲੇਗੀ, ਜਿਸ ਨਾਲ ਖੇਤੀਬਾੜੀ ਉਤਪਾਦਕਤਾ ਵਿੱਚ ਵਾਧਾ ਹੋਵੇਗਾ ਅਤੇ ਕਿਸਾਨਾਂ ਦੀ ਆਮਦਨ ਵਿੱਚ ਇਜ਼ਾਫ਼ਾ ਹੋਵੇਗਾ। ਇਹ ਪਹਿਲ ਖੇਤਰ ਦੀ ਖੇਤੀਬਾੜੀ ਤਸਵੀਰ ਨੂੰ ਬਦਲਣ ਵਿੱਚ ਮੀਲ ਪੱਥਰ ਸਾਬਤ ਹੋਵੇਗੀ ਅਤੇ ਕਿਸਾਨਾਂ ਨੂੰ ਵਧੀਆ ਫ਼ਸਲਾਂ ਉਗਾਉਣ ਦੇ ਨਾਲ-ਨਾਲ ਜ਼ਮੀਨ ਦੀ ਕੀਮਤ ਵਧਾਉਣ ਵਿੱਚ ਮਦਦ ਕਰੇਗੀ।

ਉਦਘਾਟਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ, ÷ਕਾਠਗੜ੍ਹ ਲਿਫ਼ਟ ਸਿੰਚਾਈ ਯੋਜਨਾ ਕੰਢੀ ਨਹਿਰ ਸਿਸਟਮ ਅਤੇ ਬਿਸਤ-ਦੁਆਬ ਪ੍ਰਣਾਲੀ ਰਾਹੀਂ, ਉਚਾਈ ਕਾਰਨ ਸਿੰਜਾਈ ਤੋਂ ਵਾਂਝੇ ਰਹਿ ਗਏ ਖੇਤਰਾਂ ਨੂੰ ਸਿੰਚਾਈ ਸਹੂਲਤਾਂ ਮੁਹੱਈਆ ਕਰਵਾਉਣ ਲਈ ਇਹ ਇਕ ਇਤਿਹਾਸਿਕ ਉਪਰਾਲਾ ਸਾਬਿਤ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਨਾਲ ਇਸ ਖੇਤਰ ਨੂੰ ਬਹੁਤ ਲਾਭ ਹੋਵੇਗਾ ਅਤੇ ਧਰਤੀ ਹੇਠਲੇ ਪਾਣੀ 'ਤੇ ਦਬਾਅ ਵੀ ਘਟੇਗਾ।÷



ਇਸ ਪ੍ਰਾਜੈਕਟ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਨੂੰ ਤਿੰਨ ਪੜਾਵਾਂ ਵਿੱਚ ਮੁਕੰਮਲ ਕੀਤਾ ਜਾਵੇਗਾ। ਉਨ੍ਹਾਂ ਕਿਹਾ, 67 ਕਰੋੜ ਰੁਪਏ ਦੀ ਲਾਗਤ ਵਾਲਾ ਪਹਿਲਾ ਪੜਾਅ ਫਰਵਰੀ 2026 ਵਿੱਚ ਮੁਕੰਮਲ ਹੋ ਚੁੱਕਾ ਹੈ ਜਿਸ ਤਹਿਤ 13 ਪਿੰਡਾਂ ਦੇ 4,000 ਏਕੜ ਰਕਬੇ ਨੂੰ ਕਵਰ ਕੀਤਾ ਗਿਆ ਹੈ। 107 ਕਰੋੜ ਰੁਪਏ ਦੀ ਲਾਗਤ ਵਾਲੇ ਦੂਜਾ ਪੜਾਅ ਦੇ ਸਤੰਬਰ 2026 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ ਜਿਸ ਤਹਿਤ 14 ਪਿੰਡਾਂ ਦੇ 5,500 ਏਕੜ ਰਕਬੇ ਨੂੰ ਕਵਰ ਕੀਤਾ ਜਾਵੇਗਾ ਜਦੋਂ ਕਿ 40 ਕਰੋੜ ਦੀ ਲਾਗਤ ਵਾਲੇ ਤੀਜੇ ਪੜਾਅ ਨਾਲ 6 ਪਿੰਡਾਂ ਵਿੱਚ 2,000 ਏਕੜ ਰਕਬੇ ਲਈ ਸਿੰਚਾਈ ਯਕੀਨੀ ਬਣਾਏਗੀ ਜਾਵੇਗੀ।÷ ਉਨ੍ਹਾਂ ਕਿਹਾ ਕਿ ਬਿਜਲੀ ਦੇ ਬੋਝ ਨੂੰ ਘੱਟ ਕਰਨ ਲਈ 650 ਕਿਲੋਵਾਟ ਦਾ ਸੋਲਰ ਪਲਾਂਟ ਵੀ ਲਗਾਇਆ ਗਿਆ ਹੈ।

ਤਕਨੀਕੀ ਪਹਿਲੂਆਂ ਨੂੰ ਉਜਾਗਰ ਕਰਦਿਆਂ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਇਸ ਸਕੀਮ ਨੂੰ ਬਿਸਤ ਦੁਆਬ ਨਹਿਰ ਨਾਲ ਜੋੜਿਆ ਗਿਆ ਹੈ ਜਿਸ ਦੀ ਡਿਸਚਾਰਜ ਸਮਰੱਥਾ 67 ਕਿਊਸਿਕ ਹੈ। ਇਸ ਤਹਿਤ ਪੰਪਾਂ ਰਾਹੀਂ ਪਾਣੀ ਉਪਰ ਚੁੱਕਿਆ ਜਾਵੇਗਾ ਅਤੇ ਉੱਚ-ਨੀਵੇਂ ਅਤੇ ਅਰਧ-ਪਹਾੜੀ ਖੇਤੀਬਾੜੀਯੋਗ ਖੇਤਰਾਂ ਵਿੱਚ ਇੱਕ ਵਿਸ਼ਾਲ ਪਾਈਪਲਾਈਨ ਨੈਟਵਰਕ ਰਾਹੀਂ ਸਪਲਾਈ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਪੰਪ ਹਾਊਸ ਲਈ ਵਿਭਾਗ ਦੀ ਮੌਜੂਦਾ ਜ਼ਮੀਨ ਦੀ ਵਰਤੋਂ ਕੀਤੀ ਗਈ ਸੀ ਜਿਸ ਨਾਲ ਜ਼ਮੀਨ ਪ੍ਰਾਪਤੀ ਦੀ ਜ਼ਰੂਰਤ ਨਹੀਂ ਸੀ।

ਇਸ ਪ੍ਰਾਜੈਕਟ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਮੰਤਰੀ ਨੇ ਅੱਗੇ ਕਿਹਾ, ÷ਧਰਤੀ ਹੇਠਲੇ ਪਾਣੀ ਦੇ ਪੱਧਰ ਵਿੱਚ ਕਮੀ ਅਤੇ ਟਿਊਬਵੈੱਲਾਂ ਬੰਦ ਹੋਣ ਕਾਰਨ ਕੰਢੀ ਖੇਤਰ ਦੇ ਕਿਸਾਨਾਂ ਨੂੰ ਬਾਰਿਸ਼ 'ਤੇ ਬਹੁਤ ਜ਼ਿਆਦਾ ਨਿਰਭਰ ਕਰਨਾ ਪੈਂਦਾ ਸੀ, ਜਿਸ ਕਾਰਨ ਫਸਲੀ ਵਿਭਿੰਨਤਾ ਅਤੇ ਉਤਪਾਦਕਤਾ ਸੀਮਤ ਰਹਿ ਗਈ ਸੀ।

ਅਰਧ-ਪਹਾੜੀ ਇਲਾਕਾ ਹੋਣ ਕਰਕੇ, ਰਵਾਇਤੀ ਨਹਿਰੀ ਪ੍ਰਣਾਲੀਆਂ ਪਹਿਲਾਂ ਸੰਭਵ ਨਹੀਂ ਸਨ, ਜਿਸ ਕਾਰਨ ਜ਼ਮੀਨ ਦੀਆਂ ਕੀਮਤਾਂ ਵੀ ਘੱਟ ਸਨ। ਇਸ ਪ੍ਰਾਜੈਕਟ ਨੂੰ ਡਿਜ਼ਾਈਨ ਕਰਨ ਲਈ ਉੱਨਤ ਸੈਟੇਲਾਈਟ ਅਤੇ ਡਰੋਨ ਸਰਵੇਖਣ ਕੀਤੇ ਗਏ ਅਤੇ ਆਈ.ਆਈ.ਟੀ ਰੁੜਕੀ ਅਤੇ ਆਈ.ਆਈ.ਟੀ ਰੋਪੜ ਵਿਖੇ ਤਕਨੀਕੀ ਸਟਾਫ ਨੂੰ ਸਿਖਲਾਈ ਦਿੱਤੀ ਗਈ, ਜਿਸ ਤੋਂ ਬਾਅਦ ਇਸ ਨੂੰ ਛੇ ਮਹੀਨਿਆਂ ਅੰਦਰ ਜੰਗੀ ਪੱਧਰ 'ਤੇ ਲਾਗੂ ਕੀਤਾ ਗਿਆ।

ਉਨ੍ਹਾਂ ਅੱਗੇ ਕਿਹਾ, ਇਸ ਪ੍ਰਾਜੈਕਟ ਤੋਂ ਪਹਿਲਾਂ ਬਲਾਚੌਰ ਹਲਕੇ ਦੇ 72 ਪਿੰਡਾਂ ਵਿੱਚ 28,205 ਏਕੜ 'ਤੇ ਸਿੰਚਾਈ ਦੀ ਸਹੂਲਤ ਉਪਲਬਧ ਸੀ। ਇਸ ਯੋਜਨਾ ਦੇ ਮੁਕੰਮਲ ਹੋਣ ਨਾਲ ਸਿੰਚਾਈ ਦਾ ਦਾਇਰਾ 105 ਪਿੰਡਾਂ ਵਿੱਚ 39,705 ਏਕੜ ਤੱਕ ਪਹੁੰਚ ਜਾਵੇਗਾ। ਉਨ੍ਹਾਂ ਦੱਸਿਆ ਕਿ ਸੁਚੱਜੇ ਢੰਗ ਨਾਲ ਖੇਤਾਂ ਤੱਕ ਪਾਣੀ ਪਹੁੰਚਣ ਲਈ ਲਗਭਗ 94,000 ਕਿਲੋਮੀਟਰ ਪਾਈਪਲਾਈਨਾਂ ਵਿਛਾਈਆਂ ਗਈਆਂ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਸੂਬੇ ਨੇ ਸਿੰਚਾਈ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਨਿਰਵਿਘਨ ਨਹਿਰੀ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਹੁਣ ਤੱਕ 6700 ਕਰੋੜ ਰੁਪਏ ਖਰਚ ਕੀਤੇ ਹਨ।

ਉਨ੍ਹਾਂ ਕਿਹਾ, "ਪਹਿਲਾਂ ਸਿੰਚਾਈ ਲਈ ਸਿਰਫ਼ 22 ਫੀਸਦੀ ਪਾਣੀ ਦੀ ਵਰਤੋਂ ਕੀਤੀ ਜਾਂਦੀ ਸੀ ਪਰ ਮਾਨ ਸਰਕਾਰ ਦੇ ਸੁਹਿਰਦ ਯਤਨਾਂ ਸਦਕਾ ਨਹਿਰੀ ਪਾਣੀ ਵਰਤੋਂ ਹੁਣ ਵਧ ਕੇ 78 ਫ਼ੀਸਦੀ ਹੋ ਗਈ ਹੈ। ਨਹਿਰਾਂ ਦੀ ਮਜ਼ਬੂਤੀ ਨਾਲ ਧਰਤੀ ਹੇਠਲੇ ਪਾਣੀ ਦੇ ਪੱਧਰ ਵਿੱਚ ਸੁਧਾਰ, ਬਿਜਲੀ ਦੀ ਖਪਤ ਵਿੱਚ ਕਮੀ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਵੀ ਵਾਧਾ ਹੋਇਆ ਹੈ।



ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਕੀਟਨਾਸ਼ਕਾਂ ਦੇ ਕਈ ਪੜਾਵਾਂ 'ਤੇ ਖੋਜ-ਤਜਰਬੇ ਕੀਤੇ ਜਾਂਦੇ ਹਨ ਤੇ ਇਸ ਤੋਂ ਬਾਅਦ ਹੀ ਇਨ੍ਹਾਂ ਦੀ ਵਰਤੋਂ ਲਈ ਸਿਫਾਰਸ਼ ਕੀਤੀ ਜਾਂਦੀ ਹੈ...

# ਕੀਟਨਾਸ਼ਕਾਂ ਦੀ ਸਿਫਾਰਸ਼ ਲਈ ਵਰਤੀ ਜਾਂਦੀ ਵਿਧੀ

• ਵਿਜੈ ਕੁਮਾਰ, ਬਲਵਿੰਦਰ ਸਿੰਘ

*ਦੇਸ਼ ਦੀ ਵੱਧਦੀ ਆਬਾਦੀ ਦਾ ਪੇਟ ਭਰਨ ਲਈ ਪੰਜਾਬ ਵਿਚ ਆਧੁਨਿਕ ਖੇਤੀ ਕੀਤੀ ਜਾਂਦੀ ਹੈ। ਵੱਖ-ਵੱਖ ਗਰੁੱਪਾਂ ਦੀਆਂ ਜ਼ਹਿਰਾਂ, ਜਿਵੇਂ ਔਰਗੈਨੋਕਲੋਰੀਨ 1950 ਵਿਚ, ਔਰਗੈਨੋਫਾਸਫੇਟ 1960 ਵਿਚ, ਕਾਰਬਾਮੇਟ 1970 ਵਿਚ, ਪਾਈਰੀਥਰਾਇਡ 1980 ਵਿਚ ਅਤੇ ਉੱਲੀਨਾਸ਼ਕ ਤੇ ਨਦੀਨਨਾਸ਼ਕ ਦੇ 1970-80 ਵਿਚ ਆਉਣ ਨਾਲ ਕੀੜਿਆਂ, ਬਿਮਾਰੀਆਂ ਤੇ ਨਦੀਨਾਂ ਉੱਪਰ ਕਾਬੂ ਪਾਉਣ 'ਚ ਮਹੱਤਵਪੂਰਨ ਯੋਗਦਾਨ ਪਾਇਆ ਤੇ ਇਸ ਨਾਲ ਫ਼ਸਲਾਂ ਦੀ ਪੈਦਾਵਾਰ 'ਚ ਵੀ ਵਾਧਾ ਹੋਇਆ। ਵੱਖ-ਵੱਖ ਯੂਨੀਵਰਸਿਟੀਆਂ ਵੱਲੋਂ ਕੀਟਨਾਸ਼ਕਾਂ ਦੇ ਪਰੀਖਣ ਤੇ ਸਿਫਾਰਸ਼ ਕਰਨ ਵਿਚ ਫ਼ਰਕ ਹੈ। ਦੇਸ਼ ਦੀਆਂ ਕੁਝ ਖੇਤੀਬਾੜੀ ਯੂਨੀਵਰਸਿਟੀਆਂ ਕੀਟਨਾਸ਼ਕਾਂ ਨੂੰ ਆਪਣੇ ਪੱਧਰ ਤੇ ਪਰੀਖਣ ਕੀਤੇ ਬਗੈਰ ਹੀ ਕੇਂਦਰੀ ਕੀਟਨਾਸ਼ਕ ਬੋਰਡ ਦੀਆਂ ਸਿਫਾਰਸ਼ ਨੂੰ ਮੰਨ ਲੈਂਦੀਆਂ ਹਨ। ਕੇਂਦਰੀ ਕੀਟਨਾਸ਼ਕ ਬੋਰਡ ਵੱਲੋਂ ਕਿਸੇ ਵੀ ਕੀਟਨਾਸ਼ਕ ਨੂੰ ਰਜਿਸਟਰਡ ਕਰਨ ਤੇ ਸਿਫਾਰਸ਼ ਕਰਨ ਤੋਂ ਪਹਿਲਾਂ ਖੇਤੀਬਾੜੀ ਯੂਨੀਵਰਸਿਟੀਆਂ ਵੱਲੋਂ ਤਜ਼ਰਬਿਆਂ ਅਧੀਨ ਫ਼ਸਲ ਉੱਪਰ ਕੀਟਨਾਸ਼ਕਾਂ ਦੇ ਮਾੜੇ ਪ੍ਰਭਾਵ, ਕੀੜਿਆਂ ਨੂੰ ਮਾਰਨ ਦੀ ਸਮਰਥਾ, ਫ਼ਸਲ ਵਿਚ ਰਹਿੰਦ-ਖੂੰਹਦ ਤੇ ਮਿੱਤਰ ਕੀੜਿਆਂ ਉੱਪਰ ਮਾੜੇ ਪ੍ਰਭਾਵ ਦਾ ਦੋ ਸਾਲ ਲਈ ਅੰਕੜਾ ਲਿਆ ਜਾਂਦਾ ਹੈ ਅਤੇ ਇਸ ਤੋਂ ਬਾਅਦ ਹੀ ਕੀਟਨਾਸ਼ਕਾਂ ਦੇ ਵਰਤਣ ਦੀ ਸਿਫਾਰਸ਼ ਕੀਤੀ ਜਾਂਦਾ ਹੈ। ਵੱਖ-ਵੱਖ ਸੂਬਿਆਂ ਦੀਆਂ ਖੇਤੀਬਾੜੀ ਯੂਨੀਵਰਸਿਟੀਆਂ, ਕੇਂਦਰੀ ਕੀਟਨਾਸ਼ਕ ਬੋਰਡ ਤੇ ਹੋਰ ਅਦਾਰਿਆਂ ਵੱਲੋਂ ਕੀੜਿਆਂ, ਬਿਮਾਰੀਆਂ ਤੇ ਨਦੀਨਾਂ ਦੀ ਰੋਕਥਾਮ ਲਈ ਕੀਟਨਾਸ਼ਕਾਂ, ਉੱਲੀਨਾਸ਼ਕਾਂ ਤੇ ਨਦੀਨਨਾਸ਼ਕਾਂ ਦਾ ਮੁਲਾਂਕਣ ਤੇ ਸਿਫਾਰਸ਼ ਕਰਨ ਲਈ ਅਪਣਾਈ ਜਾਂਦੀ ਵਿਧੀ ਇਸ ਪ੍ਰਕਾਰ ਹੈ :*

## ਪੀਏਯੂ, ਲੁਧਿਆਣਾ ਦੀ ਵਿਧੀ

**ਨਵੇਂ ਕੀਟਨਾਸ਼ਕ** : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਨਵੇਂ ਕੀਟਨਾਸ਼ਕਾਂ ਦੇ ਵੱਖ-ਵੱਖ ਜ਼ਿਲ੍ਹਿਆਂ 'ਚ ਦੋ ਸਾਲ ਦੇ ਤਜ਼ਰਬਿਆਂ ਦੌਰਾਨ ਕੀਟਨਾਸ਼ਕਾਂ ਦੀ ਵੱਖ-ਵੱਖ ਕੀੜਿਆਂ ਨੂੰ ਮਾਰਨ ਦੀ ਸਮਰਥਾ, ਮਿੱਤਰ ਕੀੜਿਆਂ ਉੱਪਰ ਅਸਰ, ਫ਼ਸਲ 'ਚ ਰਹਿੰਦ-ਖੂੰਹਦ ਤੇ ਝਾੜ ਦੇ ਅੰਕੜਿਆਂ ਨੂੰ ਇਕੱਠਾ ਕੀਤਾ ਜਾਂਦਾ ਹੈ ਤੇ ਇਨ੍ਹਾਂ ਅੰਕੜਿਆਂ ਨੂੰ ਵਿਭਾਗ ਦੀ ਖੋਜ ਕਮੇਟੀ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਯੂਨੀਵਰਸਿਟੀ ਪੱਧਰ ਦੀ ਖੋਜ ਮੁਲਾਂਕਣ ਕਮੇਟੀ (ਆਰਈਸੀ), ਜਿਸ 'ਚ ਨਿਰਦੇਸ਼ਕ ਖੋਜ (ਚੇਅਰਮੈਨ), ਨਿਰਦੇਸ਼ਕ ਪਸਾਰ, ਸਾਰੇ ਐਡੀਸ਼ਨਲ ਖੋਜ ਤੇ ਪਸਾਰ ਨਿਰਦੇਸ਼ਕ, ਸਾਰੇ ਵਿਭਾਗਾਂ ਦੇ ਮੁਖੀ ਤੇ ਸੀਨੀਅਰ ਪਸਾਰ ਮਾਹਿਰਾਂ ਦੁਆਰਾ ਕੀਟਨਾਸ਼ਕਾਂ ਦੀ ਕਾਰਜ ਸਮਰਥਾ ਦਾ ਪਰੀਖਣ ਕੀਤਾ ਜਾਂਦਾ ਹੈ। ਜੇ ਕਮੇਟੀ ਸੰਤੁਸ਼ਟ ਹੋਵੇ ਤਾਂ ਇਨ੍ਹਾਂ ਦੇ ਹੋਰ ਪ੍ਰੀਖਣ ਲਈ ਵੱਖ-ਵੱਖ ਥਾਵਾਂ 'ਤੇ ਤੀਜੇ ਸਾਲ ਲਈ ਖੋਜ ਤੇ ਵੱਖ-ਵੱਖ ਜ਼ਿਲ੍ਹਿਆਂ 'ਚ ਕਿਸਾਨਾਂ ਦੇ ਖੇਤਾਂ 'ਚ ਤਜ਼ਰਬਿਆਂ ਲਈ ਪ੍ਰਵਾਨਗੀ ਦਿੱਤੀ ਜਾਂਦੀ ਹੈ। ਪੀਏਯੂ ਦੇ ਫਾਰਮ ਸਲਾਹਕਾਰੀ ਸੇਵਾ ਕੇਂਦਰਾਂ ਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਦੇ ਵਿਗਿਆਨੀਆਂ ਵੱਲੋਂ ਕਿਸਾਨਾਂ ਦੇ ਖੇਤਾਂ 'ਚ ਤਰਜ਼ਬੇ ਕੀਤੇ ਜਾਂਦੇ ਹਨ। ਤਜ਼ਰਬਿਆਂ ਮਗਰੋਂ ਇਕੱਤਰ ਅੰਕੜਿਆਂ ਨੂੰ ਵਿਭਾਗੀ ਤੇ ਯੂਨੀਵਰਸਿਟੀ ਪੱਧਰ ਦੀਆਂ ਖੋਜ ਕਮੇਟੀਆਂ 'ਚ ਵਿਚਾਰ ਵਟਾਂਦਰੇ ਤੋਂ ਬਾਅਦ ਫ਼ਸਲਾਂ ਲਈ ਸਿਫਾਰਸ਼ਾਂ ਦੀ ਕਿਤਾਬ 'ਚ ਸ਼ਾਮਲ ਕਰ ਲਿਆ ਜਾਂਦਾ ਹੈ।

**ਨਵੇਂ ਮਾਰਕੇ** : ਪਹਿਲਾਂ ਸਿਫਾਰਸ਼ ਕੀਤੇ ਗਏ ਕੀਟਨਾਸ਼ਕਾਂ ਦੇ ਨਵੇਂ ਮਾਰਕੇ ਵਿਕਸਿਤ ਕਰਨ ਲਈ ਪੀਏਯੂ ਵੱਲੋਂ ਇਕ ਸਾਲ ਦੀ ਖੋਜ ਤੇ ਵੱਖ-ਵੱਖ ਜ਼ਿਲ੍ਹਿਆਂ 'ਚ ਕਿਸਾਨਾਂ ਦੇ ਖੇਤਾਂ 'ਚ ਤਜ਼ਰਬੇ ਕੀਤੇ ਜਾਂਦੇ ਹਨ। ਇਕੱਤਰ ਅੰਕੜਿਆਂ ਨੂੰ ਵਿਭਾਗੀ ਤੇ ਯੂਨੀਵਰਸਿਟੀ ਪੱਧਰ ਦੀਆਂ ਖੋਜ ਕਮੇਟੀਆਂ 'ਚ ਵਿਚਾਰ ਵਟਾਂਦਰੇ ਤੋਂ ਬਾਅਦ ਪੰਜਾਬ ਦੀਆਂ ਫ਼ਸਲਾਂ ਲਈ ਸਿਫਾਰਸ਼ਾਂ ਦੀ ਕਿਤਾਬ 'ਚ ਸ਼ਾਮਲ ਕੀਤਾ ਜਾਂਦਾ ਹੈ।



## ਦੂਸਰੀਆਂ ਯੂਨੀਵਰਸਿਟੀਆਂ ਦੀ ਵਿਧੀ

ਹਰਿਆਣਾ ਐਗਰੀਕਲਚਰਲ ਯੂਨੀਵਰਸਿਟੀ ਹਿਸਾਰ ਤੇ ਰਾਜਸਥਾਨ ਐਗਰੀਕਲਚਰਲ ਯੂਨੀਵਰਸਿਟੀ ਬੀਕਾਨੇਰ ਵੱਲੋਂ ਨਵੇਂ ਕੀਟਨਾਸ਼ਕਾਂ ਤੇ ਪਹਿਲਾਂ ਸਿਫਾਰਸ਼ ਕੀਤੇ ਗਏ ਕੀਟਨਾਸ਼ਕਾਂ ਦੇ ਨਵੇਂ ਮਾਰਕੇ ਵਿਕਸਿਤ ਕਰਨ ਲਈ ਵੱਖ-ਵੱਖ ਜ਼ਿਲ੍ਹਿਆਂ 'ਚ ਦੋ ਸਾਲ ਦੀ ਖੋਜ ਤੇ ਤੀਸਰੇ ਸਾਲ ਕਿਸਾਨਾਂ ਦੇ ਖੇਤਾਂ 'ਚ ਹੋਰ ਤਜ਼ਰਬੇ ਕੀਤੇ ਜਾਂਦੇ ਹਨ। ਇਸ ਤੋਂ ਬਾਅਦ ਤਿੰਨ ਸਾਲ ਦੀ ਖੋਜ ਤੇ ਇਕ ਸਾਲ ਦੇ ਖੇਤਾਂ ਦੇ ਤਜਰਬੇ ਯੂਨੀਵਰਸਿਟੀ ਪੱਧਰ ਦੀ ਕਮੇਟੀ 'ਚ ਵਿਚਾਰੇ ਜਾਂਦੇ ਹਨ। ਜੇ ਕੀਟਨਾਸ਼ਕ ਅਸਰਦਾਰ ਹੋਵੇ ਤਾਂ ਇਸ ਨੂੰ ਫ਼ਸਲਾਂ ਲਈ ਸਿਫਾਰਸ਼ਾਂ ਦੀ ਕਿਤਾਬ 'ਚ ਸ਼ਾਮਲ ਕਰ ਲਿਆ ਜਾਂਦਾ ਹੈ।

## ਕੇਂਦਰੀ ਕੀਟਨਾਸ਼ਕ ਬੋਰਡ ਦੀ ਰਜਿਸਟ੍ਰੇਸ਼ਨ ਵਿਧੀ

ਭਾਰਤ 'ਚ ਕੇਂਦਰੀ ਕੀਟਨਾਸ਼ਕ ਬੋਰਡ ਵੱਲੋਂ ਹੁਣ ਤਕ 271 ਕੀਟਨਾਸ਼ਕਾਂ, ਉੱਲੀਨਾਸ਼ਕਾਂ ਤੇ ਨਦੀਨਾਸ਼ਕਾਂ ਨੂੰ ਵਰਤੋਂ ਲਈ ਰਜਿਸਟਰਡ ਕੀਤਾ ਗਿਆ ਹੈ। ਇਨ੍ਹਾਂ ਦੀ ਰਜਿਸਟਰੇਸ਼ਨ ਲਈ ਬੋਰਡ ਨੂੰ ਦੇਸ਼ ਭਰ 'ਚੋਂ ਕਿਸੇ ਤਿੰਨ ਖੇਤੀ ਮੌਸਮੀ ਖੇਤਰਾਂ (ਯੂਨੀਵਰਸਿਟੀਆਂ) ਤੋਂ ਭੌਤਿਕ, ਰਸਾਇਣਕ, ਜੈਵਿਕ ਸਮਰਥਾ, ਮਿੱਤਰ ਕੀੜਿਆਂ 'ਤੇ ਪ੍ਰਭਾਵ, ਕੀਟਨਾਸ਼ਕਾਂ ਦੀ ਫ਼ਸਲ 'ਚ ਰਹਿੰਦ-ਖੂੰਹਦ, ਫ਼ਸਲ ਦਾ ਝਾੜ ਤੇ ਵਾਤਾਵਰਨ ਅਧਿਐਨ ਲਈ ਦੋ ਸਾਲ ਦੇ ਅੰਕੜੇ ਲੋੜੀਂਦੇ ਹਨ। ਇਹ ਅੰਕੜੇ ਵੱਖ-ਵੱਖ ਖੇਤੀ ਯੂਨੀਵਰਸਿਟੀਆਂ ਵੱਲੋਂ ਤਿਆਰ ਕੀਤੇ ਜਾਂਦੇ ਹਨ ਤੇ ਕੇਂਦਰੀ ਕੀਟਨਾਸ਼ਕ ਬੋਰਡ ਦੀ ਰਜਿਸਟਰੇਸ਼ਨ ਕਮੇਟੀ ਨੂੰ ਮੁਲਾਂਕਣ ਲਈ ਸੌਂਪੇ ਜਾਂਦੇ ਹਨ। ਕਮੇਟੀ ਅੰਕੜਿਆਂ ਦੇ ਅਧਿਐਨ ਤੋਂ ਬਾਅਦ ਸੰਤੁਸ਼ਟ ਹੋਵੇ ਤਾਂ ਉਸ ਕੀਟਨਾਸ਼ਕ, ਉੱਲੀਨਾਸ਼ਕ ਜਾਂ ਨਦੀਨਨਾਸ਼ਕ ਨੂੰ ਰਜਿਸਟਰੇਸ਼ਨ ਦੀ ਪ੍ਰਵਾਨਗੀ ਦਿੰਦੀ ਹੈ ਤਾਂ ਜੋ ਇਸ ਨੂੰ ਕੀੜਿਆਂ/ਬਿਮਾਰੀ ਜਾਂ ਨਦੀਨਾਂ ਦੀ ਰੋਕਥਾਮ ਲਈ ਵਰਤਿਆ ਜਾ ਸਕੇ।

ਕੀਟਨਾਸ਼ਕਾਂ ਦੀ ਪਰੀਖਣ ਵਿਧੀ ਤੇ ਸਿਫਾਰਸ਼ ਨੂੰ ਸਮਝਣ ਲਈ ਨਰਮੇ ਦੀ ਉਦਾਹਰਣ ਲੈ ਸਕਦੇ ਹਾਂ। ਪੰਜਾਬ, ਹਰਿਆਣਾ ਤੇ ਰਾਜਸਥਾਨ 'ਚ ਨਰਮੇ ਦੀ ਖੇਤੀ ਕ੍ਰਮਵਾਰ 3.39, 5.76 ਤੇ 4.47 ਲੱਖ ਹੈਕਟੇਅਰ 'ਚ ਕੀਤੀ ਜਾਂਦੀ ਹੈ। ਕੇਂਦਰੀ ਕੀਟਨਾਸ਼ਕ ਬੋਰਡ ਨੇ ਨਰਮੇ ਵਿਚ ਚਿੱਟੀ ਮੱਖੀ ਦੀ ਰੋਕਥਾਮ ਲਈ 35 ਕੀਟਨਾਸ਼ਕਾਂ ਨੂੰ ਮਨਜ਼ੂਰੀ ਦਿੱਤੀ ਹੈ। ਬੋਰਡ ਵੱਲੋਂ ਕਿਸੇ ਕੀਟਨਾਸ਼ਕ ਨੂੰ ਰਜਿਸਟਰਡ ਕਰਨ ਤੋਂ ਪਹਿਲਾਂ ਪੰਜਾਬ, ਹਰਿਆਣਾ ਤੇ ਰਾਜਸਥਾਨ 'ਚੋਂ ਕਿਸੇ ਇਕ ਜਾਂ ਦੋ ਜਗ੍ਹਾ ਤੋਂ ਦੋ ਸਾਲ ਦੇ ਤਜ਼ਰਬਿਆਂ ਦੇ ਅੰਕੜੇ ਚਾਹੀਦੇ ਹਨ। ਇਸ ਲਈ ਜ਼ਰੂਰੀ ਨਹੀਂ ਕਿ ਜੋ ਕੀਟਨਾਸ਼ਕ ਕੇਂਦਰੀ ਕੀਟਨਾਸ਼ਕ ਬੋਰਡ ਵੱਲੋਂ ਸਿਫਾਰਸ਼ ਕੀਤੇ ਹੋਣ ਉਹ ਪੰਜਾਬ 'ਚ ਵੀ ਟੈਸਟ ਕੀਤੇ ਹੋਣ। ਇਸ ਤੋਂ ਇਲਾਵਾ ਕੀਟਨਾਸ਼ਕਾਂ ਦੇ ਕੰਮ ਕਰਨ ਦੀ ਸਮਰਥਾ ਵੀ ਅਲੱਗ-ਅਲੱਗ ਕੀੜਿਆਂ ਪ੍ਰਤੀ ਵੱਖਰੀ ਹੈ। ਕੁਝ ਕੀਟਨਾਸ਼ਕ ਹਰੇ ਤੇਲੇ 'ਤੇ ਜ਼ਿਆਦਾ ਅਸਰਦਾਰ ਹਨ ਪਰ ਚਿੱਟੀ ਮੱਖੀ ਲਈ ਨਹੀਂ। ਇਸ ਤੋਂ ਇਲਾਵਾ ਕੁਝ ਕੀਟਨਾਸ਼ਕ ਐਸੀਫੇਟ, ਐਸੀਟਾਮਪਰਿਡ, ਫਿਪਰੋਨਿਲ ਚਿੱਟੀ ਮੱਖੀ ਦੇ ਮੁੜ ਵਾਧੇ 'ਚ ਸਹਾਈ ਹੁੰਦੇ ਹਨ।

ਕੇਂਦਰੀ ਕੀਟਨਾਸ਼ਕ ਬੋਰਡ ਵੱਲੋਂ ਚਿੱਟੀ ਮੱਖੀ ਦੀ ਰੋਕਥਾਮ ਲਈ ਰਜਿਸਟਰਡ ਉਕਤ 35 ਕੀਟਨਾਸ਼ਕਾਂ 'ਚੋਂ ਐਂਡੋਸਲਫਾਨ 35 ਈਸੀ ਤੇ ਐਂਡੋਸਲਫਾਨ 4 ਡੀਪੀ ਉੱਪਰ ਸੁਪਰੀਮ ਕੋਰਟ ਵੱਲੋਂ ਪਾਬੰਦੀ ਲਗਾਈ ਹੋਈ ਹੈ। ਬਾਕੀ ਕੀਟਨਾਸ਼ਕਾਂ ਦੀ ਪੀਏਯੂ ਲੁਧਿਆਣਾ, ਹਰਿਆਣਾ ਖੇਤੀਬਾੜੀ ਯੂਨੀਵਰਸਿਟੀ, ਰਾਜਸਥਾਨ ਖੇਤੀਬਾੜੀ ਯੂਨੀਵਰਸਿਟੀ ਦੇ ਖੇਤੀਬਾੜੀ ਖੋਜ ਕੇਂਦਰ ਸ੍ਰੀ ਗੰਗਾਨਗਰ ਤੇ ਆਈਸੀਏਆਰ-ਨਰਮੇ ਦੇ ਖੇਤਰੀ ਖੋਜ ਕੇਂਦਰ ਸਿਰਸਾ ਵਿਖੇ ਤਜ਼ਰਬੇ ਅਧੀਨ ਹਨ। ਇਨ੍ਹਾਂ ਕੀਟਨਾਸ਼ਕਾਂ ਦੀ ਕੀੜਿਆਂ ਪ੍ਰਤੀ ਸਹਿਣ ਸ਼ਕਤੀ ਬਾਰੇ ਤਜ਼ਰਬੇ ਵੀ ਕੀਤੇ ਜਾ ਰਹੇ ਹਨ।

ਪੀਏਯੂ ਲੁਧਿਆਣਾ ਵੱਲੋਂ ਕੀਟਨਾਸ਼ਕਾਂ ਦੀ ਸਿਫਾਰਸ਼ ਤੋਂ ਪਹਿਲਾਂ ਜ਼ਿਆਦਾ ਸਮੇਂ ਲਈ ਪਰਖਿਆ ਜਾਂਦਾ ਹੈ। ਹਰਿਆਣਾ ਤੇ ਰਾਜਸਥਾਨ ਦੇ ਮੁਕਾਬਲੇ ਪੰਜਾਬ ਵਿਚ ਘੱਟ ਖੇਤਰ 'ਚ ਨਰਮਾ ਹੋਣ ਦੇ ਬਾਵਜੂਦ ਜ਼ਿਆਦਾਤਰ ਉਨ੍ਹਾਂ ਕੀਟਨਾਸ਼ਕਾਂ ਦੀ ਸਿਫਾਰਸ਼ ਕੀਤੀ ਗਈ ਹੈ, ਜੋ ਚਿੱਟੀ ਮੱਖੀ ਦੀ ਰੋਕਥਾਮ ਲਈ ਵਧੇਰੇ ਅਸਰਦਾਰ ਹਨ। ਕੇਂਦਰੀ ਕੀਟਨਾਸ਼ਕ ਬੋਰਡ ਵੱਲੋਂ ਚਿੱਟੀ ਮੱਖੀ ਲਈ ਸਿਫਾਰਸ਼ ਕੀਤੇ ਬਾਕੀ ਕੀਟਨਾਸ਼ਕਾਂ 'ਚੋਂ ਕੁਝ ਕੀਟਨਾਸ਼ਕ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਹਰੇ ਤੇਲੇ ਤੇ ਅਮਰੀਕਨ ਸੁੰਡੀ ਲਈ ਸਿਫਾਰਸ਼ ਕੀਤੇ ਗਏ ਹਨ। ਕੀਟਨਾਸ਼ਕਾਂ ਦੀ ਸਹੀ ਚੋਣ, ਸਹੀ ਮਾਤਰਾ ਤੇ ਸਹੀ ਢੰਗ ਨਾਲ ਵਰਤੋਂ ਲਈ ਵੀ ਕਿਸਾਨਾਂ ਨੂੰ ਵੱਖ-ਵੱਖ ਪਸਾਰ ਤਰੀਕਿਆਂ ਰਾਹੀਂ ਜਾਣਕਾਰੀ ਦਿੱਤੀ ਜਾਂਦੀ ਹੈ।

*ਮੋਬਾਈਲ 97794-51214*



# ਇਸ ਤਰ੍ਹਾਂ ਲਵੋ ਰਾਜਮਾਂਹ ਦੀ ਫ਼ਸਲ ਦਾ ਵਧੇਰੇ ਝਾੜ

ਰਾਜਮਾਂਹ ਆਪਣੇ ਪੌਸ਼ਟਿਕ ਗੁਣਾਂ ਅਤੇ ਸਵਾਦ ਕਾਰਨ ਮਸ਼ਹੂਰ ਹਨ। ਇਨ੍ਹਾਂ ਦੀ ਖੇਤੀ ਦੇਸ਼ ਦੇ ਉੱਤਰੀ ਤੇ ਦੱਖਣੀ ਭਾਗਾਂ 'ਚ ਕੀਤੀ ਜਾਂਦੀ ਹੈ। ਰਾਜ ਮਾਂਹ ਲਈ ਦਰਮਿਆਨਾ ਮੌਸਮ ਢੁਕਵਾਂ ਹੈ। ਫ਼ਸਲ ਦਾ ਚੰਗਾ ਝਾੜ ਲੈਣ ਲਈ 15 ਤੋਂ 25 ਡਿਗਰੀ ਸੈਂਟੀਗਰੇਡ ਤਾਪਮਾਨ ਢੁੱਕਵਾਂ ਹੈ। ਅਜਿਹਾ ਤਾਪਮਾਨ ਪੰਜਾਬ ਵਿਚ ਬਹਾਰ ਰੁੱਤ 'ਚ ਹੁੰਦਾ ਹੈ। ਪੰਜਾਬ 'ਚ ਦੋ ਕਿਸਮਾਂ, ਰਾਜਮਾਂਹ ਚਿਤਰਾ ਤੇ ਰਾਜਮਾਂਹ ਲਾਲ, ਬਹਾਰ ਰੁੱਤ (ਫਰਵਰੀ ਤੋਂ ਮਈ) ਦਰਮਿਆਨ ਖੇਤੀ ਲਈ ਢੁੱਕਵੀਆਂ ਹਨ।

## ਰਾਜਮਾਂਹ ਚਿਤਰਾ

ਇਸ ਕਿਸਮ ਦੇ ਦਾਣੇ ਆਕਰਸ਼ਕ ਤੇ ਚਿਤਰੇ ਰੰਗ ਦੇ ਹੁੰਦੇ ਹਨ। ਇਸ ਦੇ ਬੂਟੇ ਖੜ੍ਹਵੇਂ ਤੇ ਕਰੀਬ 35 ਸੈਂਟੀਮੀਟਰ ਉੱਚੇ ਹੁੰਦੇ ਹਨ। ਫਲੀ 'ਚ 4-5 ਦਾਣੇ ਹੁੰਦੇ ਹਨ ਤੇ 100 ਦਾਣਿਆਂ ਦਾ ਭਾਰ 37 ਗ੍ਰਾਮ ਹੁੰਦਾ ਹੈ। ਦਾਣਿਆਂ ਵਿਚ 20 ਫ਼ੀਸਦੀ ਪ੍ਰੋਟੀਨ ਹੁੰਦੀ ਹੈ ਤੇ ਔਸਤ ਝਾੜ 5 ਕੁਇੰਟਲ ਪ੍ਰਤੀ ਏਕੜ ਹੈ।

## ਰਾਜਮਾਂਹ ਲਾਲ

ਇਸ ਕਿਸਮ ਦੇ ਦਾਣੇ ਲਾਲ ਹੁੰਦੇ ਹਨ। ਇਸ ਦੇ ਬੂਟੇ ਅੱਧ-ਖੜ੍ਹਵੇਂ ਤੇ 40 ਸੈਂਟੀਮੀਟਰ ਉੱਚੇ ਹੁੰਦੇ ਹਨ। ਹਰ ਫਲੀ 'ਚ ਕਰੀਬ 3-4 ਦਾਣੇ ਹੁੰਦੇ ਹਨ ਅਤੇ 100 ਦਾਣਿਆਂ ਦਾ ਭਾਰ 28 ਗ੍ਰਾਮ ਹੁੰਦਾ ਹੈ। ਇਸ ਦੇ ਦਾਣਿਆਂ ਵਿਚ 21 ਫ਼ੀਸਦੀ ਪ੍ਰੋਟੀਨ ਹੁੰਦੀ ਹੈ। ਇਸ ਦਾ ਔਸਤ ਝਾੜ 5 ਕੁਇੰਟਲ ਪ੍ਰਤੀ ਏਕੜ ਹੈ। ਦੋਵੇਂ ਕਿਸਮਾਂ ਕਰੀਬ 80-90 ਦਿਨ 'ਚ ਪੱਕ ਜਾਂਦੀਆਂ ਹਨ।

## ਬੀਜ ਤੇ ਖਾਦ ਪ੍ਰਬੰਧ

ਇਸ ਫ਼ਸਲ ਦੀ ਖੇਤੀ ਲਈ ਚੰਗੇ ਜਲ ਨਿਕਾਸ ਵਾਲੀਆਂ ਲੂਣ ਤੇ ਖਾਰ ਤੋਂ ਰਹਿਤ ਭਾਰੀਆਂ ਜ਼ਮੀਨਾਂ ਢੁਕਵੀਆਂ ਹਨ। ਰਾਜਮਾਂਹ ਚਿਤਰਾ ਕਿਸਮ ਲਈ 40 ਕਿੱਲੋ ਬੀਜ ਪ੍ਰਤੀ ਏਕੜ ਤੇ ਰਾਜਮਾਂਹ ਲਾਲ ਲਈ 30 ਕਿੱਲੋ ਬੀਜ ਪ੍ਰਤੀ ਏਕੜ ਵਰਤੋ। ਫ਼ਸਲ ਨੂੰ ਵਧੇਰੇ ਪਾਣੀ ਦੀ ਮਾਰ ਤੋਂ ਬਚਾਉਣ ਲਈ ਪੱਧਰੀ ਬਿਜਾਈ ਦੀ ਥਾਂ ਵੱਟਾਂ ਜਾਂ ਬੈੱਡਾਂ 'ਤੇ ਬੀਜਣਾ ਚਾਹੀਦਾ ਹੈ। ਇਸ ਫ਼ਸਲ 'ਚ ਨਾਈਟ੍ਰੋਜਨ ਜਮ੍ਹਾਂ ਕਰਨ ਵਾਲੇ ਬੈਕਟੀਰੀਆ ਨਹੀਂ ਹੁੰਦੇ, ਇਸ ਲਈ ਰਾਜਮਾਂਹ ਨੂੰ ਜ਼ਿਆਦਾ ਨਾਈਟ੍ਰੋਜਨ ਤੱਤ ਦੀ ਲੋੜ ਹੁੰਦੀ ਹੈ। ਦਰਮਿਆਨੀਆਂ ਜ਼ਮੀਨਾਂ 'ਚ 50 ਕਿਲੋ ਨਾਈਟ੍ਰੋਜਨ (110 ਕਿੱਲੋ ਯੂਰੀਆ) ਤੇ 16 ਕਿੱਲੋ ਫਾਸਫੋਰਸ (100 ਕਿੱਲੋ ਸਿੰਗਲ ਸੁਪਰਫਾਸਫੇਟ) ਪ੍ਰਤੀ ਏਕੜ ਪਾਓ। ਬਿਜਾਈ ਸਮੇਂ ਸਾਰੀ ਫਾਸਫੋਰਸ ਤੇ 40 ਕਿੱਲੋ ਯੂਰੀਆ ਪਾਓ, ਬਾਕੀ ਯੂਰੀਆ ਦੋ ਹਿੱਸਿਆਂ 'ਚ ਵੰਡ ਕੇ 40 ਕਿੱਲੋ ਬਿਜਾਈ ਤੋਂ ਇਕ ਮਹੀਨੇ ਬਾਅਦ ਤੇ 30 ਕਿੱਲੋ ਬਿਜਾਈ ਤੋਂ ਦੋ ਮਹੀਨੇ ਬਾਅਦ ਪਾਓ।

## ਨਦੀਨਾਂ ਦੀ ਰੋਕਥਾਮ

ਨਦੀਨਾਂ ਦੀ ਰੋਕਥਾਮ ਲਈ ਦੋ ਗੋਡੀਆਂ ਬਿਜਾਈ ਤੋਂ 30 ਅਤੇ 50-60 ਦਿਨਾਂ ਬਾਅਦ ਜਾਂ ਫ਼ਸਲ ਬੀਜਣ ਤੋਂ ਦੋ ਦਿਨ ਦੇ ਅੰਦਰ ਇਕ ਲਿਟਰ ਸਟੌਂਪ 30 ਈਸੀ (ਪੈਂਡੀਮੈਥਾਲੀਨ) ਪ੍ਰਤੀ ਏਕੜ ਛਿੜਕਾਅ ਨਾਲ ਜਾਂ 600 ਮਿਲੀਲਿਟਰ ਸਟੌਂਪ 30 ਈਸੀ ਪ੍ਰਤੀ ਏਕੜ ਤੇ ਬਿਜਾਈ ਤੋਂ 50-60 ਦਿਨਾਂ ਬਾਅਦ ਇਕ ਗੋਡੀ ਕਰਨ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

## ਸਿੰਚਾਈ

ਰਾਜਮਾਂਹ ਨੂੰ 4-6 ਪਾਣੀਆਂ ਦੀ ਲੋੜ ਹੁੰਦੀ ਹੈ ਪਰ ਪਾਣੀਆਂ ਦੀ ਗਿਣਤੀ ਜ਼ਮੀਨ ਦੀ ਕਿਸਮ ਤੇ ਬਾਰਿਸ਼ 'ਤੇ ਨਿਰਭਰ ਕਰਦੀ ਹੈ। ਫਲੀਆਂ 'ਚ ਦਾਣੇ ਪੈਣ ਸਮੇਂ ਫ਼ਸਲ ਨੂੰ ਪਾਣੀ ਲਾਉਣਾ ਜ਼ਰੂਰੀ ਹੈ। ਜ਼ਿਆਦਾ ਸਿੰਚਾਈ ਫ਼ਸਲ 'ਤੇ ਮਾੜਾ ਅਸਰ ਪਾਉਂਦੀ ਹੈ, ਇਸ ਲਈ ਹਲਕਾ ਪਾਣੀ ਲਾਓ। ਫ਼ਸਲ ਦੀ ਕਟਾਈ ਉਸ ਸਮੇਂ ਕਰੋ ਜਦੋਂ ਫਲੀਆਂ ਦਾ ਰੰਗ ਭੂਰਾ ਹੋ ਜਾਵੇ। ਕਟਾਈ 'ਚ ਦੇਰੀ ਕਾਰਨ ਦਾਣੇ ਕਿਰਨ ਦਾ ਡਰ ਰਹਿੰਦਾ ਹੈ। ਕਟਾਈ ਤੋਂ ਬਾਅਦ ਫ਼ਸਲ ਨੂੰ 3-4 ਦਿਨ ਧੁੱਪ 'ਚ ਸੁਕਾ ਕੇ ਗਹਾਈ ਦਾ ਕੰਮ ਪ੍ਰਚਲਤ ਢੰਗ ਨਾਲ ਹੋਰ ਦਾਲਾਂ ਦੀ ਤਰ੍ਹਾਂ ਹੀ ਕਰੋ।

## ਕੀੜਿਆਂ ਦੀ ਰੋਕਥਾਮ

ਮਾਰਚ ਵਿਚ ਫ਼ਸਲ 'ਤੇ ਥਰਿੱਪ, ਤੇਲੇ ਤੇ ਸੁਰੰਗੀ ਕੀੜੇ ਦਾ ਹਮਲਾ ਹੋ ਸਕਦਾ ਹੈ। ਹਮਲਾ ਸ਼ੁਰੂ ਹੋਣ 'ਤੇ ਇਨ੍ਹਾਂ ਦੀ ਰੋਕਥਾਮ 400 ਮਿ.ਲਿ. ਰੋਗਰ 30 ਈਸੀ (ਡਾਈਮੈਥੋਏਟ) ਪ੍ਰਤੀ ਏਕੜ ਨੂੰ 80-100 ਲਿਟਰ ਪਾਣੀ 'ਚ ਘੋਲ ਕੇ ਹੱਥ ਨਾਲ ਚੱਲਣ ਵਾਲੇ ਨੈਪਸੈਕ ਪੰਪ ਨਾਲ ਛਿੜਕਾਅ ਕਰੋ। ਲੋੜ ਪਵੇ ਤਾਂ 15 ਦਿਨਾਂ ਦੇ ਫ਼ਰਕ 'ਤੇ ਦੁਬਾਰਾ ਛਿੜਕਾਅ ਕਰੋ। ਇਸ ਤੋਂ ਇਲਾਵਾ ਫਲੀ ਛੇਦਕ ਸੁੰਡੀ ਰਾਜਮਾਂਹ ਦੇ ਪੱਤੇ, ਫੁੱਲ, ਫਲੀਆਂ ਤੇ ਦਾਣਿਆਂ ਨੂੰ ਖਾ ਕੇ ਫ਼ਸਲ ਦਾ ਨੁਕਸਾਨ ਕਰਦੀ ਹੈ। ਇਸ ਦੇ ਹਮਲੇ ਦਾ ਪਤਾ ਨੁਕਸਾਨ ਵਾਲੇ ਪੱਤਿਆਂ, ਫਲੀਆਂ 'ਚ ਮੋਰੀਆਂ, ਬੂਟਿਆਂ ਹੇਠ ਜ਼ਮੀਨ 'ਤੇ ਗੂੜ੍ਹੇ ਹਰੇ ਰੰਗ ਦੀਆਂ ਬਿੱਠਾਂ ਤੋਂ ਲਗਦਾ ਹੈ। ਇਸ ਦੀ ਰੋਕਥਾਮ ਲਈ ਫ਼ਸਲ 'ਤੇ ਸੁੰਡੀ ਦਾ ਹਮਲਾ ਸ਼ੁਰੂ ਹੋਣ 'ਤੇ 60 ਮਿ.ਲਿ. ਸਪਾਈਨੋਸੈਡ 45 ਐੱਸਸੀ (ਟਰੇਸਰ) ਪ੍ਰਤੀ ਏਕੜ ਜਾਂ 200 ਮਿ.ਲਿ. ਇੰਡੋਕਸਾਕਾਰਬ 14.5 ਐੱਸਸੀ (ਕਿੰਗਡੌਕਸਾ) ਪ੍ਰਤੀ ਏਕੜ ਨੂੰ 80-100 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਲੋੜ ਅਨੁਸਾਰ ਇਹ ਛਿੜਕਾਅ ਦੁਹਰਾਇਆ ਜਾ ਸਕਦਾ ਹੈ। ਤੰਬਾਕੂ ਸੁੰਡੀ ਵੀ ਅਪ੍ਰੈਲ-ਮਈ ਮਹੀਨੇ ਦੌਰਾਨ ਫ਼ਸਲ ਦਾ ਨੁਕਸਾਨ ਕਰ ਸਕਦੀ ਹੈ। ਇਸ ਦੇ ਪਤੰਗੇ ਪੱਤਿਆਂ ਦੇ ਹੇਠਲੇ ਪਾਸੇ ਝੁੰਡਾਂ ਵਿਚ ਆਂਡੇ ਦਿੰਦੇ ਹਨ, ਜਿਹੜੇ ਕਿ ਭੂਰੇ ਵਾਲਾਂ ਨਾਲ ਢਕੇ ਹੁੰਦੇ ਹਨ। ਆਂਡਿਆਂ 'ਚੋਂ ਨਿਕਲਣ ਤੋਂ ਬਾਅਦ ਛੋਟੀਆਂ ਸੁੰਡੀਆਂ ਝੁੰਡਾਂ ਵਿਚ ਪੱਤਿਆਂ ਦਾ ਹਰਾ ਮਾਦਾ ਖਾਂਦੀਆਂ ਹਨ ਤੇ ਪੱਤਿਆਂ ਨੂੰ ਛਾਨਣੀ ਕਰ ਦਿੰਦੀਆਂ ਹਨ। ਵੱਡੀਆਂ ਸੁੰਡੀਆਂ ਸਾਰੇ ਖੇਤ ਵਿਚ ਖਿੱਲਰ ਕੇ ਨੁਕਸਾਨ ਕਰਦੀਆਂ ਹਨ। ਪੱਤਿਆਂ ਦੇ ਨਾਲ-ਨਾਲ ਇਹ ਡੋਡੀਆਂ, ਫੁੱਲ ਤੇ ਫਲੀਆਂ ਦਾ ਵੀ ਨੁਕਸਾਨ ਕਰਦੀਆਂ ਹਨ। ਇਸ ਦੀ ਰੋਕਥਾਮ ਲਈ ਤੰਬਾਕੂ ਸੁੰਡੀ ਦੇ ਆਂਡੇ ਅਤੇ ਛੋਟੀਆਂ ਸੁੰਡੀਆਂ ਨੂੰ ਪੱਤਿਆਂ ਸਮੇਤ ਨਸ਼ਟ ਕਰ ਦਿਓ। ਇਸ ਦੀ ਰੋਕਥਾਮ 150 ਮਿਲੀਲਿਟਰ ਨੁਵਾਲੋਰਾਨ 10 ਈਸੀ ਜਾਂ 1.5 ਲਿਟਰ ਕਲੋਰਪਾਈਰੀਫਾਸ 20 ਈਸੀ ਪ੍ਰਤੀ ਏਕੜ ਛਿੜਕਣ ਨਾਲ ਵੀ ਕੀਤੀ ਜਾ ਸਕਦੀ ਹੈ। ਇਹ ਛਿੜਕਾਅ ਕੀੜੇ ਦਾ ਹਮਲਾ ਸ਼ੁਰੂ ਹੋਣ 'ਤੇ ਹੀ ਕਰਨਾ ਚਾਹੀਦਾ ਹੈ। ਲੋੜ ਪਵੇ ਤਾਂ 10 ਦਿਨਾਂ ਬਾਅਦ ਦੋਬਾਰਾ ਛਿੜਕਾਅ ਕਰੋ। •

• ਬਲਵਿੰਦਰ ਸਿੰਘ ਗਿੱਲ, ਗੁਰਇਕਬਾਲ ਸਿੰਘ

• ਡਾ. ਰਣਜੀਤ ਸਿੰਘ

ਪੀਏਯੂ ਦੇ ਕਿਸਾਨ ਮੇਲਿਆਂ ਨੇ ਦੇਸ਼ ਵਿਚ ਹਰੀ ਕ੍ਰਾਂਤੀ ਦੇ ਸੁਪਨੇ ਨੂੰ ਸਾਕਾਰ ਕੀਤਾ। ਕਿਸਾਨਾਂ ਨੂੰ ਇਨ੍ਹਾਂ ਮੇਲਿਆਂ 'ਚ ਫ਼ਸਲਾਂ ਦੀਆਂ ਨਵੀਆਂ ਕਿਸਮਾਂ, ਤਕਨਾਲੋਜੀ ਅਤੇ ਖੇਤੀ ਤਰੀਕਿਆਂ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਖੇਤੀ ਸਹਾਇਕ ਧੰਦਿਆਂ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ...



# ਖੇਤੀ ਵਿਕਾਸ 'ਚ ਕਿਸਾਨ ਮੇਲਿਆਂ ਦਾ ਯੋਗਦਾਨ

ਦੇਸ਼ ਵਿਚ ਇਸ ਵਰ੍ਹੇ 'ਹਰੇ ਇਨਕਲਾਬ' ਦੀ ਗੋਲਡਨ ਜੁਬਲੀ ਮਨਾਈ ਜਾ ਰਹੀ ਹੈ। 50 ਸਾਲ ਪਹਿਲਾਂ ਦੇਸ਼ 'ਚ ਇਸ ਕ੍ਰਾਂਤੀ ਦੀ ਨੀਂਹ ਰੱਖੀ ਗਈ ਸੀ। ਪੰਜਾਬ ਨੂੰ ਮਾਣ ਹੈ ਕਿ ਇਹ ਸੂਬਾ ਹਰੀ ਕ੍ਰਾਂਤੀ ਦਾ ਮੁੱਖ ਕੇਂਦਰ ਬਣਿਆ। ਇਥੋਂ ਦੇ ਵਿਗਿਆਨੀਆਂ, ਸਰਕਾਰ ਤੇ ਕਿਸਾਨਾਂ ਦੇ ਸਾਂਝੇ ਯਤਨਾਂ ਨਾਲ ਦੇਸ਼ 'ਚੋਂ ਭੁੱਖਮਰੀ ਹੀ ਦੂਰ ਨਹੀਂ ਹੋਈ, ਸਗੋਂ ਭਾਰਤ ਵਾਧੂ ਅਨਾਜ ਪੈਦਾ ਕਰਨ ਵਾਲਾ ਦੇਸ਼ ਬਣਿਆ। ਕਿਸੇ ਵੀ ਤਕਨੀਕੀ ਕ੍ਰਾਂਤੀ ਦਾ ਆਧਾਰ ਵਿਗਿਆਨਕ ਪ੍ਰਾਪਤੀਆਂ ਹੀ ਬਣਦੀਆਂ ਹਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ 1962 ਵਿਚ ਹੋਂਦ 'ਚ ਆਈ ਤੇ ਇਸ ਨੇ ਪੰਜਾਂ ਸਾਲਾਂ 'ਚ ਹੀ ਅਜਿਹੀ ਤਕਨਾਲੋਜੀ ਵਿਕਸਿਤ ਕੀਤੀ ਜਿਹੜੀ ਹਰੀ ਕ੍ਰਾਂਤੀ ਦੀ ਬੁਨਿਆਦ ਬਣੀ। ਕੁਝ ਵਰ੍ਹੇ ਪਹਿਲਾਂ ਅਮਰੀਕਾ ਦੀ ਇਕ ਯੂਨੀਵਰਸਿਟੀ ਵਿਖੇ ਹਰੀ ਕ੍ਰਾਂਤੀ ਬਾਰੇ ਮੇਰਾ ਲੈਕਚਰ ਸੀ। ਸਰੋਤਿਆਂ 'ਚ ਇਕ ਪਾਕਿਸਤਾਨੀ ਵੀ ਸ਼ਾਮਲ ਸੀ। ਉਹ ਯੂਐੱਨਓ 'ਚ ਕੰਮ ਕਰਦਾ ਸੀ। ਲੈਕਚਰ ਪਿੱਛੋਂ ਉਹ ਮੇਰੇ ਕੋਲ ਆਇਆ। ਉਸ ਦੇ ਵੱਡੇ-ਵਡੇਰੇ ਹੁਸ਼ਿਆਰਪੁਰ ਦੇ ਲਾਗੇ ਪਿੰਡ ਚੱਬੇਵਾਲ ਦੇ ਸਨ। ਉਹ ਆਖਣ ਲਗਾ, "ਸਰਦਾਰ ਸਾਹਿਬ, ਜੇ ਬੁਰਾ ਨਾ ਮਨਾਓ ਤਾਂ ਦੱਸੋਗੇ ਕਿ ਉਪਜ ਦੇ ਜਿਹੜੇ ਅੰਕੜੇ ਤੁਸੀਂ ਦੱਸੇ ਹਨ, ਇਹ ਕਿੱਥੋਂ ਤਕ ਠੀਕ ਹਨ। ਮੇਰਾ ਉੱਤਰ ਸੀ ਕਿ ਇਹ ਤਾਂ ਮੈਂ ਘੱਟ ਕਰ ਕੇ ਦੱਸੇ ਹਨ, ਪਰ ਤੁਸੀਂ ਮੈਥੋਂ ਇਹ ਸਵਾਲ ਕਿਉਂ ਪੁੱਛਿਆ?"।ਉਸ ਦਾ ਉੱਤਰ ਸੀ ਕਿ "ਜ਼ਮੀਨ ਸਾਡੇ ਪਾਸੇ ਵੀ ਤੁਹਾਡੇ ਵਰਗੀ ਹੀ ਹੈ, ਕਿਸਾਨ ਵੀ ਉਹੀ ਹਨ ਤੇ ਤਕਨਾਲੋਜੀ ਵੀ ਉਹੀ ਹੈ, ਫਿਰ ਸਾਡੇ ਪਾਸੇ ਅਜਿਹਾ ਕਿਉਂ ਨਹੀਂ ਹੋਇਆ?" ਮੇਰਾ ਉੱਤਰ ਸੀ ਕਿ "ਅਸੀਂ ਨਿਰੀ ਤਕਨਾਲੋਜੀ ਹੀ ਵਿਕਸਤ ਨਹੀਂ ਕੀਤੀ ਸਗੋਂ ਇਸ ਨੂੰ ਕਿਸਾਨਾਂ ਤਕ ਵੀ ਪਹੁੰਚਾਇਆ ਹੈ ਤੇ ਇਹ ਯਕੀਨੀ ਬਣਾਇਆ ਹੈ ਕਿ ਕਿਸਾਨ ਇਸ ਨੂੰ ਅਪਨਾਉਣ।"

ਨਵੀਂ ਤਕਨੋਲੋਜੀ ਨੂੰ ਕਿਸਾਨਾਂ ਤਕ ਪਹੁੰਚਾਉਣ ਤੇ ਇਸ ਨੂੰ ਅਪਨਾਉਣ ਲਈ ਉਨ੍ਹਾਂ ਨੂੰ ਉਤਸਾਹਿਤ ਕਰਨ ਵਿਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਲਗਾਏ ਜਾਂਦੇ ਕਿਸਾਨ ਮੇਲਿਆਂ ਦੀ ਅਹਿਮ ਭੂਮਿਕਾ ਹੈ। ਕਿਸਾਨ ਮੇਲਿਆਂ ਦਾ ਵੀ ਇਹ 50ਵਾਂ, ਭਾਵ ਗੋਲਡਨ ਜੁਬਲੀ ਦਾ ਵਰ੍ਹਾ ਹੈ। ਮੇਲੇ ਸਾਡੇ ਸਭਿਆਚਾਰ ਦਾ ਅਨਿਖੜਵਾਂ ਅੰਗ ਹਨ। ਸਮੇਂ ਦੇ ਬੀਤਣ ਨਾਲ ਭਾਵੇਂ ਇਨ੍ਹਾਂ ਦਾ ਸਰੂਪ ਬਦਲ ਗਿਆ ਹੈ ਪਰ ਇਨ੍ਹਾਂ ਵਿਚ ਲੋਕ ਰੁਚੀ ਉਵੇਂ ਹੀ ਕਾਇਮ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਆਪਣੀ ਹੋਂਦ ਦੇ ਪੰਜਵੇਂ ਵਰ੍ਹੇ ਕਿਸਾਨ ਮੇਲਾ ਲਗਾਉਣ ਦਾ ਫ਼ੈਸਲਾ ਕੀਤਾ। ਮੇਲੇ ਲਈ ਮਾਰਚ ਦੇ ਮਹੀਨੇ ਦੀ ਚੋਣ ਕੀਤੀ ਗਈ, ਕਿਉਂਕਿ ਇਸ ਮਹੀਨੇ ਕਿਸਾਨਾਂ ਕੋਲ ਕੁਝ ਵਿਹਲ ਹੁੰਦੀ ਹੈ। ਉਦੋਂ ਸੰਚਾਰ ਦੇ ਸਾਧਨ ਬਹੁਤੇ ਵਿਕਸਤ ਨਹੀਂ ਸਨ, ਸਿਰਫ਼ ਰੇਡੀਓ ਤੇ ਅਖ਼ਬਾਰਾਂ ਹੀ ਸਨ। ਕਿਸਾਨਾਂ ਤੇ ਅਧਿਕਾਰੀਆਂ ਨੂੰ ਮੇਲੇ ਨਾਲ ਜੋੜਨ ਲਈ ਡਿਪਟੀ ਕਮਿਸ਼ਨਰਾਂ ਤੇ ਜ਼ਿਲਾ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਦੀ ਮੀਟਿੰਗ ਬੁਲਾਈ ਗਈ। ਉਦੋਂ ਯੂਨੀਵਰਸਿਟੀ ਦੇ ਮੁਖੀ ਡਾ. ਪੀਐੱਨ ਥਾਪਰ ਸਨ, ਉਹ ਯੂਨੀਵਰਸਿਟੀ ਦੇ ਮੋਢੀ ਵਾਈਸ ਚਾਂਸਲਰ ਸਨ ਤੇ ਸੇਵਾ ਮੁਕਤ ਆਈਸੀਐੱਸ ਅਫ਼ਸਰ ਸਨ।

ਮੇਲੇ ਨੂੰ ਸਫ਼ਲ ਬਣਾਉਣ 'ਚ ਪੰਜਾਬ ਦੇ ਵਿਕਾਸ ਅਤੇ ਪੰਚਾਇਤ ਮਹਿਕਮੇ ਦਾ ਅਹਿਮ ਯੋਗਦਾਨ ਰਿਹਾ। ਪਹਿਲੇ ਮੇਲੇ ਵਿਚ ਹੀ ਕਿਸਾਨਾਂ ਦੀ ਹਾਜ਼ਰੀ 10 ਹਜ਼ਾਰ ਤੋਂ ਵੱਧ ਸੀ। ਮੇਲੇ ਸਮੇਂ ਖੇਤੀ ਨਾਲ ਸਬੰਧਤ ਕੰਪਨੀਆਂ ਤੇ ਯੂਨੀਵਰਸਿਟੀ ਦੇ ਵਿਭਾਗਾਂ ਨੇ ਵਧੀਆ ਨੁਮਾਇਸ਼ ਲਗਾਈ। ਮੇਲੇ ਦੇ ਰਾਹ 'ਤੇ ਫ਼ਸਲਾਂ ਦੀਆਂ ਨਵੀਆਂ ਕਿਸਮਾਂ ਦੇ ਖੇਤ ਸਨ। ਕੰਮ ਕਰ ਰਹੀਆਂ ਮਸ਼ੀਨਾਂ ਦੀ ਨੁਮਾਇਸ਼ ਸੀ। ਗੀਤ ਸੰਗੀਤ ਦਾ ਵੀ ਪ੍ਰਬੰਧ ਕੀਤਾ ਗਿਆ। ਕਬੱਡੀ ਤੇ ਰਸਾਕਸ਼ੀ ਦੇ ਮੈਚ ਵੀ ਕਰਵਾਏ ਗਏ। ਕਿਸਾਨਾਂ ਦੇ ਹਲ ਵਾਹੁਣ ਤੇ ਉਪਜ ਦੇ ਮੁਕਾਬਲੇ ਅਤੇ ਬੀਬੀਆਂ ਦੇ ਚਰਖਾ ਕੱਤਣ, ਸੇਵੀਆਂ ਵੱਟਣ, ਕਢਾਈ ਆਦਿ ਦੇ ਮੁਕਾਬਲੇ ਕਰਵਾਏ ਗਏ। ਕਿਸਾਨਾਂ ਨੂੰ ਸੰਬੋਧਨ ਕਰਦਿਆਂ ਵੀਸੀ ਡਾ. ਥਾਪਰ ਨੇ ਆਖਿਆ ਸੀ, "ਹੁਣ ਤਕ ਸਾਡਾ ਕੰਮ ਵੇਖਣ ਲਈ ਵੱਡੇ ਲੋਕ ਆਉਂਦੇ ਰਹੇ ਹਨ, ਅੱਜ ਤੁਸੀਂ ਪਹਿਲੀ ਵਾਰ ਸਾਡੇ ਅਸਲੀ ਮਾਲਕ, ਸਾਡਾ ਕੰਮ ਵੇਖਣ ਆਏ ਹੋ, ਇਹ ਤੁਹਾਡੀ ਯੂਨੀਵਰਸਿਟੀ ਹੈ, ਤੁਹਾਡੇ ਸਵਾਗਤ ਲਈ ਇਸ ਦੇ ਦਰਵਾਜ਼ੇ ਹਮੇਸ਼ਾ ਖੁਲ੍ਹੇ ਰਹਿਣਗੇ ਤੇ ਵਿਗਿਆਨੀ ਤੁਹਾਡੀ ਸੇਵਾ ਨੂੰ ਆਪਣਾ ਸੁਭਾਗ ਸਮਝਣਗੇ।" ਕਿਸਾਨ ਮੇਲੇ ਵਿਚ ਕਿਸਾਨਾਂ ਦੀ ਗਿਣਤੀ ਹਰ ਸਾਲ ਵਧਦੀ ਹੀ ਰਹੀ। ਯੂਨੀਵਰਸਿਟੀ ਵੱਲੋਂ ਵਿਕਸਿਤ ਫ਼ਸਲਾਂ ਦੀਆਂ ਨਵੀਆਂ ਕਿਸਮਾਂ ਦੇ ਬੀਜ ਦੋ ਕਿੱਲੋ ਦੀ ਥੈਲੀ ਬਣਾ ਕੇ ਦਿੱਤੇ ਜਾਂਦੇ ਰਹੇ। ਇੰਜ ਨਵੀਂ ਕਿਸਮ ਇਕ ਸਾਲ 'ਚ ਹੀ ਹਰ ਪਿੰਡ ਵਿਚ ਪਹੁੰਚ ਗਈ। ਇਸ ਪਿੱਛੋਂ ਸਤੰਬਰ ਦੇ ਮਹੀਨੇ ਇਕ ਰੋਜ਼ਾ ਕਿਸਾਨ ਦਿਵਸ ਮਨਾਉਣਾ ਸ਼ੁਰੂ ਕੀਤਾ ਗਿਆ। ਹੁਣ ਇਸ ਨੂੰ ਵੀ ਦੋ ਦਿਨਾ ਕਿਸਾਨ ਮੇਲਾ ਬਣਾ ਦਿੱਤਾ ਗਿਆ ਹੈ। ਇੰਜ ਪੰਜਾਬ ਵਿਚ ਦੋਵਾਂ ਫ਼ਸਲੀ ਚੱਕਰਾਂ (ਹਾੜ੍ਹੀ ਤੇ ਸਾਉਣੀ) ਤੋਂ ਪਹਿਲਾਂ ਕਿਸਾਨਾਂ ਨੂੰ ਨਵੀਆਂ ਖੋਜਾਂ ਤੋਂ ਜਾਣੂ ਕਰਵਾਇਆ ਜਾਣ ਲਗਾ। ਕੁਝ ਸਾਲਾਂ ਬਾਅਦ ਮਹਿਸੂਸ ਕੀਤਾ ਗਿਆ ਕਿ ਖੇਤਰੀ ਮੇਲੇ ਵੀ ਸ਼ੁਰੂ ਕੀਤੇ ਜਾਣ। ਇਸ ਲੜੀ ਤਹਿਤ ਬਠਿੰਡਾ ਤੇ ਗੁਰਦਾਸਪੁਰ ਵਿਖੇ ਮੇਲੇ ਸ਼ੁਰੂ ਹੋਏ। ਇਸ ਤੋਂ ਬਾਅਦ ਰੌਣੀ ਫਾਰਮ (ਪਟਿਆਲਾ) ਵਿਖੇ ਵੀ ਮੇਲਾ ਲਗਾਇਆ ਜਾਣ ਲੱਗਾ। ਬਲਾਚੌਰ ਨੇੜੇ ਕੰਢੀ ਖੇਤਰ ਲਈ ਪੀਏਯੂ ਨੇ ਬੱਲੋਵਾਲ ਸੌਂਖੜੀ 'ਚ ਖੋਜ ਕੇਂਦਰ ਸ਼ੁਰੂ ਕੀਤਾ ਤਾਂ ਉੱਥੇ ਹੁੰਦੀ ਖੋਜ ਤੋਂ ਇਲਾਕੇ ਦੇ ਕਿਸਾਨਾਂ ਨੂੰ ਜਾਣੂ ਕਰਾਉਣ ਲਈ ਵੀ ਮੇਲਾ ਸ਼ੁਰੂ ਕੀਤਾ ਗਿਆ। ਹੁਣ ਦੇ ਮੁਖੀ ਡਾ. ਬਲਦੇਵ ਸਿੰਘ ਢਿੱਲੋਂ ਨੇ ਨਾਗਕਲਾਂ (ਅੰਮ੍ਰਿਤਸਰ) ਤੇ ਫ਼ਰੀਦਕੋਟ 'ਚ ਵੀ ਮੇਲੇ ਸ਼ੁਰੂ ਕਰਵਾ ਦਿੱਤੇ ਹਨ।

ਇਸ ਵਰ੍ਹੇ ਲੁਧਿਆਣੇ ਦਾ ਮੁੱਖ ਮੇਲਾ 24-25 ਮਾਰਚ ਨੂੰ ਹੋਵੇਗਾ। ਬੱਲੋਵਾਲ ਸੌਂਖੜੀ ਵਿਖੇ 8 ਮਾਰਚ ਨੂੰ ਮੇਲਾ ਹੋਵੇਗਾ, ਨਾਗਕਲਾਂ ਤੇ ਫ਼ਰੀਦਕੋਟ ਵਿਖੇ 10 ਮਾਰਚ, ਗੁਰਦਾਸਪੁਰ 'ਚ 15 ਮਾਰਚ, ਰੌਣੀ (ਪਟਿਆਲਾ) ਵਿਖੇ 21 ਮਾਰਚ ਤੇ ਬਠਿੰਡਾ ਵਿਖੇ 28 ਮਾਰਚ ਨੂੰ ਮੇਲਾ ਲੱਗੇਗਾ। ਪੰਜਾਬ ਦਾ ਸ਼ਾਇਦ ਹੀ ਕੋਈ ਅਜੇਹਾ ਕਿਸਾਨ ਹੋਵੇਗਾ, ਜਿਹੜਾ ਇਨ੍ਹਾਂ ਮੇਲਿਆਂ ਵਿਚ ਨਾ ਆਇਆ ਹੋਵੇ। ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦੇ ਬੀਜ ਲਗਪਗ ਸਾਰੇ ਕਿਸਾਨਾਂ ਨੇ ਇਸੇ ਯੂਨੀਵਰਸਿਟੀ ਤੋਂ ਹੀ ਪ੍ਰਾਪਤ ਕੀਤੇ ਹਨ। ਲੋਕਾਂ ਵਿਚ ਪੜ੍ਹਨ ਦੀ ਰੁਚੀ ਵਿਕਸਿਤ ਕਰਨ ਲਈ ਪਹਿਲੇ ਮੇਲੇ ਵਿਚ ਸਰਦਾਰ ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਨੂੰ ਆਪਣੀਆਂ ਕਿਤਾਬਾਂ ਦਾ ਸਟਾਲ ਲਗਾਉਣ ਲਈ ਉਚੇਚੇ ਤੌਰ 'ਤੇ ਬੁਲਾਇਆ ਗਿਆ ਸੀ। ਨਵੇਂ ਬੀਜਾਂ ਦੇ ਨਾਲ-ਨਾਲ ਕਿਤਾਬਾਂ ਦੀ ਵਿਕਰੀ 'ਚ ਵੀ ਇਹ ਮੇਲੇ ਹਰ ਵਰ੍ਹੇ ਨਵਾਂ ਕੀਰਤੀਮਾਨ ਸਥਾਪਿਤ ਕਰਦੇ ਹਨ। ਹੁਣ ਲੁਧਿਆਣੇ ਦੇ ਹਾੜ੍ਹੀ-ਸਾਉਣੀ ਮੇਲਿਆਂ 'ਚ ਦੋ ਲੱਖ ਤੋਂ ਵੱਧ ਕਿਸਾਨ ਆਉਂਦੇ ਹਨ। ਸਾਰੇ ਮੇਲਿਆਂ ਤੇ ਖੇਤ ਦਿਵਸਾਂ ਦੇ ਅੰਕੜੇ ਜੋੜੇ ਜਾਣ ਤਾਂ ਹਰ ਵਰ੍ਹੇ ਦਸ ਲੱਖ ਕਿਸਾਨ ਯੂਨੀਵਰਸਿਟੀ ਦੇ ਸੰਪਰਕ 'ਚ ਆਉਂਦੇ ਹਨ। ਸੰਸਾਰ 'ਚ ਸ਼ਾਇਦ ਹੀ ਕੋਈ ਹੋਰ ਸੰਸਥਾ ਹੋਵੇਗੀ, ਜਿਸ ਦੇ ਕਿਸਾਨਾਂ ਨਾਲ ਏਨੇ ਨੇੜਲੇ ਸਬੰਧ ਹਨ। ਇਸੇ ਕਰਕੇ ਪੀਏਯੂ ਨੂੰ ਦੇਸ਼ ਦੀ ਸਭ ਤੋਂ ਉੱਤਮ ਯੂਨੀਵਰਸਿਟੀ ਮੰਨਿਆ ਜਾਂਦਾ ਹੈ। ਇਸ ਯੂਨੀਵਰਸਿਟੀ ਨੇ ਨਵੇਂ ਗਿਆਨ ਦੀ ਸਿਰਜਣਾ ਹੀ ਨਹੀਂ ਕੀਤੀ ਸਗੋਂ ਇਹ ਯਕੀਨੀ ਬਣਾਇਆ ਹੈ ਕਿ ਇਸ ਨੂੰ ਕਿਸਾਨਾਂ ਤਕ ਪਹੁੰਚਾਇਆ ਜਾਵੇ ਤੇ ਉਨ੍ਹਾਂ ਨੂੰ ਇਸ ਗਿਆਨ ਨੂੰ ਅਪਨਾਉਣ ਲਈ ਉਤਸਾਹਿਤ ਕੀਤਾ ਜਾਵੇ। ਤਕਨਾਲੋਜੀ ਤਾਂ ਸਾਰੇ ਸੰਸਾਰ 'ਚ ਆਈ ਪਰ ਪੰਜਾਬ ਹੀ ਹਰੇ ਇਨਕਲਾਬ ਦਾ ਮੋਹਰੀ ਕਿਉਂ ਬਣਿਆ? ਕਿਉਂਕਿ ਇਸ 'ਚ ਹੋਰਨਾਂ ਕਾਰਨਾਂ ਦੇ ਨਾਲ-ਨਾਲ ਕਿਸਾਨ ਮੇਲਿਆਂ ਦੀ ਅਹਿਮ ਭੂਮਿਕਾ ਹੈ। ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਮੇਲਿਆਂ ਵਿਚ ਬੀਜਾਂ ਵਾਲੀ ਦੁਕਾਨ 'ਤੇ ਜਾ ਕੇ ਬੀਜ ਖ਼ਰੀਦ ਕੇ ਹੀ ਵਾਪਸੀ ਨਾ ਕਰਨ ਸਗੋਂ ਸਾਰੀਆਂ ਪ੍ਰਦਰਸ਼ਨੀਆਂ ਨੂੰ ਗਹੁ ਨਾਲ ਵੇਖਣ। ਇਸ ਵਿਚ ਯੂਨੀਵਰਸਿਟੀ ਨੂੰ ਵੀ ਸਹਾਈ ਹੋਣਾ ਚਾਹੀਦਾ ਹੈ। ਸਿਰ 'ਤੇ ਬੀਜ ਦੀ ਬੋਰੀ ਰੱਖ ਕੇ ਮੇਲਾ ਵੇਖਣਾ ਔਖਾ ਹੈ। ਅਜਿਹਾ ਪ੍ਰਬੰਧ ਹੋਵੇ ਕਿ ਮੇਲੇ ਤੋਂ ਵਾਪਸੀ ਸਮੇਂ ਬੀਜ ਦਿੱਤੇ ਜਾਣ ਤੇ ਵਿਕਰੀ ਕੇਂਦਰ ਮੁੱਖ-ਦੁਆਰ ਦੇ ਨੇੜੇ ਹੋਵੇ। ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਸਮਸਿਆਵਾਂ ਬਾਰੇ ਮਾਹਿਰਾਂ ਨਾਲ ਖੁੱਲ੍ਹ ਕੇ ਵਿਚਾਰ ਵਟਾਂਦਰਾ ਕਰਨ। ਯੂਨੀਵਰਸਿਟੀ ਅਧਿਕਾਰੀਆਂ ਨੂੰ ਚਾਹੀਦਾ ਹੈ ਕਿ ਮੇਲੇ ਵਿਚ ਕਿਥੇ ਕੀ ਹੈ, ਇਹ ਦਰਸਾਉਂਦੇ ਚਾਰਟ ਮੁੱਖ ਥਾਵਾਂ 'ਤੇ ਲਗਾਏ ਜਾਣ। ਹੁਣ ਤਕ ਸਾਡਾ ਜ਼ੋਰ ਉਪਜ 'ਚ ਵਾਧੇ ਉੱਪਰ ਸੀ, ਪਰ ਹੁਣ ਸਾਡਾ ਮੁੱਖ ਮੰਤਵ ਕਿਸਾਨਾਂ ਦੀ ਆਮਦਨ 'ਚ ਵਾਧੇ ਲਈ ਹੋਣਾ ਚਾਹੀਦਾ ਹੈ। ਬਹੁਗਿਣਤੀ ਕਿਸਾਨ ਕਰਜ਼ੇ ਹੇਠ ਹਨ। ਅਜੇਹੇ ਪੈਕੇਜ ਤਿਆਰ ਕੀਤੇ ਜਾਣ, ਜਿਨ੍ਹਾਂ ਨਾਲ ਕਿਸਾਨ ਆਮਦਨ 'ਚ ਵਾਧਾ ਕਰ ਸਕਣ। ਅਜਿਹੇ ਯਤਨ ਕੀਤੇ ਜਾਣ ਜਿਸ ਨਾਲ ਖ਼ਰਚਿਆਂ 'ਚ ਕਮੀ ਆਵੇ। ਸਰਕਾਰ ਵੱਲੋਂ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਦਿਸ਼ਾ 'ਚ ਕਿਸਾਨ ਮੇਲੇ ਅਹਿਮ ਯੋਗਦਾਨ ਪਾ ਸਕਦੇ ਹਨ। ਆਮਦਨ 'ਚ ਵਾਧਾ ਮੌਜੂਦਾ ਫ਼ਸਲੀ ਚੱਕਰ 'ਚ ਤਬਦੀਲੀ ਨਾਲ ਹੀ ਹੋ ਸਕਦਾ ਹੈ। ਕਿਸਾਨ ਮੇਲੇ ਕਿਸਾਨਾਂ ਨੂੰ ਇਸ ਤਬਦੀਲੀ ਲਈ ਤਿਆਰ ਕਰਨ ਦਾ ਕਾਰਗਰ ਜ਼ਰੀਆ ਹਨ। •



# ਕਿਸਾਨਾਂ ਦੇ ਹਮਦਰਦ ਨੇ ਖੇਤੀਬਾੜੀ ਯੂਨੀਵਰਸਿਟੀ ਦੇ ਕਿਸਾਨ ਮੇਲੇ

• ਦਿਨੇਸ਼ ਦਮਾਥੀਆ

ਪੰਜਾਬ ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੁਆਰਾ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿਖੇ ਲਗਾਏ ਜਾਂਦੇ ਕਿਸਾਨ ਮੇਲੇ ਖੇਤੀ ਦੇ ਵਿਕਾਸ ਵਿਚ ਮਹੱਤਵਪੂਰਨ ਸਿੱਧ ਹੋਏ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿਚ ਸਾਲ 'ਚ ਦੋ ਵਾਰ ਕਿਸਾਨ ਮੇਲਿਆਂ ਦਾ ਆਯੋਜਨ ਕੀਤਾ ਜਾਂਦਾ ਹੈ। ਇਹ ਮੇਲੇ ਹਾੜ੍ਹੀ ਅਤੇ ਸਾਉਣੀ ਰੁੱਤ (ਮਾਰਚ ਅਤੇ ਸਤੰਬਰ) ਵਿਚ ਲਗਾਏ ਜਾਂਦੇ ਹਨ।

ਇਨ੍ਹਾਂ ਕਿਸਾਨ ਮੇਲਿਆਂ 'ਚ ਮੁੱਖ ਮਹਿਮਾਨ ਪੀਏਯੂ ਦੇ ਉਪ ਕੁਲਪਤੀ ਡਾ. ਬਲਦੇਵ ਸਿੰਘ ਢਿੱਲੋਂ ਹੋਣਗੇ। ਇਨ੍ਹਾਂ ਮੇਲਿਆਂ 'ਚ ਯੂਨੀਵਰਸਿਟੀ ਤੇ ਪੰਜਾਬ ਦੇ ਸਾਰੇ ਕ੍ਰਿਸ਼ੀ ਵਿਗਿਆਨ ਕੇਂਦਰਾਂ, ਫਾਰਮ ਸਲਾਹਕਾਰ ਸੇਵਾ ਕੇਂਦਰਾਂ ਤੇ ਖੇਤਰੀ ਖੋਜ ਕੇਂਦਰਾਂ ਦੁਆਰਾ ਖੇਤੀਬਾੜੀ ਸਬੰਧੀ ਪ੍ਰਦਰਸ਼ਨੀਆਂ ਲਗਾਈਆਂ ਜਾਣਗੀਆਂ। ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ 'ਚ ਸਥਿਤ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ, ਖੇਤੀਬਾੜੀ, ਬਾਗ਼ਬਾਨੀ, ਡੇਅਰੀ, ਪਸ਼ੂ ਪਾਲਣ, ਮੱਛੀ ਪਾਲਣ, ਮਿੱਟੀ, ਪਾਣੀ, ਸਹਿਕਾਰਤਾ ਵਿਭਾਗ ਆਦਿ ਦੀਆਂ ਪ੍ਰਦਰਸ਼ਨੀਆਂ ਤੇ ਖੇਤੀ ਸਬੰਧੀ ਸੈਮੀਨਾਰ ਇਨਾਂ ਮੇਲਿਆਂ 'ਚ ਕਰਵਾਏ ਜਾਂਦੇ ਹਨ। ਇਨ੍ਹਾਂ ਸੈਮੀਨਾਰਾਂ ਵਿਚ ਕਿਸਾਨਾਂ ਤੇ ਖੇਤੀ ਮਾਹਿਰਾਂ ਵਿਚਾਲੇ ਖੇਤੀਬਾੜੀ ਸਬੰਧੀ ਸਵਾਲ-ਜਵਾਬ ਕੀਤੇ ਜਾਂਦੇ ਹਨ। ਜਿਸ ਨਾਲ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਵੀ ਨਿਕਲਦਾ ਹੈ ਤੇ ਖੇਤੀ ਪ੍ਰਤੀ ਉਤਸ਼ਾਹ ਵੀ ਵਧਦਾ ਹੈ। ਖੇਤੀਬਾੜੀ ਸਹਾਇਕ ਧੰਦਿਆਂ ਸਬੰਧੀ, ਖ਼ਾਸ ਕਰਕੇ ਪਸ਼ੂ ਪਾਲਣ ਸਬੰਧੀ ਮੇਲੇ ਵੀ ਲਗਾਏ ਜਾਂਦੇ ਹਨ।

ਗੁਰੂ ਅੰਗਦ ਦੇਵ ਵੈਟਰਨਰੀ ਅਤੇ ਪਸ਼ੂ ਵਿਗਿਆਨ ਯੂਨੀਵਰਸਿਟੀ ਲੁਧਿਆਣਾ ਤੇ ਇਸਦੇ ਪਸ਼ੂ ਵਿਗਿਆਨ ਕੇਂਦਰਾਂ ਵਿਚ ਵੀ ਮੇਲੇ ਲਗਾਏ ਜਾਂਦੇ ਹਨ ਤੇ ਪਸ਼ੂ ਪਾਲਣ ਸਬੰਧੀ ਸਮੱਸਿਆਵਾਂ ਤੇ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ। ਬਾਗ਼ਬਾਨੀ ਸਬੰਧੀ ਵੀ ਕਿਸਾਨਾਂ ਤੇ ਬਾਗ਼ਬਾਨਾਂ ਨੂੰ ਇਨ੍ਹਾਂ ਕਿਸਾਨ ਮੇਲਿਆਂ 'ਚ ਜਾਣਕਾਰੀ ਦਿੱਤੀ ਜਾਂਦੀ ਹੈ। ਇਨ੍ਹਾਂ ਮੇਲਿਆਂ ਵਿਚ ਕਿਸਾਨਾਂ ਨੂੰ ਖੇਤੀਬਾੜੀ ਸਬੰਧੀ ਹਰ ਤਰ੍ਹਾਂ ਦੀ ਮਸ਼ੀਨਰੀ ਦੀ ਜਾਣਕਾਰੀ ਜਿੱਥੇ ਮੁਹੱਈਆ ਕਰਵਾਈ ਜਾਂਦੀ ਹੈ, ਉੱਥੇ।ਦਵਾਈਆਂ, ਬੀਜ, ਪਸ਼ੂ ਖ਼ੁਰਾਕ, ਖੇਤੀ ਮਸ਼ੀਨਾਂ ਆਦਿ ਦੀ ਖ਼ਰੀਦਦਾਰੀ ਤੇ ਵਿਕਰੀ ਲਈ ਬਹੁਤ ਸਾਰੀਆਂ ਨਿੱਜੀ ਕੰਪਨੀਆਂ ਵੀ ਇਨ੍ਹਾਂ ਮੇਲਿਆਂ 'ਚ ਪਹੁੰਚਦੀਆਂ ਹਨ। ਕਿਸਾਨਾਂ ਦੇ ਮਨੋਰੰਜਨ ਲਈ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ।

ਖੇਤੀਬਾੜੀ ਤੇ ਇਸ ਨਾਲ ਸਬੰਧਤ ਵੱਖ-ਵੱਖ ਖੇਤਰਾਂ 'ਚ ਵਧੀਆ ਕੰਮ ਕਰਨ ਵਾਲੇ ਕਿਸਾਨਾਂ ਨੂੰ ਇਨ੍ਹਾਂ ਮੇਲਿਆਂ 'ਚ ਸਨਮਾਨਤ ਵੀ ਕੀਤਾ ਜਾਂਦਾ ਹੈ। ਖਾਣ-ਪੀਣ ਦੀਆਂ ਚੀਜ਼ਾਂ ਦੇ ਸਟਾਲ ਵੀ ਇਨ੍ਹਾਂ ਕਿਸਾਨ ਮੇਲਿਆਂ 'ਚ ਲਗਾਏ ਜਾਂਦੇ ਹਨ। ਸਵੈ-ਸਹਾਇਤਾ ਸਮੂਹਾਂ ਵੱਲੋਂ ਇਨ੍ਹਾਂ ਮੇਲਿਆਂ 'ਚ ਸਟਾਲ ਲਗਾ ਕੇ ਆਪਣੇ ਤਿਆਰ ਕੀਤੇ ਉਤਪਾਦਾਂ ਦੀ ਵਿਕਰੀ ਕੀਤੀ ਜਾਂਦੀ ਹੈ। ਔਰਤਾਂ ਲਈ ਵੀ ਬਹੁਤ ਸਾਰੇ ਸਟਾਲ ਲਗਾਏ ਜਾਂਦੇ ਹਨ, ਜਿੱਥੇ ਉਨਾਂ ਨੂੰ ਰਸੋਈ ਤੋਂ ਲੈ ਕੇ ਖੇਤੀ ਕੰਮਾਂ ਬਾਰੇ ਸਿੱਖਿਅਤ ਕੀਤਾ ਜਾਂਦਾ ਹੈ। ਜੈਵਿਕ ਖੇਤੀ ਕਰ ਰਹੇ ਕਿਸਾਨ ਵੀ ਇਨ੍ਹਾਂ ਮੇਲਿਆਂ ਵਿਚ ਆਪਣੇ ਖੇਤੀ ਉਤਪਾਦ ਲੈ ਕੇ ਆਉਂਦੇ ਹਨ ਤੇ ਦੂਸਰੇ ਕਿਸਾਨਾਂ ਨਾਲ ਆਪਣੇ ਤਜਰਬੇ ਸਾਂਝੇ ਕਰਦੇ ਹਨ। ਖੇਤੀ ਸਬੰਧੀ ਸਾਹਿਤ ਵੀ ਇਨ੍ਹਾਂ ਮੇਲਿਆਂ 'ਚ ਪ੍ਰਦਰਸ਼ਿਤ ਕੀਤਾ ਜਾਂਦਾ ਹੈ। ਇਨ੍ਹਾਂ ਮੇਲਿਆਂ 'ਚ ਗੁਆਂਢੀ ਸੂਬਿਆਂ ਦੇ ਕਿਸਾਨ ਅਤੇ ਖੇਤੀ ਮਾਹਿਰ ਵੀ ਪਹੁੰਚਦੇ ਸ਼ਾਮਲ ਹੁੰਦੇ ਹਨ। •

*ਮੋਬਾਈਲ 94177-14390*

# ਵਿਧਾਇਕ ਸ਼ੈਰੀ ਕਲਸੀ ਨੇ ਬਟਾਲਾ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਨੂੰ ਕੀਤਾ ਰਵਾਨਾ




**ਬਟਾਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਵਲੋਂ ਅੱਜ ਉਸਮਾਨਪੁਰ ਸਿਟੀ ਬਟਾਲਾ ਤੋਂ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਤਹਿਤ ਸ਼ਰਧਾਲੂਆਂ ਦੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਵਿਰਾਸਤ ਸੇਵਾ ਸੰਗਠਨ ਦੇ ਜ਼ਿਲ੍ਹਾ ਪ੍ਰਧਾਨ ਤੇ ਮਾਰਕੀਟ ਕਮੇਟੀ ਕਲਾਨੌਰ ਦੇ ਚੇਅਰਮੈਨ ਰਣਜੇਤ ਸਿੰਘ ਬਾਠ ਝੰਗੀ, ਚੇਅਰਮੈਨ ਮਾਨਿਕ ਮਹਿਤਾ, ਗਗਨਦੀਪ ਸਿੰਘ, ਦਵਿੰਦਰ ਸਿੰਘ ਸਮੇਤ ਵੱਖ ਵੱਖ ਸਖਸੀਅਤਾਂ ਮੌਜੂਦ ਸਨ।

ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ 'ਮੁੱਖ ਮੰਤਰੀ ਤੀਰਥ ਯਾਤਰਾ' ਯੋਜਨਾ ਤਹਿਤ ਲੋਕਾਂ ਨੂੰ ਵੱਖ-ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ ਅਤੇ ਲੋਕ ਪੂਰੀ ਸ਼ਰਧਾ ਭਾਵਨਾ ਨਾਲ ਯਾਤਰਾ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਇਹ ਯੋਜਨਾ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਸੁਵਿਧਾਜਨਕ ਢੰਗ ਨਾਲ ਕਰਵਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਪਹਿਲ ਨਾਲ ਨਾ ਸਿਰਫ਼ ਲੋਕਾਂ ਦੀਆਂ ਆਸਥਾਵਾਂ ਨੂੰ ਮਜ਼ਬੂਤੀ ਮਿਲਦੀ ਹੈ, ਸਗੋਂ ਸਮਾਜ ਵਿੱਚ ਏਕਤਾ ਅਤੇ ਸਾਂਝ ਨੂੰ ਵੀ ਹੋਰ ਮਜ਼ਬੂਤੀ ਮਿਲਦੀ ਹੈ।

ਉਨ੍ਹਾਂ ਦੱਸਿਆ ਕਿ ਇਹ ਬੱਸ ਰਾਹੀਂ ਤਿੰਨ ਦਿਨਾਂ ਵਿੱਚ ਸ਼ਰਧਾਲੂਆਂ ਨੂੰ ਸ਼੍ਰੀ ਆਨੰਦਪੁਰ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਵਿਰਾਸਤ -ਏ- ਖਾਲਸਾ, ਸ਼੍ਰੀ ਕੀਰਤਪੁਰ ਸਾਹਿਬ ਅਤੇ ਮਾਤਾ ਨੈਣਾ ਦੇਵੀ ਦੇ ਦਰਸ਼ਨ ਕਰਵਾਏ ਜਾਣਗੇ।ਉਨ੍ਹਾਂ ਕਿਹਾ ਕਿ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪਵਿੱਤਰ ਅਸਥਾਨਾਂ ਦੀ ਮੁਫ਼ਤ ਯਾਤਰਾ ਦੀ ਸਹੂਲਤ ਦੇ ਕੇ ਪੰਜਾਬੀਆਂ ਵਿੱਚ ਸਮਾਜਿਕ ਅਤੇ ਧਾਰਮਿਕ ਸਦਭਾਵਨਾ ਨੂੰ ਮਜ਼ਬੂਤ ਕਰਨ ਲਈ ਇੱਕ ਵਿਸ਼ੇਸ਼ ਪਹਿਲਕਦਮੀ ਕੀਤੀ ਗਈ ਹੈ। ਉਨ੍ਹਾਂ ਇਹ ਮੁੱਖ ਮੰਤਰੀ ਤੀਰਥ ਯਾਤਰਾ ਨੂੰ ਲੈ ਕੇ ਸਮਾਜ ਦੇ ਹਰ ਵਰਗ ਵਿੱਚ ਖੁਸ਼ੀ ਪਾਈ ਜਾ ਰਹੀ ਹੈ।

ਇਸ ਮੌਕੇ ਯਾਤਰਾ 'ਤੇ ਜਾ ਰਹੇ ਸ਼ਰਧਾਲੂਆਂ ਨੇ ਮੁੱਖ ਮੰਤਰੀ ਪੰਜਾਬ ਦਾ ਧੰਨਵਾਦ ਕਰਦਿਆਂ ਕਿ ਮੁੱਖ ਮੰਤਰੀ ਤੀਰਥ ਯੋਜਨਾ ਨਾਲ ਲੋਕਾਂ ਵਿੱਚ ਖੁਸ਼ੀ ਵਰਗਾ ਮਾਹੌਲ ਹੈ ਅਤੇ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਬਹੁਤ ਉਤਸ਼ਾਹਿਤ ਹਨ।

# ਬੀਬੀਐਮਬੀ ਰੈਡ ਕ੍ਰਾਸ ਮੇਲਾ 5 ਅਪ੍ਰੈਲ ਨੂੰ, ਤਿਆਰੀਆਂ ਜਾਰੀ

**ਤਲਵਾੜਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਖੜਾ ਬਿਆਸ ਪ੍ਰਬੰਧ ਬੋਰਡ ਦਾ ਰੈਡ ਕ੍ਰਾਸ ਮੇਲਾ ਇਸ ਸਾਲ 5 ਅਪ੍ਰੈਲ 2026 ਨੂੰ ਹੋਣ ਜਾ ਰਿਹਾ ਹੈ। ਇਸ ਲਈ ਤਿਆਰੀਆਂ ਤੇਜੀ ਨਾਲ ਜਾਰੀ ਹਨ। ਇਸ ਦਾ ਉਦਘਾਟਨ ਬੋਰਡ ਤੇ ਚੇਅਰਮੈਨ ਇੰਜਨੀਅਰ ਮਨੋਜ ਤ੍ਰਿਪਾਠੀ ਅਤੇ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਦੀਪਤੀ ਤ੍ਰਿਪਾਠੀ ਵੱਲੋਂ ਕੀਤਾ ਜਾਵੇਗਾ। ਇਹ ਜਾਣਕਾਰੀ ਮੁੱਖ ਇੰਜਨੀਅਰ ਰਾਕੇਸ਼ ਗੁਪਤਾ ਨੇ ਦਿੱਤੀ ਹੈ।

ਉਨ੍ਹਾਂ ਨੇ ਦੱਸਿਆ ਕਿ ਇਹ ਰੈਡ ਕ੍ਰਾਸ ਮੇਲਾ ਬੀਬੀਐਮਬੀ ਟਾਉਨਸ਼ਿਪ ਦੇ ਸੈਕਟਰ 2 ਵਿਚ ਨਰਸ਼ਰੀ ਗ੍ਰਾਉਂਡ ਵਿਚ ਹੋਵੇਗਾ ਅਤੇ ਇਸ ਦਾ ਉਦਘਾਟਨ 5 ਅਪ੍ਰੈਲ ਨੂੰ ਸਵੇਰੇ 10:30 ਵਜੇ ਹੋਵੇਗਾ।

ਉਨ੍ਹਾਂ ਨੇ ਕਿਹਾ ਕਿ ਇਸ ਮੇਲੇ ਵਿਚ ਖਾਣ ਪੀਣ, ਹੱਥਾਂ ਦੀਆਂ ਬਣੀਆਂ ਵਸਤਾਂ ਅਤੇ ਸਿਹਤ ਸੰਭਾਲ ਸੰਬਧੀ ਵੱਖ ਵੱਖ ਸਟਾਲ ਖਿੱਚ ਦਾ ਕੇਂਦਰ ਹੋਣਗੇ ਅਤੇ ਮੇਲੇ ਦੇ ਅੰਤ ਤੇ ਲੱਕੀ ਡਰਾਅ ਵੀ ਕੱਢੇ ਜਾਣਗੇ। ਇਸ ਵਾਰ ਕੱਢੇ ਜਾਣ ਵਾਲੇ ਕੁਝ ਪ੍ਰਮੁੱਖ ਲੱਕੀ ਡ੍ਰਾਅ ਹਨ, ਐਲਈਡੀ ਸਮਾਰਟ ਟੀਵੀ, ਰੈਫਰੀਜਰੇਟਰ, ਟੈਬ, ਸਾਇਕਲ (ਗਿਅਰ ਤੇ ਡਿਸਕ ਬ੍ਰੇਕ ਵਾਲਾ), ਮੋਬਾਇਲ ਫੋਨ, ਮਾਇਕ੍ਰੋਵੇਵ ਓਵਨ, ਸਮਾਰਟ ਵਾਚ, ਸਮਾਰਟ ਬੈਂਡ, ਬਲਿਊ ਟੂੱਥ ਸਪੀਕਰ, ਇਲੈਕਟ੍ਰਿਕ ਚੌਪਰ ਤੇ ਹੋਰ। ਇਸ ਤੋਂ ਬਿਨ੍ਹਾਂ ਰੈਡ ਕ੍ਰਾਸ ਮੇਲੇ ਵਿਚ ਗਈ ਰੌਚਕ ਖੇਡਾਂ ਵਿਚ ਵਿਸੇਸ਼ ਖਿੱਚ ਦਾ ਕੇਂਦਰ ਹੋਣਗੀਆਂ ਅਤੇ ਬੱਚਿਆਂ ਲਈ ਵੀ ਕਈ ਆਕਰਸ਼ਣ ਹੋਣਗੇ। ਉਨ੍ਹਾਂ ਨੇ ਕਿਹਾ ਕਿ ਇਸ ਮੇਲੇ ਨੂੰ ਯਾਦਗਾਰੀ ਬਣਾਉਣ ਲਈ ਬੀਬੀਐਮਬੀ ਪ੍ਰਸ਼ਾਸਨ ਹਰ ਤਿਆਰੀ ਕਰ ਰਿਹਾ ਹੈ।

ਬੀਬੀਐਮਬੀ ਰੈਡ ਕ੍ਰਾਸ ਸੰਸਥਾ ਦੇ ਚੇਅਰਪਰਸਨ ਸੀਮਾ ਗੁਪਤਾ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਰੈਡ ਕ੍ਰਾਸ ਮੇਲੇ ਵਿਚ ਜੋ ਆਮਦਨ ਹੁੰਦੀ ਹੈ ਉਹ ਰੈਡਕ੍ਰਾਸ ਵੱਲੋਂ ਗਰੀਬ, ਬੇਸਹਾਰਾ ਅਤੇ ਲੋੜਵੰਦ ਮਰੀਜਾਂ ਦੀ ਸੇਵਾ ਵਿਚ ਖਰਚ ਕੀਤੀ ਜਾਂਦੀ ਹੈ। ਉਨ੍ਹਾਂ ਨੇ ਇਲਾਕੇ ਦੇ ਲੋਕਾਂ ਨੂੰ 5 ਅਪ੍ਰੈਲ 2026 ਨੂੰ ਰੈਡ ਕ੍ਰਾਸ ਮੇਲੇ ਵਿਚ ਵਧ ਚੜ੍ਹ ਕੇ ਭਾਗ ਲੈਣ ਦਾ ਸੱਦਾ ਦਿੱਤਾ।

# ਵਿਧਾਇਕ ਸ਼ੈਰੀ ਕਲਸੀ ਨੇ ਓਹਰੀ ਚੌਂਕ ਵਿਖੇ ਵਿਕਾਸ ਕਾਰਜਾਂ ਦਾ ਰੱਖਿਆ ਨੀਂਹ ਪੱਥਰ

**ਬਟਾਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਬਟਾਲਾ ਸ਼ਹਿਰ ਅੰਦਰ ਵਿਕਾਸ ਪੱਖੋਂ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਸ਼ਹਿਰ ਵਾਸੀਆਂ ਦੀਆਂ ਲੰਮੇ ਸਮੇਂ ਤੋਂ ਲਮਕਦੀਆਂ ਮੰਗਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਓਹਰੀ ਚੌਂਕ ਵਿਖੇ ਵਾਰਡ ਵਾਸੀਆਂ ਦੀ ਮੌਜੂਦਗੀ ਵਿਖੇ ਵੱਖ ਵੱਖ ਵਿਕਾਸ ਕਾਰਜਾਂ ਦਾ ਕੰਮ ਸ਼ੁਰੂ ਕਰਨ ਉਪਰੰਤ ਕੀਤਾ।ਵਿਸ਼ਵਾਸ ਮੌਕੇ ਚੇਅਰਮੈਨ ਮਾਨਿਕ ਮਹਿਤਾ ਸਮੇਤ ਮੁਹੱਲਾ ਵਾਸੀ ਵੱਡੀ ਗਿਣਤੀ ਵਿੱਚ ਮੌਜੂਦ ਸਨ। ਵਿਧਾਇਕ ਸ਼ੈਰੀ ਕਲਸੀ ਨੇ ਵਾਰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਹਿਰ ਵਾਸੀਆਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਪਿਛਲੇ ਕਈ ਸਾਲਾਂ ਤੋਂ ਗਲੀਆਂ ਨਾ ਬਣਨ ਕਾਰਨ ਲੋਕਾਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਪਰ ਹੁਣ ਉਹ ਖੁਦ ਲੋਕਾਂ ਤੱਕ ਪਹੁੰਚ ਕਰਕੇ ਉਨਾਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰ ਰਹੇ ਹਨ।

ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਸ਼ਹਿਰ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕੀਤਾ ਗਿਆ ਹੈ ਅਤੇ ਹੁਣ ਲੋਕਾਂ ਦੀ ਬਾਂਹ ਫੜ੍ਹਦਿਆਂ ਉਨਾਂ ਦੀਆਂ ਚਿਰੋਕਣੀਆਂ ਮੰਗਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਵੱਖ ਵੱਖ ਵਿਕਾਸ ਕਾਰਜ ਪ੍ਰਗਤੀ ਅਧੀਨ ਹਨ।

ਇਸ ਮੌਕੇ ਮੁਹੱਲਾ ਵਾਸੀਆਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਗਲੀ ਨਾ ਬਣਨ ਕਰਕੇ ਲੋਕ ਮੁਸ਼ਕਲ ਦਾ ਸਾਹਮਣਾ ਕਰ ਰਹੇ ਸਨ ਪਰ ਹੁਣ ਉਨਾਂ ਦੀ ਸਾਰ ਲਈ ਗਈ ਹੈ, ਜਿਸ ਨਾਲ ਇਥੋਂ ਦੇ ਵਾਸੀਆਂ ਨੂੰ ਵੱਡੀ ਰਾਹਤ ਮਿਲੀ ਹੈ।

# ਨਿਰੰਤਰ ਤੇ ਨਿਰਵਿਘਨ ਘਰੇਲੂ ਐਲਪੀਜੀ ਸਪਲਾਈ ਯਕੀਨੀ ਬਣਾਉਣਾ ਤਰਜੀਹ; ਵਾਲੀਆ



**ਪਟਿਆਲਾ, 27 ਮਾਰਚ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਅੱਜ ਜ਼ਿਲ੍ਹੇ ਵਿੱਚ ਘਰੇਲੂ ਅਤੇ ਵਪਾਰਕ ਐਲਪੀਜੀ ਦੀ ਸਪਲਾਈ ਦੀ ਸਮੀਖਿਆ ਕੀਤੀ। ਜ਼ਿਲ੍ਹਾ ਖੁਰਾਕ ਅਤੇ ਸਿਵਲ ਸਪਲਾਈ ਕੰਟਰੋਲਰ ਡਾ. ਰਵਿੰਦਰ ਕੌਰ, ਹੋਰ ਅਧਿਕਾਰੀਆਂ ਅਤੇ ਗੈਸ ਕੰਪਨੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ, ਡਿਪਟੀ ਕਮਿਸ਼ਨਰ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਘਰੇਲੂ ਖਪਤਕਾਰਾਂ ਨੂੰ ਐਲਪੀਜੀ ਸਿਲੰਡਰਾਂ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣਾ ਹੈ। ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ ਕਿਸੇ ਵੀ ਹਾਲਤ ਵਿੱਚ ਕਿਸੇ ਵੀ ਲੀਕੇਜ, ਕਾਲਾਬਾਜ਼ਾਰੀ ਜਾਂ ਜਮ੍ਹਾਂਖੋਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਡੀਸੀ ਵਰਜੀਤ ਵਾਲੀਆ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਸੰਸਥਾਵਾਂ ਅਤੇ ਥੋਕ ਖਪਤਕਾਰਾਂ ਨੂੰ ਐਲਪੀਜੀ ਸਿਲੰਡਰਾਂ @ਤੇ ਨਿਰਭਰਤਾ ਘਟਾਉਣ ਅਤੇ ਵਧੇਰੇ ਕੁਸ਼ਲ ਊਰਜਾ ਵਰਤੋਂ ਨੂੰ ਯਕੀਨੀ ਬਣਾਉਣ ਲਈ, ਜਿੱਥੇ ਵੀ ਸੰਭਵ ਹੋਵੇ, ਪਾਈਪਡ ਨੈਚੁਰਲ ਗੈਸ (ਪੀਐਨਜੀ) ਕੁਨੈਕਸ਼ਨ ਲੈਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਨੇ ਖਪਤਕਾਰਾਂ ਨੂੰ ਅਫਰਾ ਤਫਰੀ 'ਚ ਆ ਕੇ ਐਲਪੀਜੀ ਸਿਲੰਡਰਾਂ ਦੀ ਬੁਕਿੰਗ ਕਰਵਾਉਣ ਤੋਂ ਬਚਣ ਦੀ ਅਪੀਲ ਕੀਤੀ, ਕਿਉਂਕਿ ਅਜਿਹਾ ਕਰਨਾ ਸਪਲਾਈ ਪ੍ਰਣਾਲੀ @ਤੇ ਬੇਲੋੜਾ ਦਬਾਅ ਪਾਉਂਦਾ ਹੈ। ਉਨ੍ਹਾਂ ਨੇ ਜ਼ਿਲ੍ਹੇ ਦੇ ਵਸਨੀਕਾਂ ਨੂੰ ਭਰੋਸਾ ਦਿਵਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ, ਜ਼ਿਲ੍ਹਾ ਪ੍ਰਸ਼ਾਸਨ ਘਰੇਲੂ ਐਲਪੀਜੀ ਦੇ ਨਾਲ-ਨਾਲ ਜ਼ਰੂਰੀ ਮੈਡੀਕਲ ਅਤੇ ਵਿਦਿਅਕ ਸੰਸਥਾਵਾਂ ਨੂੰ ਸੁਚਾਰੂ ਅਤੇ ਢੁਕਵੀਂ ਸਪਲਾਈ ਯਕੀਨੀ ਬਣਾਉਣ ਲਈ ਵਚਨਬੱਧ ਹੈ। ਹਾਲਾਂਕਿ, ਉਨ੍ਹਾਂ ਨੇ ਇਹ ਵੀ ਕਿਹਾ ਕਿ ਵਪਾਰਕ ਅਦਾਰਿਆਂ ਨੂੰ ਸਪਲਾਈ ਲੋੜ ਅਨੁਸਾਰ ਘਟਾਈ ਗਈ ਹੈ। ਡਿਪਟੀ ਕਮਿਸ਼ਨਰ ਨੇ ਫੂਡ ਸਪਲਾਈ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਉਹ ਯਕੀਨੀ ਬਣਾਉਣ ਕਿ ਗੈਸ ਏਜੰਸੀਆਂ ਨੂੰ ਘਰੇਲੂ ਐਲਪੀਜੀ ਸਿਲੰਡਰਾਂ ਦੀ ਨਿਯਮਤ ਸਪਲਾਈ ÷ਪਹਿਲਾਂ ਬੁੱਕ ਕੀਤਾ ਗਿਆ ਸਿਲੰਡਰ ਪਹਿਲਾਂ ਡਿਲੀਵਰ ਕੀਤਾ ਜਾਵੇ÷ ਦੇ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਇਹ ਵੀ ਨਿਰਦੇਸ਼ ਦਿੱਤੇ ਕਿ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਗੈਸ ਏਜੰਸੀਆਂ ਦੇ ਰਿਕਾਰਡ ਦੀ ਨਿਯਮਤ ਤੌਰ @ਤੇ ਜਾਂਚ ਕੀਤੀ ਜਾਵੇ। ਇਸ ਤੋਂ ਇਲਾਵਾ, ਗੈਸ ਏਜੰਸੀਆਂ ਨੂੰ ਸਪਲਾਈ ਅਤੇ ਡਿਲੀਵਰੀ ਦਾ ਰੋਜ਼ਾਨਾ ਡੇਟਾ ਪ੍ਰਦਰਸ਼ਿਤ ਕਰਨ ਅਤੇ ਇਸ ਦਾ ਰਿਕਾਰਡ ਰੱਖਣ ਦੇ ਨਿਰਦੇਸ਼ ਦਿੱਤੇ।

ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਵਪਾਰਕ ਐਲਪੀਜੀ ਸਿਲੰਡਰਾਂ ਦੀ ਮੰਗ ਇਸ ਉਦੇਸ਼ ਲਈ ਬਣਾਈ ਗਈ ਕਮੇਟੀ ਦੇ ਸਾਹਮਣੇ ਰੱਖੀ ਜਾਵੇ।

# ਜ਼ਿਲ੍ਹਾ ਜਲੰਧਰ ਨਾਲ ਸਬੰਧਤ 3 ਮਹਿਲਾ ਉੱਦਮੀਆਂ ਨੂੰ ਮਿਲਿਆ ਪੰਜਾਬ ਸਰਕਾਰ ਉੱਦਮੀ ਮਹਿਲਾ ਸਨਮਾਨ



**ਜਲੰਧਰ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਿਲਾ ਉੱਦਮੀਆਂ ਨੂੰ ਸਨਮਾਨਿਤ ਕਰਨ ਲਈ ਮੁਹਾਲੀ ਵਿਖੇ ਕਰਵਾਏ ਗਏ ਸਨਮਾਨ ਸਮਾਗਮ ਦੌਰਾਨ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਪਾਸੋਂ ਸਨਮਾਨ ਹਾਸਲ ਕਰਨ ਵਾਲੀਆਂ ਮਹਿਲਾ ਉੱਦਮੀਆਂ ਵਿੱਚ 3 ਜ਼ਿਲ੍ਹਾ ਜਲੰਧਰ ਨਾਲ ਸਬੰਧਤ ਮਹਿਲਾ ਉੱਦਮੀ ਵੀ ਸ਼ਾਮਲ ਹਨ।

ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦਿਵਿਆ ਪੀ. ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਜ ਪੱਧਰੀ ਸਮਾਗਮ ਦੌਰਾਨ ਪੂਜਾ ਪੁੱਤਰੀ ਸੰਜੀਵ ਕੁਮਾਰ ਪਿੰਡ ਭੰਗਾਲਾ ਬਲਾਕ ਨੂਰਮਹਿਲ ਨੂੰ ਡਿਜ਼ੀਟਲ ਦੀਦੀ ਕੈਟਾਗਰੀ ਲਈ, ਅੰਜਲੀ ਪੁੱਤਰੀ ਨਛੱਤਰ ਪਿੰਡ ਪੂਨੀਆ ਬਲਾਕ ਸ਼ਾਹਕੋਟ ਨੂੰ ਸੇਵਾ ਟੂ ਸੈਲਫ਼ ਰਿਲਾਇੰਸ ਅਤੇ ਮੋਨਿਕਾ ਪੁੱਤਰੀ ਗੁਰਮੇਲ ਸਿੰਘ ਵਾਸੀ ਪਿੰਡ ਮਾਣਕੋ ਬਲਾਕ ਆਦਮਪੁਰ ਨੂੰ ਸੇਵਾ ਟੂ ਸੈਲਫ਼ ਰਿਲਾਇੰਸ ਕੈਟਾਗਰੀ ਵਿੱਚ ਵਧੀਆ ਅਤੇ ਸ਼ਲਾਘਾਯੋਗ ਕਾਰਗੁਜ਼ਾਰੀ ਲਈ ਸਨਮਾਨ ਪ੍ਰਾਪਤ ਹੋਇਆ ਹੈ।

ਇਨ੍ਹਾਂ ਮਹਿਲਾ ਉੱਦਮੀਆਂ ਨੂੰ ਸਰਕਾਰ ਵੱਲੋਂ ਸਨਮਾਨ ਪੱਤਰ, ਟਰਾਫੀ ਅਤੇ 25000-25000 ਰੁਪਏ ਦਾ ਚੈੱਕ ਸਨਮਾਨ ਵਜੋਂ ਦਿੱਤੇ ਗਏ।

ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਹਲਕਾ ਪੱਧਰ ਅਤੇ ਜ਼ਿਲ੍ਹਾ ਪੱਧਰ 'ਤੇ ਵੀ ਅੰਤਰਰਾਸ਼ਟਰੀ ਮਹਿਲਾ ਦਿਵਸ ਸਬੰਧੀ ਸਮਾਗਮ ਕਰਵਾਏ ਗਏ ਹਨ, ਜਿਸ ਦੌਰਾਨ ਵੱਖ-ਵੱਖ ਕੈਟਾਗਰੀਜ਼ ਵਿੱਚ ਵਧੀਆ ਕਾਰਗੁਜ਼ਾਰੀ ਕਰਨ ਵਾਲੀਆ 100-100 ਮਹਿਲਾ ਉੱਦਮੀਆਂ ਨੂੰ ਸਨਮਾਨਿਤ ਕੀਤਾ ਗਿਆ।

ਵਧੀਕ ਡਿਪਟੀ ਕਮਿਸ਼ਨਰ ਨੇ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮਿਸ਼ਨ ਤਹਿਤ ਪੇਂਡੂ ਖੇਤਰਾਂ ਦੀਆਂ ਗਰੀਬ ਔਰਤਾਂ ਨੂੰ ਸਵੈ ਸਹਾਇਤਾ ਸਮੂਹਾਂ ਨਾਲ ਜੋੜ ਕੇ ਉਨ੍ਹਾਂ ਦੇ ਜੀਵਨ ਪੱਧਰ, ਆਰਥਿਕ ਅਤੇ ਸਮਾਜਿਕ ਪੱਧਰ ਨੂੰ ਉੱਚਾ ਚੁੱਕਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਵਧੀਆ ਕਾਰਗੁਜ਼ਾਰੀ ਵਾਲੇ ਸਵੈ ਸਹਾਇਤਾ ਸਮੂਹਾਂ ਨੂੰ ਰਿਵਾਲਵਿੰਗ ਫੰਡ ਦੇ ਤੌਰ 'ਤੇ 30000 ਰੁਪਏ ਅਤੇ ਕਮਿਊਨਟੀ ਇਨਵੈਸਟਮੈਂਟ ਫੰਡ ਦੇ ਤੌਰ 'ਤੇ 50000 ਰੁਪਏ ਪ੍ਰਤੀ ਗਰੁੱਪ ਦੇ ਹਿਸਾਬ ਨਾਲ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

ਇਸ ਤੋਂ ਇਲਾਵਾ ਇਨ੍ਹਾਂ ਗਰੁੱਪਾਂ ਨੂੰ ਸੀ.ਸੀ.ਐਲ. ਮੁਹੱਈਆ ਕਰਵਾ ਕੇ ਲਾਇਵਲੀਹੁੱਡ ਨਾਲ ਜੁੜੇ ਕੰਮ ਧੰਦਿਆਂ ਜਿਵੇਂ ਸਕੂਲੀ ਵਰਦੀਆਂ ਦੀ ਸਿਲਾਈ, ਐਗਰੀ ਨਿਊਟਰੀ ਗਾਰਡਨ, ਵੇਰਕਾ ਨਾਲ ਕੰਨਵਰਜੈਂਸ ਕਰਕੇ ਡੇਅਰੀ ਦੇ ਕੰਮ ਨਾਲ ਜੋੜਿਆ ਜਾਂਦਾ ਹੈ ਤਾਂ ਜੋ ਸਵੈ ਸਹਾਇਤਾ ਸਮੂਹਾਂ ਦੀਆਂ ਮਹਿਲਾਵਾਂ ਦਾ ਜੀਵਨ ਪੱਧਰ ਬਿਹਤਰ ਹੋ ਸਕੇ।

ਇਸ ਮੌਕੇ ਡੀ.ਪੀ.ਐਮ ਸੁਖਵੰਤ ਕੌਰ, ਡੀ.ਐਫ.ਐਮ. ਕੋਮਲ, ਲੇਖਾਕਾਰ ਵਿਕਾਸ ਬਖਸ਼ੀ ਅਤੇ ਆਜੀਵਿਕਾ ਮਿਸ਼ਨ ਦਾ ਬਾਕੀ ਸਟਾਫ਼ ਵੀ ਮੌਜੂਦ ਸੀ।

# ਭਗਵੰਤ ਮਾਨ ਸਰਕਾਰ ਨੇ ਮੈਡੀਕਲ ਸਿੱਖਿਆ ਦਾ ਕੀਤਾ ਵਿਸਥਾਰ, ਮਹੀਨੇ ਦੇ ਅੰਦਰ ਦੂਜੇ ਇੰਸਟੀਚਿਊਟ ਦਾ ਐਲਾਨ : ਡਾ. ਬਲਬੀਰ ਸਿੰਘ

**ਚੰਡੀਗੜ੍ਹ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸੂਬੇ ਵਿੱਚ ਸਿਹਤ ਸੰਭਾਲ ਅਤੇ ਮੈਡੀਕਲ ਸਿੱਖਿਆ ਦੀ ਨੁਹਾਰ ਬਦਲਣ ਲਈ ਵੱਡਾ ਯਤਨ ਕਰਦਿਆਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਕਪੂਰਥਲਾ ਵਿੱਚ ਨਵੇਂ ਸਰਕਾਰੀ ਮੈਡੀਕਲ ਕਾਲਜ ਦੀ ਸਥਾਪਨਾ ਦਾ ਐਲਾਨ ਕੀਤਾ। ਹੁਸ਼ਿਆਰਪੁਰ ਵਿੱਚ ਸ਼ਹੀਦ ਊਧਮ ਸਿੰਘ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਤੋਂ ਬਾਅਦ ਇਸ ਮਹੀਨੇ ਐਲਾਨ ਕੀਤਾ ਜਾਣ ਵਾਲਾ ਇਹ ਦੂਜਾ ਅਜਿਹਾ ਸੰਸਥਾਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼, ਦੇ ਰੂਪ ਵਿੱਚ ਇਹ ਨਵੀਂ ਸਹੂਲਤ ਕਪੂਰਥਲਾ ਦੇ ਮੌਜੂਦਾ ਜ਼ਿਲ੍ਹਾ ਹਸਪਤਾਲ ਕੰਪਲੈਕਸ ਵਿੱਚ ਬਣਾਈ ਜਾਵੇਗੀ।

ਇੱਥੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ, ਟੈਂਡਰਿੰਗ ਪ੍ਰਕਿਰਿਆ ਸਮੇਤ ਸਾਰੀਆਂ ਰਸਮੀ ਕਾਰਵਾਈਆਂ ਪੂਰੀਆਂ ਹੋ ਗਈਆਂ ਹਨ ਅਤੇ ਕਾਰਜਕਾਰੀ ਏਜੰਸੀਆਂ ਨੂੰ ਕੰਮ ਦੇ ਆਦੇਸ਼ ਜਾਰੀ ਕਰ ਦਿੱਤੇ ਗਏ ਹਨ। ਉਸਾਰੀ 25 ਮਾਰਚ, 2026 ਨੂੰ ਸ਼ੁਰੂ ਕਰ ਦਿੱਤੀ ਜਾਵੇਗੀ ਅਤੇ ਮਾਰਚ 2028 ਤੱਕ 24 ਮਹੀਨਿਆਂ ਦੇ ਅੰਦਰ-ਅੰਦਰ ਪੂਰੀ ਕਰਨ ਦਾ ਟੀਚਾ ਹੈ।

ਉਨ੍ਹਾਂ ਹੋਰ ਜਾਣਕਾਰੀ ਸਾਂਝੀ ਕਰਦਿਆਂ ਕਿਹਾ, 275 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ ਸਥਾਪਿਤ ਕੀਤੇ ਜਾਣ ਵਾਲੇ ਇਸ ਪ੍ਰਾਜੈਕਟ ਵਿੱਚ 300 ਬਿਸਤਰਿਆਂ ਵਾਲਾ ਹਸਪਤਾਲ ਅਤੇ ਇੱਕ ਮੈਡੀਕਲ ਕਾਲਜ ਹੋਵੇਗਾ,ਜਿਸ ਵਿੱਚ ਸਾਲਾਨਾ ਐਮ.ਬੀ.ਬੀ.ਐਸ. ਲਈ 100 ਸੀਟਾਂ ਹੋਣਗੀਆਂ, ਜਿਸ ਨਾਲ ਨਾ ਕੇਵਲ ਸੂਬੇ ਦੀ ਮੈਡੀਕਲ ਸਿੱਖਿਆ ਸਮਰੱਥਾ ਵਿੱਚ ਵਾਧਾ ਹੋਵੇਗਾ ਸਗੋਂ ਪੰਜਾਬ ਦੇ ਵਿਦਿਆਰਥੀਆਂ ਨੂੰ ਡਾਕਟਰੀ ਦੀ ਮਹਿੰਗੀ ਪੜ੍ਹਾਈ ਲਈ ਵਿਦੇਸ਼ਾਂ ਵਿੱਚ ਜਾਣ ਦੀ ਲੋੜ ਨਹੀਂ ਪਵੇਗੀ।

ਇਸ ਪੇਸ਼ਕਦਮੀ ਦੇ ਸਾਕਾਰਤਮਕ ਪ੍ਰਭਾਵਾਂ ਬਾਰੇ ਦੱਸਦਿਆਂ ਮੰਤਰੀ ਨੇ ਕਿਹਾ, ਇੱਕ ਵਾਰ ਚਾਲੂ ਹੋਣ ਤੋਂ ਬਾਅਦ, ਸੰਸਥਾ ਨਾ ਸਿਰਫ਼ 100 ਐਮ.ਬੀ.ਬੀ.ਐਸ. ਸੀਟਾਂ ਵਿੱਚ ਵਾਧਾ ਕਰੇਗੀ , ਸਗੋਂ ਖੇਤਰ ਦੇ ਲੋਕਾਂ ਨੂੰ ਅਤਿ-ਆਧੁਨਿਕ ਸੈਕੰਡਰੀ ਅਤੇ ਟਰਸ਼ਰੀ ਸਿਹਤ ਸੇਵਾਵਾਂ ਵੀ ਪ੍ਰਦਾਨ ਕਰੇਗੀ। ਇਹ ਸੰਸਥਾ ਰੁਜ਼ਗਾਰ ਦਾ ਇੱਕ ਵੱਡਾ ਸਰੋਤ ਹੋਵੇਗੀ, ਜਿਸ ਨਾਲ 1000 ਤੋਂ ਵੱਧ ਲੋਕਾਂ ਨੂੰ ਸਿੱਧੇ ਤੌਰ 'ਤੇ ਲਾਭ ਹੋਵੇਗਾ ਅਤੇ ਬਹੁਤਾਂ ਨੂੰ ਅਸਿੱਧੇ ਤੌਰ 'ਤੇ ਰੁਜ਼ਗਾਰ ਮਿਲੇਗਾ।

ਸਿਹਤ ਸੰਭਾਲ ਦੇ ਖੇਤਰ ਵਿੱਚ ਹੋਰ ਪ੍ਰਾਪਤੀਆਂ ਗਿਣਾਉਂਦਿਆਂ ਉਨ੍ਹਾਂ ਕਿਹਾ, ਸਿਹਤ ਸੰਭਾਲ ਨੈੱਟਵਰਕ ਨੂੰ ਹੋਰ ਮਜ਼ਬੂਤ ਕਰਨ ਲਈ, ਸੁਲਤਾਨਪੁਰ ਲੋਧੀ ਦੇ ਸਰਕਾਰੀ ਹਸਪਤਾਲ ਨੂੰ ਸ਼ਹਿਰੀ ਕੇਂਦਰ ਵਜੋਂ ਅਪਗ੍ਰੇਡ ਕੀਤਾ ਜਾਵੇਗਾ ਅਤੇ ਬੇਗੋਵਾਲ ਦੇ ਸਰਕਾਰੀ ਹਸਪਤਾਲ ਨੂੰ ਪੇਂਡੂ ਕੇਂਦਰ ਵਜੋਂ ਅਪਗ੍ਰੇਡ ਕੀਤਾ ਜਾਵੇਗਾ। ਦੋਵੇਂ ਕਪੂਰਥਲਾ ਦੇ ਨਵੇਂ ਮੈਡੀਕਲ ਕਾਲਜ ਨਾਲ ਜੁੜਕੇ ਕੰਮ ਕਰਨਗੇ।

5 ਲੱਖ ਵਰਗ ਫੁੱਟ ਤੋਂ ਵੱਧ ਦੇ ਖੇਤਰ ਵਿੱਚ ਸਥਾਪਿਤ ਕੀਤੇ ਜਾਣ ਵਾਲੇ ਇਸ ਪ੍ਰਾਜੈਕਟ ਵਿੱਚ ਛੇ ਵੱਡੇ ਆਪ੍ਰੇਸ਼ਨ ਥੀਏਟਰ, 500 ਦੀ ਸਮਰੱਥਾ ਵਾਲਾ ਆਡੀਟੋਰੀਅਮ, ਐਮਆਰਆਈ ਅਤੇ ਸੀਟੀ ਸਕੈਨ ਵਰਗੀਆਂ ਉੱਨਤ ਡਾਇਗਨੌਸਟਿਕ ਸਹੂਲਤਾਂ, ਇੱਕ ਕੇਂਦਰੀ ਲੈਬਾਰਿਟਰੀ, ਇੱਕ ਬਲੱਡ ਬੈਂਕ ਅਤੇ ਹੁਨਰ ਲੈਬਾਂ ਅਤੇ ਅਜਾਇਬ ਘਰਾਂ ਨਾਲ ਲੈਸ ਆਧੁਨਿਕ ਸਿੱਖਿਆ ਵਿਭਾਗ ਸ਼ਾਮਲ ਹੋਣਗੇ।

ਸਿਹਤ ਮੰਤਰੀ ਦੇ ਨਾਲ ਪ੍ਰਮੁੱਖ ਸਕੱਤਰ ਸਿਹਤ ਅਤੇ ਪਰਿਵਾਰ ਭਲਾਈ ਕੁਮਾਰ ਰਾਹੁਲ, ਪੰਜਾਬ ਸਿਹਤ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਗੁਰਸ਼ਰਨ ਸਿੰਘ ਛੀਨਾ ਅਤੇ ਪੰਜਾਬ ਸਿਹਤ ਸਿਸਟਮ ਕਾਰਪੋਰੇਸ਼ਨ ਦੇ ਪ੍ਰਬੰਧ ਨਿਰਦੇਸ਼ਕ ਅਮਿਤ ਤਲਵਾੜ ਵੀ ਮੌਜੂਦ ਸਨ।

# ਨਵਰਾਤਰਾਂ ਦੌਰਾਨ ਮੰਦਰਾਂ ਅਤੇ ਉਪਾਸਨਾ ਸਥਾਨਾਂ ਦੇ ਨੇੜੇ ਮੌਜੂਦ ਮਾਸ ਅਤੇ ਮੀਟ ਦੀਆਂ ਦੁਕਾਨਾਂ ਰਹਿਣਗੀਆਂ

**ਕਰਨਾਲ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਆਯੁਕਤ ਡਾ. ਵੈਸ਼ਾਲੀ ਸ਼ਰਮਾ ਨੇ ਪ੍ਰੈਸ ਵਿਗਿਆਪਨ ਰਾਹੀਂ ਜਾਣਕਾਰੀ ਦਿੰਦਿਆਂ ਮੀਟ ਦੁਕਾਨਾਂ ਦੇ ਚਲਾਣ ਵਾਲਿਆਂ ਨੂੰ ਕਿਹਾ ਹੈ ਕਿ ਨਗਰ ਨਿਗਮ ਖੇਤਰ ਵਿੱਚ ਨਵਰਾਤਰਾਂ ਦੌਰਾਨ ਮੰਦਰਾਂ ਅਤੇ ਉਪਾਸਨਾ ਸਥਾਨਾਂ ਦੇ ਨੇੜੇ ਮੌਜੂਦ ਮੀਟ ਦੀਆਂ ਦੁਕਾਨਾਂ ਬੰਦ ਰੱਖੀਆਂ ਜਾਣ।

ਉਨ੍ਹਾਂ ਕਿਹਾ ਕਿ ਨਵਰਾਤਰਾਂ ਦੇ ਮੌਕੇ 'ਤੇ 19 ਮਾਰਚ ਤੋਂ ਲੈ ਕੇ ਰਾਮ ਨਵਮੀ ਅਤੇ 31 ਮਾਰਚ 2026 ਨੂੰ ਮਹਾਵੀਰ ਜਯੰਤੀ ਤੱਕ ਨਗਰ ਨਿਗਮ ਖੇਤਰ ਵਿੱਚ ਸਾਰੇ ਮੰਦਰਾਂ ਅਤੇ ਉਪਾਸਨਾ ਸਥਾਨਾਂ ਦੇ ਆਸ-ਪਾਸ ਮੌਜੂਦ ਮਾਸ ਅਤੇ ਮੀਟ ਦੀਆਂ ਸਾਰੀਆਂ ਦੁਕਾਨਾਂ ਬੰਦ ਰਹਿਣਗੀਆਂ।

ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਮਿਆਦ ਦੌਰਾਨ ਜੇਕਰ ਇਨ੍ਹਾਂ ਥਾਵਾਂ 'ਤੇ ਕੋਈ ਵੀ ਮੀਟ ਦੀ ਦੁਕਾਨ ਖੁੱਲੀ ਮਿਲਦੀ ਹੈ, ਤਾਂ ਉਸਨੂੰ ਬਿਨਾਂ ਕਿਸੇ ਹੋਰ ਨੋਟਿਸ ਦੇ ਤੁਰੰਤ ਬੰਦ ਕਰਵਾ ਦਿੱਤਾ ਜਾਵੇਗਾ ਅਤੇ ਉਸਦਾ ਸਮਾਨ ਵੀ ਜਬਤ ਕਰ ਲਿਆ ਜਾਵੇਗਾ।

# ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਬੰਬੀਹਾ ਗੈਂਗ ਦੇ ਭਗੌੜੇ ਗੈਂਗਸਟਰ ਲੱਕੀ ਪਟਿਆਲ ਦੇ ਮੁੱਖ ਸਹਿਯੋਗੀ ਹਨ: ਡੀਜੀਪੀ ਗੌਰਵ ਯਾਦਵ

**ਚੰਡੀਗੜ੍ਹ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ, ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਨੇ ਸਪੈਸ਼ਲ ਟਾਸਕ ਫੋਰਸ, ਹਰਿਆਣਾ (ਕਰਨਾਲ ਯੂਨਿਟ) ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਅੱਜ ਕੈਥਲ ਵਿੱਚ ਸੰਖੇਪ ਗੋਲੀਬਾਰੀ ਤੋਂ ਬਾਅਦ ਚੰਡੀਗੜ੍ਹ ਸੈਕਟਰ 9 ਕਤਲ ਕਾਂਡ ਵਿੱਚ ਸ਼ਾਮਲ ਦੋ ਸ਼ੂਟਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਤਿੰਨ ਆਧੁਨਿਕ ਹਥਿਆਰ ਬਰਾਮਦ ਕੀਤੇ ਹਨ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਰਾਜਨ ਉਰਫ਼ ਪੀਯੂਸ਼ ਪਹਿਲਵਾਨ ਵਾਸੀ ਫਿਰੋਜ਼ਪੁਰ ਅਤੇ ਪ੍ਰੀਤਮ ਸ਼ਾਹ ਵਾਸੀ ਨਵਾਂਸ਼ਹਿਰ ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਹਥਿਆਰਾਂ ਵਿੱਚ .30 ਬੋਰ ਦਾ ਪੀਐਕਸ-5 ਪਿਸਤੌਲ, .30 ਕੈਲੀਬਰ ਦਾ ਚੀਨੀ ਪਿਸਤੌਲ ਅਤੇ .32 ਕੈਲੀਬਰ ਦੇ ਪਿਸਤੌਲ ਸਮੇਤ ਗੋਲੀ-ਸਿੱਕਾ ਸ਼ਾਮਲ ਹੈ।

ਜਾਣਕਾਰੀ ਅਨੁਸਾਰ, ਬੁੱਧਵਾਰ ਨੂੰ ਚੰਡੀਗੜ੍ਹ ਦੇ ਸੈਕਟਰ 9 ਵਿਖੇ ਪੀੜਤ ਚਰਨਪ੍ਰੀਤ ਸਿੰਘ ਉਰਫ਼ ਚੀਨੀ ਦਾ ਦੋ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਬੰਬੀਹਾ ਗੈਂਗ ਦੇ ਭਗੌੜੇ ਗੈਂਗਸਟਰ ਲੱਕੀ ਪਟਿਆਲ ਦੇ ਮੁੱਖ ਸਹਿਯੋਗੀ ਹਨ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਰਾਜਨ ਉਰਫ਼ ਪੀਯੂਸ਼ ਪਹਿਲਵਾਨ ਜੀਵਨਜੋਤ ਸਿੰਘ ਉਰਫ਼ ਜੁਗਨੂੰ ਦੇ ਡਰਾਈਵਰ ਯਾਦਵਿੰਦਰ ਸਿੰਘ ਦੇ ਹਾਈ-ਪ੍ਰੋਫਾਈਲ ਕਤਲ ਵਿੱਚ ਵੀ ਲੋੜੀਂਦਾ ਹੈ।ਡੀਜੀਪੀ ਨੇ ਦੱਸਿਆ ਕਿ ਏਜੀਟੀਐਫ ਪੰਜਾਬ ਨੇ ਪੂਰੇ ਮਾਡਿਊਲ ਦਾ ਪਰਦਾਫਾਸ਼ ਕਰ ਦਿੱਤਾ ਹੈ ਅਤੇ 30 ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ, ਏਜੀਟੀਐਫ ਦੇ ਐਡੀਸ਼ਨਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਪ੍ਰਮੋਦ ਬਾਨ ਨੇ ਦੱਸਿਆ ਕਿ ਘਟਨਾ ਤੋਂ ਬਾਅਦ, ਏਜੀਟੀਐਫ ਨੇ ਇਸ ਮਾਮਲੇ ਵਿੱਚ ਸ਼ਾਮਲ ਮੁਲਜ਼ਮਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਡੀਆਈਜੀ ਏਜੀਟੀਐਫ ਗੁਰਮੀਤ ਸਿੰਘ ਚੌਹਾਨ ਦੀ ਨਿਗਰਾਨੀ ਹੇਠ ਤੁਰੰਤ ਇੱਕ ਵਿਸ਼ੇਸ਼ ਆਪ੍ਰੇਸ਼ਨ ÷ਓਪੀਐਸ ਸਾਈਲੈਂਟ ਟ੍ਰਿਗਰ÷ ਸ਼ੁਰੂ ਕੀਤਾ।

ਉਨ੍ਹਾਂ ਦੱਸਿਆ ਕਿ ਇਸ ਆਪਰੇਸ਼ਨ ਦੌਰਾਨ, ਮੁਲਜ਼ਮਾਂ ਨੇ ਐਸਪੀ ਏਜੀਟੀਐਫ ਬਿਕਰਮਜੀਤ ਸਿੰਘ ਬਰਾੜ ਦੀ ਅਗਵਾਈ ਵਾਲੀ ਪੁਲਿਸ ਟੀਮਾਂ 'ਤੇ ਗੋਲੀਬਾਰੀ ਕੀਤੀ। ਉਨ੍ਹਾਂ ਦੱਸਿਆ ਕਿ ਜਵਾਬੀ ਕਾਰਵਾਈ ਦੌਰਾਨ ਦੋਵੇਂ ਮੁਲਜ਼ਮ ਜ਼ਖਮੀ ਹੋ ਗਏ ਅਤੇ ਉਨ੍ਹਾਂ ਨੂੰ ਤੁਰੰਤ ਇਲਾਜ ਲਈ ਹਸਪਤਾਲ ਭੇਜ ਦਿੱਤਾ ਗਿਆ।ਏਡੀਜੀਪੀ ਨੇ ਦੱਸਿਆ ਕਿ ਸ਼ੁਰੂਆਤੀ ਪੁੱਛਗਿੱਛ ਤੋਂ ਇਹ ਵੀ ਪਤਾ ਲੱਗਾ ਹੈ ਕਿ ਦੋਸ਼ੀ ਪੀਯੂਸ਼ ਆਪਣੇ ਵਿਦੇਸ਼ੀ ਹੈਂਡਲਰ ਦੇ ਨਿਰਦੇਸ਼ਾਂ 'ਤੇ ਕਤਲ ਨੂੰ ਅੰਜਾਮ ਦੇਣ ਲਈ ਮਲੇਸ਼ੀਆ ਤੋਂ ਨੇਪਾਲ ਰਾਹੀਂ ਆਇਆ ਸੀ।

# ਸ਼੍ਰੋਮਣੀ ਅਕਾਲੀ ਦਲ ਚੋਂ ਬਾਗੀ ਹੋਏ ਆਗੂਆਂ ਖਿਲਾਫ ਬਾਦਲ ਵੱਲੋਂ ਖੁੱਲ ਕੇ ਬੋਲਣਾ ਵਰਕਰਾ ਦੇ ਆਇਆ ਖੂਬ ਪਸੰਦ

**ਪਟਿਆਲਾ, 27 ਮਾਰਚ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**



ਸੂਬੇ ਅੰਦਰ ਸ਼੍ਰੋਮਣੀ ਅਕਾਲੀ ਦਲ ਨੂੰ ਮਜਬੂਤ ਕਰਨ ਲਈ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਵੱਲੋਂ ਲਗਾਤਾਰ ਰੈਲੀਆਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਭਵਿੱਖ ਵਿੱਚ ਆ ਰਹੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਅੰਦਰ ਸ਼੍ਰੋਮਣੀ ਅਕਾਲੀ ਦਲ ਆਪਣੀ ਸਰਕਾਰ ਬਣਾ ਸਕੇ ਜਿਸ ਲਈ ਹੁਣ ਤੋਂ ਹੀ ਪਾਰਟੀ ਅੰਦਰ ਜਿੰਦ ਜਾਨ ਲਗਾ ਕੇ ਸੁਖਬੀਰ ਬਾਦਲ ਕੰਮ ਕਰ ਰਹੇ ਹਨ ਭਾਵੇਂ ਕੀ ਬਾਦਲ ਦਾ ਹਰ ਰੈਲੀ ਵਿੱਚ ਵੱਖਰਾ ਅੰਦਾਜ਼ ਵਰਕਰਾਂ ਦੇ ਸਿਰ ਚੜ ਬੋਲ ਰਿਹਾ ਹੈ ਉਸੇ ਤਰ੍ਹਾਂ ਸਮਾਣਾ ਵਿਖੇ ਹਲਕਾ ਇੰਚਾਰਜ ਜਗਮੀਤ ਸਿੰਘ ਹਰਿਆਊ ਦੀ ਅਗਵਾਈ ਹੇਠ ਹੋਈ ਵਿਸ਼ਾਲ ਰੈਲੀ ਅੰਦਰ ਹੋਏ ਵਿਸ਼ਾਲ ਇਕੱਠ ਨੂੰ ਦੇਖ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਪੂਰੀ ਤਰਹਾਂ ਬਾਗੋ ਬਾਗ ਨਜ਼ਰ ਆਏ ਉੱਥੇ ਹੀ ਸੰਬੋਧਨ ਕਰਨ ਸਮੇਂ ਬਾਦਲ ਨੇ ਵੋਟਰਾਂ ਨੂੰ ਪਹਿਲ ਦੇ ਅਧਾਰ ਤੇ ਅਪੀਲ ਕਰਦੇ ਹੋਏ ਜਗਮੀਤ ਸਿੰਘ ਹਰਿਆਊ ਨੂੰ ਵਿਧਾਇਕ ਬਣਾਉਣ ਦੀ ਅਪੀਲ ਕਰ ਦਿੱਤੀ ਜਿਸ ਨਾਲ ਵਰਕਰਾਂ ਅਤੇ ਆਗੂਆਂ ਵਿੱਚ ਖੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਸੀ

ਉਥੇ ਹੀ ਸ਼੍ਰੋਮਣੀ ਅਕਾਲੀ ਦਲ ਤੋਂ ਬਾਗੀ ਹੋਏ ਆਗੂਆਂ ਖਿਲਾਫ ਬਾਦਲ ਵੱਲੋਂ ਖੁੱਲ ਕੇ ਬੋਲਣਾ ਵਰਕਰਾਂ ਦੇ ਖੂਬ ਪਸੰਦ ਆਇਆ ਜਦੋਂ ਰੈਲੀ ਦੌਰਾਨ ਬਾਦਲ ਖੁੱਲ ਕੇ ਬਾਗੀਆਂ ਖਿਲਾਫ ਬੋਲ ਰਹੇ ਸਨ ਤਾਂ ਉਸ ਸਮੇਂ ਵਰਕਰਾਂ ਤੇ ਆਗੂਆਂ ਨੇ ਵੀ ਬੋਲੇ ਸੋ ਨਿਹਾਲ ਦੇ ਨਾਅਰੇ ਖੁੱਲ ਕੇ ਲਗਾਏ ਜਿਸ ਤੋਂ ਸਾਫ ਪਤਾ ਚੱਲਦਾ ਸੀ ਕੀ ਵਰਕਰ ਤੇ ਆਗੂ ਵੀ ਪਾਰਟੀ ਤੋਂ ਵੱਖ ਹੋਏ ਬਾਗੀਆਂ ਨੂੰ ਚੰਗਾ ਨਹੀਂ ਸਮਝ ਰਹੇ ਜਿਸ ਕਰਕੇ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਦੀ ਰੈਲੀ ਦੌਰਾਨ ਇੱਕ ਵੱਡੀ ਧਾਕ ਨਜ਼ਰ ਆਈ ਉਥੇ ਹੀ ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋਏ ਗੁਰਧਿਆਨ ਸਿੰਘ ਭਾਨਰੀ ਤੇ ਮਨਪ੍ਰੀਤ ਸਵਜਪੁਰ ਆਦਿ ਹੋਰ ਆਗੂਆਂ ਦਾ ਮੁੜ ਤੋਂ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋਣਾ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਵੱਲੋਂ ਸ਼ੁਭ ਸੰਕੇਤ ਮੰਨਿਆ ਜਾ ਰਿਹਾ ਸੀ ਤਾਂ ਹੀ ਬਾਦਲ ਹੌਸਲੇ ਵਿੱਚ ਖੂਬ ਬੁਲੰਦ ਨਜ਼ਰ ਆ ਰਹੇ ਸਨ ਕਿਉਂਕਿ ਪਿਛਲੇ ਇੱਕ ਮਹੀਨੇ ਤੋਂ ਹਲਕਾ ਇੰਚਾਰਜ ਜਗਮੀਤ ਸਿੰਘ ਹਰਿਆਊ ਦੀ ਟੀਮ ਵੱਲੋਂ ਰੈਲੀ ਦੀਆਂ ਤਿਆਰੀਆਂ ਕਰਨ ਵਿੱਚ ਵੱਡੇ ਪੱਧਰ ਤੇ ਜੁਟੇ ਹੋਏ ਸਨ ਪਰ ਹਰਿਆਊ ਦੀ ਆਪਣੇ ਹਲਕੇ ਅੰਦਰ ਇਹ ਪਹਿਲੀ ਰੈਲੀ ਸੀ ਜਿਸ ਵਿੱਚ ਹਲਕੇ ਦੇ ਵਰਕਰਾਂ ਤੇ ਆਗੂਆਂ ਦਾ ਭਾਰੀ ਇਕੱਠ ਨਜ਼ਰ ਆਇਆ ਜਿਸ ਤੋਂ ਪਾਰਟੀ ਸੁਪਰੀਮੋ ਬਾਦਲ ਵੀ ਜਿੱਥੇ ਬਾਗੋ ਬਾਗ ਨਜ਼ਰ ਆਏ ਉੱਥੇ ਹੀ ਪਾਰਟੀ ਵਿੱਚ ਪਿਛਲੇ ਦਿਨੀ ਸ਼ਾਮਿਲ ਹੋਏ ਗੁਰਧਿਆਨ ਸਿੰਘ ਭਾਨਰੀ ਨੇ ਪਾਰਟੀ ਸੁਪਰੀਮੋ ਬਾਦਲ ਨੂੰ ਇੱਕ ਵੱਖਰੀ ਮਿਲਣੀ ਦੌਰਾਨ ਵਿਸ਼ਵਾਸ ਦਿਵਾਉਂਦੇ ਹੋਏ ਹਰਿਆਊ ਨੂੰ ਵਿਧਾਇਕ ਬਣਨ ਤੱਕ ਹਲਕੇ ਅੰਦਰ ਦਿਨ ਰਾਤ ਇੱਕ ਕਰਕੇ ਲੋਕਾਂ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ ਜੋੜਨ ਦਾ ਤਹੀਆ ਕਰ ਲਿਆ ਹੈ

# ਸਿਆਸੀ ਦਾਲ 'ਚ ਕੋਕੜੂ ਪੈਣ ਦੇ ਬਾਵਜੂਦ ਨੌਕਰਸ਼ਾਹਾਂ ਦਾ ਰਾਜਨੀਤੀ 'ਚ ਤਰਲੋਮੱਛੀ ਦਾ ਰੁਝਾਨ

**ਬਠਿੰਡਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਖਾੜਕੂਵਾਦ ਦੌਰਾਨ ਲੰਮਾ ਸਮਾਂ ਰਾਸ਼ਟਰਪਤੀ ਰਾਜ ਰਹਿਣ ਕਾਰਨ ਪੰਜਾਬ ਦੀ ਅਫਸਰਸ਼ਾਹੀ ਦੇ ਮੂੰਹ ਨੂੰ ਸਰਕਾਰ ਦੀਆਂ ਲਗਾਮਾਂ ਆਪਣੇ ਹੱਥ ਰੱਖਣ ਦਾ ਖੂਨ ਲੱਗਣ ਕਰਕੇ ਸੇਵਾਮੁਕਤੀ ਪਿੱਛੋਂ ਸਰਕਾਰੀ ਅਧਿਕਾਰੀ ਸਿਆਸੀ ਚੋਲਾ ਪਾਉਣ ਲਈ ਤਰਲੋਮੱਛੀ ਹੋਣ ਲੱਗੇ ਹਨ। ਇਕੱਲੇ ਅਫਸਰਾਂ ਨੇ ਹੀ ਨਹੀਂ ਬਲਕਿ ਪੰਜਾਬ ਦੇ ਸਿਆਸੀ ਮੈਦਾਨ 'ਚ ਸੇਵਾਮੁਕਤ ਜੱਜਾਂ ਨੇ ਵੀ ਰਾਜਨੀਤੀ ਦਾ ਸਵਾਦ ਚੱਖਿਆ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪਾਰਟੀ ਵਰਕਰਾਂ ਇਸ ਤੋਂ ਵੱਡੀ ਜੱਗੋ ਤੇਰ੍ਹਵੀਂ ਨਹੀਂ ਹੋ ਸਕਦੀ ਜੋ ਦਰੀਆਂ ਵਿਛਾਉਣ ਤੱਕ ਸੀਮਤ ਕੀਤੇ ਜਾ ਰਹੇ ਹਨ। ਸਾਬਕਾ ਅਧਿਕਾਰੀਆਂ ਦੀ ਸਿਆਸਤ 'ਚ ਸਫਲਤਾ ਦਰ ਬਹੁਤੀ ਵੱਡੀ ਨਾਂ ਹੋਣ ਦੇ ਬਾਵਜੂਦ ਇਹ ਸਿਲਸਿਲਾ ਲਗਾਤਾਰ ਜਾਰੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਰਾਜਨੀਤੀ 'ਚ ਅਫਸਰਸ਼ਾਹੀ ਦਾ ਉਲਾਰ ਹੈ ਜਿਸ ਦੀ ਮਿਸਾਲ ਨੌਕਰੀਆਂ ਤੋਂ ਅਸਤੀਫੇ ਦੇਕੇ ਚੋਣ ਮੈਦਾਨ 'ਚ ਕੁੱਦਣ ਤੋਂ ਮਿਲਦੀ ਹੈ।

**ਤਾਜਾ ਮਾਮਲਾ**

ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਵਜੋਂ ਸੇਵਾਵਾਂ ਨਿਭਾਉਣ ਵਾਲੇ ਪੱਛਮੀ ਬੰਗਾਲ ਕਾਡਰ ਦੇ 1993 ਬੈਚ ਦੇ ਸਾਬਕਾ ਆਈਏਐੱਸ ਅਧਿਕਾਰੀ ਕੰਵਲਜੀਤ ਸਿੰਘ ਚੀਮਾ ਨਾਲ ਜੁੜਿਆ ਹੈ। ਬਾਦਲ ਪ੍ਰੀਵਾਰ ਦੇ ਕਰੀਬੀ ਸਹਿਯੋਗੀਆਂ ਮੰਨੇ ਜਾਂਦੇ ਚੀਮਾ ਦੀ ਸ਼੍ਰੋਮਣੀ ਅਕਾਲੀ ਦਲ 'ਚ ਸ਼ਮੂਲੀਅਤ ਨੇ ਇਹ ਦਰਸਾ ਦਿੱਤਾ ਹੈ ਕਿ ਸਿਆਸੀ ਲੀਡਰਾਂ ਨੂੰ ਵੱਜਦੇ ਸੈਲੂਟਾਂ ਅਤੇ ਤਾਮਝਾਮ ਭਰੀ ਜਿੰਦਗੀ ਨੂੰ ਦੇਖਦਿਆਂ ਅਫਸਰਸ਼ਾਹੀ ਨੂੰ ਰਾਜਨੀਤੀ ਭਰਮਾਉਣ ਲੱਗੀ ਹੋਈ ਹੈ। ਪੰਜਾਬ ਵਿੱਚ ਇਹ ਕੋਈ ਪਹਿਲਾ ਮੌਕਾ ਨਹੀਂ ਹੈ ਕਿ ਕੋਈ



ਨੌਕਰਸ਼ਾਹ ਰਾਜਨੀਤੀ 'ਚ ਆਇਆ ਹੋਵੇ ਬਲਕਿ ਵੋਟਰਾਂ ਵੱਲੋਂ ਦਿੱਤੇ ਮੱਠੇ ਹੁੰਗਾਰੇ ਦੇ ਬਾਵਜੂਦ ਅਜਿਹੇ ਅਫਸਰਾਂ ਦੀ ਕਤਾਰ ਕਾਫੀ ਲੰਬੀ ਹੈ। ਇਸ ਦਿਸ਼ਾ 'ਚ ਸਿਵਲ ਸਰਵਿਸ ਛੱਡਕੇ ਰਾਜਨੀਤੀ 'ਚ ਕੁੱਦਣ ਵਾਲੇ ਸਿਰਦਾਰ ਕਪੂਰ ਸਿੰਘ ਤੋਂ ਇਲਾਵਾ ਆਈਪੀਐਸ ਵਰਗੀ ਵਕਾਰੀ ਨੌਕਰੀ ਤਿਆਗ ਕੇ ਰਾਜਨੀਤੀ 'ਚ ਆਉਣ ਵਾਲੇ ਸਿਮਰਨਜੀਤ ਸਿੰਘ ਮੋਹਰੀ ਹਨ।

ਪੁਲਿਸ ਵਿਭਾਗ ਚੋਂ ਰਾਜਨੀਤੀ 'ਚ ਆਉਣ ਵਾਲਿਆਂ 'ਚ ਕੁੰਵਰ ਵਿਜੇ ਪ੍ਰਤਾਪ ਸਿੰਘ ਦਾ ਨਾਮ ਵੀ ਸ਼ਾਮਲ ਹੈ। ਆਈਏਐਸ ਅਧਿਕਾਰੀ ਸੋਮ ਪ੍ਰਕਾਸ਼ ਨੇ ਅਸਤੀਫਾ ਦੇਕੇ ਲੋਕ ਸਭਾ ਚੋਣ ਲੜੀ ਸੀ। ਆਈਏਐਸ ਅਫਸਰ ਡਾ ਸਵਰਨ ਸਿੰਘ ਨੇ ਵੀ ਰਾਜਨੀਤੀ 'ਚ ਕੁੱਦਣ ਲਈ ਨੌਕਰੀ ਤਿਆਗੀ ਸੀ। ਸਾਬਕਾ ਵਿਧਾਇਕ ਅਜੈਬ ਸਿੰਘ ਭੱਟੀ ਨੇ ਏਡੀਸੀ ਦੇ ਅਹੁਦੇ ਤੋਂ ਅਸਤੀਫਾ ਦੇਕੇ ਅਕਾਲੀਆਂ ਦੇ ਗੜ੍ਹ ਹਲਕਾ ਨਥਾਣਾ ਤੋਂ ਚੋਣ ਜਿੱਤੀ ਸੀ। ਬਾਦਲਾਂ ਦੇ ਨਜ਼ਦੀਕੀ ਮੰਨੇ ਜਾਂਦੇ ਸੇਵਾਮੁਕਤ ਆਈਏਐਸ ਅਫਸਰ ਦਰਬਾਰਾ ਸਿੰਘ ਗੁਰੂ ਨੂੰ ਭਦੌੜ ਅਤੇ ਸਾਬਕਾ ਡੀਜੀਪੀ ਪਰਮਦੀਪ ਸਿੰਘ ਗਿੱਲ ਨੂੰ ਹਲਕਾ ਮੋਗਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਆਈਏਐਸ ਅਫਸਰ ਪਰਮਪਾਲ ਕੌਰ ਸਿੱਧੂ ਨੇ ਨੌਕਰੀ ਤੋਂ ਅਸਤੀਫਾ ਦੇਕੇ 2024 'ਚ ਭਾਜਪਾ ਤਰਫੋਂ ਚੋਣ ਲੜੀ ਸੀ। ਖੇਡ ਵਿਭਾਗ ਦੇ ਡਾਇਰੈਕਟਰ ਉਲੰਪੀਅਨ ਪਰਗਟ ਸਿੰਘ ਪਹਿਲੀ ਵਾਰ 2012 'ਚ ਚੋਣ ਜਿੱਤੇ ਸਨ।

ਬੀਬੀ ਪਰਮਜੀਤ ਕੌਰ ਗੁਲਸ਼ਨ ਪ੍ਰਿੰਸੀਪਲ ਦੀ ਨੌਕਰੀ ਤੋਂ ਅਸਤੀਫਾ ਦੇਕੇ ਲੋਕ ਸਭਾ ਚੋਣਾਂ 2004 'ਚ ਫਰੀਦਕੋਟ ਹਲਕੇ ਤੋਂ ਸੰਸਦ ਮੈਂਬਰ ਬਣੇ ਸਨ। ਬੀਬੀ ਗੁਲਸ਼ਨ ਦੇ ਪਤੀ ਜਸਟਿਸ ਨਿਰਮਲ ਸਿੰਘ ਵੀ ਰਾਜਨੀਤੀ 'ਚ ਸਰਗਰਮ ਹਨ ਜਦੋਂਕਿ ਜਸਟਿਸ ਗੁਰਨਾਮ ਸਿੰਘ ਨੂੰ ਤਾਂ ਪੰਜਾਬ ਦੇ ਮੁੱਖ ਮੰਤਰੀ ਬਨਣ ਤੱਕ ਦਾ ਸੁਭਾਗ ਪ੍ਰਾਪਤ ਹੋਇਆ ਸੀ। ਦਿੱਲੀ ਪੁਲਿਸ ਦੇ ਕਮਿਸ਼ਨਰ ਵਜੋਂ ਚਰਚਿਤ ਰਹੇ ਪੰਜਾਬ ਪੁਲਿਸ ਦੇ ਸਾਬਕਾ ਡੀਜੀਪੀ ਪ੍ਰੀਤਮ ਸਿੰਘ ਭਿੰਡਰ ਨੇ ਵੀ ਵਿਧਾਨ ਸਭਾ ਚੋਣ ਲੜੀ ਸੀ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ 'ਚ ਸਿੱਖਿਆ ਮੰਤਰੀ ਰਹੇ ਮਰਹੂਮ ਸੁਖਜਿੰਦਰ ਸਿੰਘ ਵੀ ਪੁਲਿਸ ਮਹਿਕਮੇ ਚੋਂ ਸਨ ਜਦੋਂਕਿ ਸਾਬਕਾ ਵਿੱਤ ਮੰਤਰੀ ਬਲਵੰਤ ਸਿੰਘ ਜੋ ਹੁਣ ਇਸ ਦੁਨੀਆਂ ਵਿੱਚ ਨਹੀਂ ਹਨ ਵੀ ਮਾਲ ਵਿਭਾਗ 'ਚ ਅਫਸਰ ਸਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦਾ ਨਜ਼ਦੀਕੀ ਮੰਨਿਆ ਜਾਂਦਾ ਅਨੂਪ ਸਿੰਘ ਮਿਨਹਾਸ ਵੀ ਪੁਲਿਸ ਵਿਭਾਗ ਤੋਂ ਸੀ।

ਸੇਵਾਮੁਕਤ ਪੀਸੀਐਸ ਅਫਸਰ ਸ਼ਿਵ ਰਾਮ ਕਲੇਰ ਨੇ ਜਗਰਾਉਂ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਚੋਣ ਜਿੱਤੀ ਸੀ। ਕਾਂਗਰਸੀ ਆਗੂ ਸਾਬਕਾ ਏਡੀਜੀਪੀ ਗੁਰਵਿੰਦਰ ਸਿੰਘ ਢਿੱਲੋਂ , ਸਾਬਕਾ ਵਿਧਾਇਕ ਕੁਲਦੀਪ ਵੈਦ ਅਤੇ ਬਲਵਿੰਦਰ ਸਿੰਘ ਤੋਂ ਇਲਾਵਾ ਕਾਂਗਰਸ ਦੇ ਐਮਪੀ ਡਾ ਅਮਰ ਸਿੰਘ ਵੀ ਅਫਸਰ ਸਨ। ਸਾਬਕਾ ਆਈਏਐਸ ਅਫਸਰ ਸਵਰਨ ਸਿੰਘ ਚੰਨੀ ਭਾਜਪਾ 'ਚ ਹਨ। ਇੱਕ ਆਈਐਫਐਸ ਅਧਿਕਾਰੀ ਤਿਰਲੋਚਨ ਸਿੰਘ ਬੰਗਾ ਤੋਂ ਵਿਧਾਇਕ ਰਿਹਾ ਸੀ। ਸਿਰਫ ਨੌਕਰਸ਼ਾਹ ਹੀ ਨਹੀਂ ਬਲਕਿ ਉਨ੍ਹਾਂ ਦੀਆਂ ਜੀਵਨ ਸਾਥਣਾਂ ਵੀ ਸਿਆਸੀ ਮੁਕਾਬਲੇ 'ਚ ਕੁੱਦੀਆਂ ਹਨ। ਚਰਚਿਤ ਪੁਲਿਸ ਅਧਿਕਾਰੀ ਸਾਬਕਾ ਡੀਜੀਪੀ ਮੁਹੰਮਦ ਇਜ਼ਹਾਰ ਆਲਮ ਦੀ ਪਤਨੀ ਮਲੇਰਕੋਟਲਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੇ ਚੋਣ ਜਿੱਤੀ ਸੀ ਜਿਸ ਨੇ ਸਾਬਕਾ ਆਈਪੀਐਸ ਅਫਸਰ ਮੁਹੰਮਦ ਮੁਸਤਫਾ ਦੀ ਪਤਨੀ ਰਜੀਆ ਸੁਲਤਾਨਾ ਨੂੰ ਪਛਾੜਿਆ ਸੀ। ਵਜ਼ੀਰ ਹਰਭਜਨ ਸਿੰਘ ਈਟੀਓ ਵੀ ਪਹਿਲਾਂ ਸਰਕਾਰੀ ਅਫਸਰ ਸਨ। ਪੀਸੀਐਸ ਅਫਸਰ ਬਲਕਾਰ ਸਿੰਘ ਵੀ ਆਪ 'ਚ ਹਨ।

**ਕਈਆਂ ਦੀ ਦਾਲ ਨਹੀਂ ਗਲੀ**

ਕੁੱਝ ਸਾਬਕਾ ਅਫਸਰਾਂ ਨੇ ਵੱਡੇ ਇਕੱਠਾਂ ਰਾਹੀਂ ਸ਼ਕਤੀ ਪ੍ਰਦਰਸ਼ਨ ਕਰਕੇ ਸਿਆਸੀ ਧਿਰਾਂ ਨੂੰ ਪ੍ਰਭਾਵਿਤ ਕਰਨ ਦੇ ਯਤਨ ਕੀਤੇ ਸਨ ਪਰ ਸਫਲਤਾ ਨਹੀਂ ਮਿਲੀ। ਇੱਕ ਸੇਵਾਮੁਕਤ ਆਈਆਰਐਸ ਅਧਿਕਾਰੀ ਨੇ ਵੀ ਚੋਣ ਦੰਗਲ 'ਚ ਅਸਫਲਤਾ ਦਾ ਮੂੰਹ ਤੱਕਿਆ ਸੀ। ਹੋਰ ਵੀ ਕਾਫੀ ਸਰਕਾਰੀ ਅਫਸਰ ਹਨ ਜਿੰਨ੍ਹਾਂ ਨੇ ਰਾਜਨੀਤੀ 'ਚ ਦਾਖਲਾ ਲਿਆ ਪਰ ਦਾਲ ਨਹੀਂ ਗਲੀ ਹੈ।

# ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ ਸ਼ਾਨਦਾਰ ਢੰਗ ਨਾਲ ਸੰਪੰਨ

**ਪਟਿਆਲਾ, 27 ਮਾਰਚ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

- ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਗੁਰਮਤਿ ਸੰਗੀਤ ਚੇਅਰ ਵੱਲੋਂ ਵਾਈਸ-ਚਾਂਸਲਰ ਡਾ. ਜਗਦੀਪ ਸਿੰਘ ਦੀ ਸੁਚੱਜੀ ਅਗਵਾਈ ਹੇਠ 23 ਮਾਰਚ 2026 ਤੋਂ ਆਰੰਭ ਹੋਇਆ 12ਵਾਂ ਤਿੰਨ ਰੋਜ਼ਾ ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ ਬੜੀ ਰੂਹਾਨੀ ਅਤੇ ਸੰਗੀਤਮਈ ਮਹੌਲ ਵਿੱਚ ਸੰਪੰਨ ਹੋਇਆ। ਸੰਮੇਲਨ ਦਾ ਅੰਤਿਮ ਦਿਨ ਪਟਿਆਲਾ ਦੇ ਪ੍ਰਸਿੱਧ ਸੰਗੀਤਕਾਰ ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ ਦੀ ਪਵਿੱਤਰ ਯਾਦ ਨੂੰ ਸਮਰਪਿਤ ਰਿਹਾ।

ਕਾਰਜਕ੍ਰਮ ਦੀ ਸ਼ੁਰੂਆਤ ਗੁਰਮਤਿ ਸੰਗੀਤ ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਵੱਲੋਂ ਸਨਮਾਨਤ ਮਹਿਮਾਨਾਂ ਅਤੇ ਸਰੋਤਿਆਂ ਦੇ ਗਰਮਜੋਸ਼ੀ ਭਰੇ ਸੁਆਗਤ ਨਾਲ ਹੋਈ। ਇਸ ਉਪਰੰਤ ਫ਼ਰੀਦਕੋਟ ਤੋਂ ਪਹੁੰਚੇ ਸ੍ਰੀ ਮਾਧਵ ਅਰੋੜਾ ਨੇ ਰਾਗ ਜੋਗ ਵਿੱਚ ਸ਼ਾਸਤਰੀ ਗਾਇਨ ਪੇਸ਼ ਕਰਕੇ ਸਮਾਂ ਬੰਨ੍ਹ ਦਿੱਤਾ। ਫਿਰ ਜਲੰਧਰ ਤੋਂ ਆਲ ਇੰਡੀਆ ਰੇਡੀਓ ਦੇ ਟੌਪ ਗਰੇਡ ਕਲਾਕਾਰ ਉਸਤਾਦ ਸ਼ਮਿੰਦਰਪਾਲ ਸਿੰਘ ਅਤੇ ਉਨ੍ਹਾਂ ਦੀ ਸਪੁੱਤਰੀ ਪਰਮਿੰਦਰ ਕੌਰ ਨੇ ਸਾਰੰਗੀ 'ਤੇ ਰਾਗ ਮੀਆਂ ਕੀ ਤੋੜੀ ਦੀ ਮਨਮੋਹਕ ਜੁਗਲਬੰਦੀ ਰਾਹੀਂ ਦਰਸ਼ਕਾਂ ਨੂੰ ਰੂਹਾਨੀ ਅਨੁਭਵ ਨਾਲ ਜੋੜਿਆ।

ਪੰਜਾਬ ਪਬਲਿਕ ਸਕੂਲ ਨਾਭਾ ਦੇ ਸੰਗੀਤ ਅਧਿਆਪਕ ਸ. ਗੁਰਸ਼ਰਨ ਸਿੰਘ ਨੇ ਪ੍ਰਿੰਸੀਪਲ ਕਰੀਰ ਨਾਲ ਸੰਬੰਧਤ ਯਾਦਾਂ ਸਾਂਝੀਆਂ ਕਰਦਿਆਂ ਉਨ੍ਹਾਂ ਦੇ ਵਿਅਕਤਿਤਵ ਅਤੇ ਸੰਗੀਤਕ ਯੋਗਦਾਨ ਨੂੰ ਯਾਦ ਕੀਤਾ। ਇਸ ਮੌਕੇ ਮੁੱਖ ਮਹਿਮਾਨ ਵਜੋਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫਰ ਨੇ ਹਾਜ਼ਰੀ ਭਰੀ, ਜਦਕਿ ਪ੍ਰਸਿੱਧ ਰੰਗਕਰਮੀ ਪਦਮ ਸ਼੍ਰੀ ਸ੍ਰੀ ਪ੍ਰਾਣ ਸਭਰਵਾਲ ਨੇ ਗੁਰਮਤਿ ਸੰਗੀਤ ਚੇਅਰ ਵੱਲੋਂ ਕੀਤੇ ਜਾ ਰਹੇ ਉੱਦਮਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ।

ਪ੍ਰੋਗਰਾਮ ਦੇ ਕੋਆਰਡੀਨੇਟਰ ਸ. ਜਸਬੀਰ ਸਿੰਘ ਵੱਲੋਂ ਕਲਾਕਾਰਾਂ ਅਤੇ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਉਸਤਾਦ ਸ਼ਮਿੰਦਰਪਾਲ ਸਿੰਘ ਨੂੰ ਸ਼ਾਸਤਰੀ ਸੰਗੀਤ ਵਿੱਚ ਉਨ੍ਹਾਂ ਦੇ ਵਿਸ਼ੇਸ਼ ਯੋਗਦਾਨ ਲਈ 'ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ ਸਮ੍ਰਿਤੀ ਅਵਾਰਡ' ਨਾਲ ਨਿਵਾਜਿਆ ਗਿਆ। ਤਬਲੇ 'ਤੇ ਸ੍ਰੀ ਜੈਦੇਵ ਅਤੇ ਸ. ਨਰਿੰਦਰ ਪਾਲ ਸਿੰਘ, ਜਦਕਿ ਹਾਰਮੋਨੀਅਮ 'ਤੇ ਜਨਾਬ ਅਲੀ ਅਕਬਰ ਨੇ ਸੁੰਦਰ ਸੰਗਤ ਕਰਕੇ ਪ੍ਰਸਤੁਤੀਆਂ ਨੂੰ ਹੋਰ ਨਿਖਾਰ ਦਿੱਤਾ।

ਇਹ ਵਿਸ਼ੇਸ਼ ਆਯੋਜਨ ਯੂਨੀਵਰਸਿਟੀ ਦੇ ਸੰਗੀਤ ਵਿਭਾਗ, ਗੁਰਮਤਿ ਸੰਗੀਤ ਵਿਭਾਗ ਅਤੇ ਗੁਰਮਤਿ ਗਿਆਨ ਆਨਲਾਈਨ ਸਟੱਡੀ ਸੈਂਟਰ ਦੇ ਸਾਂਝੇ ਸਹਿਯੋਗ ਨਾਲ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਅੰਤ ਵਿੱਚ ਸੰਗੀਤ ਵਿਭਾਗ ਦੀ ਸੀਨੀਅਰ ਪ੍ਰੋਫ਼ੈਸਰ ਡਾ. ਨਿਵੇਦਿਤਾ ਸਿੰਘ ਨੇ ਧੰਨਵਾਦੀ ਸ਼ਬਦ ਕਹੇ।

ਇਸ ਸੰਮੇਲਨ ਵਿੱਚ ਵੱਡੀ ਗਿਣਤੀ ਵਿੱਚ ਫੈਕਲਟੀ ਮੈਂਬਰ, ਵਿਦਿਆਰਥੀ, ਖੋਜਾਰਥੀ ਅਤੇ ਪ੍ਰਿੰਸੀਪਲ ਕਰੀਰ ਦਾ ਪਰਿਵਾਰ—ਸ੍ਰੀਮਤੀ ਗੁਰਮਿੰਦਰ ਕੌਰ, ਡਾ. ਪ੍ਰੀਤਇੰਦਰ ਕੌਰ, ਡਾ. ਪੁਸ਼ਪਿੰਦਰ ਕੌਰ, ਸ੍ਰੀ ਤੇਜਿੰਦਰਪਾਲ ਸਿੰਘ ਸਮੇਤ ਹੋਰ ਸੱਜਣ—ਸ਼ਾਮਲ ਹੋਏ। ਇਸ ਤੋਂ ਇਲਾਵਾ ਡਾ. ਜਯੋਤੀ ਸ਼ਰਮਾ, ਡਾ. ਵਨਿਤਾ, ਡਾ. ਪਰਮੀਤ ਕੌਰ, ਡਾ. ਪਰਮਜੀਤ ਸਿੰਘ, ਡਾ. ਸੁਖਵਿੰਦਰ ਸਿੰਘ ਅਤੇ ਕੋਮਲ ਚੁੱਘ ਆਦਿ ਦੀ ਹਾਜ਼ਰੀ ਨੇ ਸਮਾਗਮ ਦੀ ਰੌਣਕ ਨੂੰ ਚਾਰ ਚਾਂਦ ਲਗਾ ਦਿੱਤੇ।

# ਸ਼੍ਰੀ ਸਨਾਤਨ ਧਰਮ ਸਭਾ ਵੱਲੋਂ ਆਯੋਜਿਤ ਸੱਤ ਦਿਵਸੀਯ ਸ਼੍ਰੀ ਰਾਮ ਕਥਾ ਹੋਈ ਸੰਪੰਨ

## ➢ ਸ਼੍ਰੀ ਰਾਮ ਨਵਮੀ ਸ਼ੋਭਾ ਯਾਤਰਾ ਨਾਲ ਰਾਮਮਈ ਹੋਇਆ ਸ਼ਾਹੀ ਸ਼ਹਿਰ ਪਟਿਆਲਾ
## ➢ ਅਧਰਮ 'ਤੇ ਧਰਮ ਦੀ ਜਿੱਤ ਤੋਂ ਬਾਅਦ ਹੋਈ ਰਾਮ ਰਾਜ ਦੀ ਸਥਾਪਨਾ: ਸੰਜੀਵ ਗੁਰੂ ਜੀ

**ਪਟਿਆਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਸਨਾਤਨ ਧਰਮ ਸਭਾ (ਰਜਿਸਟਰਡ), ਪਟਿਆਲਾ ਅਤੇ ਸ਼੍ਰੀ ਰਾਮ ਨਵਮੀ ਸ਼ੋਭਾ ਯਾਤਰਾ ਕਮੇਟੀ ਦੇ ਸਾਂਝੇ ਤਹਿਤ ਆਯੋਜਿਤ ਸੱਤ ਦਿਨਾਂ ਦੀ ਸ਼੍ਰੀ ਰਾਮ ਕਥਾ ਮੰਦਾਕਿਨੀ ਦਾ ਸਮਾਪਨ ਅਤੇ ਸ਼੍ਰੀ ਰਾਮ ਨਵਮੀ ਦੇ ਉਪਲੱਖ ਵਿੱਚ ਕੱਢੀ ਗਈ ਭਵਿਆ ਸ਼ੋਭਾ ਯਾਤਰਾ ਸ਼ਰਧਾ ਅਤੇ ਖੁਸ਼ੀ ਦਾ ਚਰਮ ਸਿਖਰ ਰਹੀ। ਸਭਾ ਦੇ ਪ੍ਰਧਾਨ ਸ਼੍ਰੀ ਲਾਲ ਚੰਦ ਜਿੰਦਲ, ਸ਼ੋਭਾ ਯਾਤਰਾ ਕਮੇਟੀ ਦੇ ਸੰਯੋਜਕ ਵਰੁਣ ਜਿੰਦਲ ਅਤੇ ਹੋਰ ਅਧਿਕਾਰੀਆਂ ਦੇ ਕੁਸ਼ਲ ਮਾਰਗਦਰਸ਼ਨ ਹੇਠ ਕੱਢੀ ਗਈ ਇਹ ਦਿਵਯ ਸ਼ੋਭਾ ਯਾਤਰਾ ਐਸ.ਡੀ.ਐਸ.ਈ. ਸੀਨੀਅਰ ਸੈਕੰਡਰੀ ਸਕੂਲ, ਆਰਿਆ ਸਮਾਜ ਚੌਂਕ ਤੋਂ ਸ਼ੁਰੂ ਹੋਈ।



ਸ਼ਹਿਰ ਦੇ ਮੁੱਖ ਰਸਤੇ—ਤ੍ਰਿਵੇਣੀ ਚੌਂਕ, ਸਰਹਿੰਦੀ ਬਾਜ਼ਾਰ, ਕਿਲਾ ਚੌਂਕ, ਸਦਰ ਬਾਜ਼ਾਰ, ਅਦਾਲਤ ਬਾਜ਼ਾਰ, ਅਨਾਰਦਾਨਾ ਚੌਂਕ, ਜੋੜੀਆਂ ਭੱਟੀਆਂ ਅਤੇ ਅਰਨਾ ਵਰਨਾ ਚੌਂਕ ਰਾਹੀਂ ਹੁੰਦੀ ਹੋਈ ਇਹ ਯਾਤਰਾ ਮੁੜ ਐਸ.ਡੀ.ਐਸ.ਈ. ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਾਂਗਣ ਵਿੱਚ ਸਮਾਪਤ ਹੋਈ। ਪੂਰੇ ਰਸਤੇ ਵਿੱਚ ਵੱਖ-ਵੱਖ ਬਾਜ਼ਾਰ ਕਮੇਟੀਆਂ ਨੇ ਫੁੱਲਾਂ ਦੀ ਵਰਖਾ ਕਰਕੇ ਯਾਤਰਾ ਦਾ ਸਵਾਗਤ ਕੀਤਾ ਅਤੇ ਜਗ੍ਹਾ-ਜਗ੍ਹਾ ਲੰਗਰ ਲਗਾ ਕੇ ਸੇਵਾ ਭਾਵ ਦੀ ਮਿਸਾਲ ਪੇਸ਼ ਕੀਤੀ।

ਇਸ ਭਵਿਆ ਸ਼ੋਭਾ ਯਾਤਰਾ ਵਿੱਚ ਸ਼੍ਰੀ ਰਾਮ ਕੁਮਾਰ ਟੰਡਨ ਅਤੇ ਸ਼੍ਰੀ ਲਕਸ਼ਮਣ ਟੰਡਨ ਜੀ ਵੱਲੋਂ ਵਿਸ਼ੇਸ਼ ਤੌਰ 'ਤੇ ਸਜਾਈ ਗਈ ਦਿਵਯ ਪਾਲਕੀ ਵਿੱਚ ਸ਼੍ਰੀ ਰਾਮ ਦਰਬਾਰ ਮੁੱਖ ਆਕਰਸ਼ਣ ਦਾ ਕੇਂਦਰ ਰਿਹਾ। ਪ੍ਰਸਿੱਧ ਕਥਾ ਵਾਚਕ ਆਚਾਰਯ ਸੰਜੀਵ ਗੁਰੂ ਜੀ ਮਹਾਰਾਜ ਦੇ ਭਗਤੀ ਭਰੇ ਕੀਰਤਨਾਂ ਨੇ ਪੂਰੇ ਪਟਿਆਲੇ ਦਾ ਮਾਹੌਲ ਰਾਮਮਈ ਕਰ ਦਿੱਤਾ। ਯਾਤਰਾ ਦਾ ਸਮਾਪਨ ਲੁਧਿਆਣਾ ਦੇ ਸ਼੍ਰੀ ਤਪਕੇਸ਼ਵਰ ਮਹਾਦੇਵ ਮਹਾ ਆਰਤੀ ਸੇਵਾ ਪਰਿਵਾਰ ਵੱਲੋਂ ਢੋਲ-ਨਗਾੜਿਆਂ ਦੀ ਧੁਨ 'ਤੇ ਕੀਤੀ ਗਈ ਭਵਿਆ ਮਹਾ ਆਰਤੀ ਨਾਲ ਹੋਇਆ, ਜਿਸ ਨੇ ਹਾਜ਼ਰ ਸੰਗਤ ਨੂੰ ਭਗਤੀ ਦੇ ਰੰਗ ਵਿੱਚ ਰੰਗ ਦਿੱਤਾ।

ਕਥਾ ਦੇ ਸੱਤਵੇਂ ਅਤੇ ਆਖਰੀ ਦਿਨ ਸੰਜੀਵ ਗੁਰੂ ਜੀ ਨੇ 'ਰਾਵਣ ਵਧ' ਅਤੇ 'ਰਾਮ ਰਾਜ ਅਭਿਸ਼ੇਕ' ਦਾ ਦਿਲ ਨੂੰ ਛੂਹਣ ਵਾਲਾ ਵਰਣਨ ਕੀਤਾ। ਉਨ੍ਹਾਂ ਦੱਸਿਆ ਕਿ ਰਾਵਣ ਵਧ ਬੁਰਾਈ 'ਤੇ ਨੇਕੀ ਦੀ ਜਿੱਤ ਦਾ ਵੱਡਾ ਸੰਦੇਸ਼ ਹੈ, ਜਿਸ ਵਿੱਚ ਪ੍ਰਭੂ ਰਾਮ ਨੇ ਵਿਭੀਸ਼ਣ ਦੀ ਸਲਾਹ 'ਤੇ ਰਾਵਣ ਦੀ ਨਾਭੀ ਵਿੱਚ ਬਾਣ ਮਾਰ ਕੇ ਅਧਰਮ ਦਾ ਅੰਤ ਕੀਤਾ। ਇਸ ਤੋਂ ਬਾਅਦ 14 ਸਾਲਾਂ ਦੇ ਵਨਵਾਸ ਤੋਂ ਪਿੱਛੋਂ ਪ੍ਰਭੂ ਰਾਮ, ਮਾਤਾ ਸੀਤਾ ਅਤੇ ਲਕਸ਼ਮਣ ਦੇ ਅਯੋਧਿਆ ਵਾਪਸੀ ਅਤੇ ਉਨ੍ਹਾਂ ਦੇ ਸ਼ੁਭ ਰਾਜਅਭਿਸ਼ੇਕ ਦੇ ਪ੍ਰਸੰਗ ਨੇ ਭਗਤਾਂ ਨੂੰ ਮੋਹਿਤ ਕਰ ਦਿੱਤਾ।

ਗੁਰੂ ਜੀ ਨੇ ਸਪਸ਼ਟ ਕੀਤਾ ਕਿ 'ਰਾਮ ਰਾਜ' ਸਿਰਫ਼ ਇੱਕ ਸ਼ਾਸਨ ਪ੍ਰਣਾਲੀ ਨਹੀਂ, ਸਗੋਂ ਧਰਮ, ਨਿਆਂ ਅਤੇ ਨਿਸ਼ਕਾਮ ਪ੍ਰੇਮ ਦੀ ਉਹ ਉੱਚੀ ਮਿਸਾਲ ਹੈ ਜਿਸ ਦੀ ਸਥਾਪਨਾ ਲਈ ਪ੍ਰਭੂ ਨੇ ਅਵਤਾਰ ਲਿਆ। ਇਸ ਪਵਿੱਤਰ ਮੌਕੇ 'ਤੇ ਸੱਤ ਦਿਨਾਂ ਦੀ ਸ਼੍ਰੀ ਰਾਮ ਕਥਾ ਮੰਦਾਕਿਨੀ ਦੇ ਸੰਪੂਰਣ ਹੋਣ 'ਤੇ ਇੱਕ ਵਿਸ਼ਾਲ ਹਵਨ ਯੱਗ ਦਾ ਵੀ ਆਯੋਜਨ ਕੀਤਾ ਗਿਆ, ਜਿਸ ਵਿੱਚ ਸਾਰੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਸਦੱਸਾਂ ਨੇ ਪੂਰਨਾਹੁਤੀ ਪਾ ਕੇ ਵਿਸ਼ਵ ਸ਼ਾਂਤੀ ਦੀ ਕਾਮਨਾ ਕੀਤੀ।

ਇਸ ਮੌਕੇ 'ਤੇ ਪਟਿਆਲਾ ਸ਼ਹਿਰੀ ਦੇ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਅਤੇ ਕੈਬਿਨੇਟ ਸਿਹਤ ਮੰਤਰੀ ਡਾ. ਬਲਵੀਰ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਅਤੇ ਭਗਵਾਨ ਰਾਮ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਦੌਰਾਨ ਸਨਾਤਨ ਧਰਮ ਸਭਾ ਦੇ ਪ੍ਰਧਾਨ ਲਾਲ ਚੰਦ ਜਿੰਦਲ ਨੇ ਆਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ।

ਇਸ ਮੌਕੇ 'ਤੇ ਸਭਾ ਦੇ ਪ੍ਰਧਾਨ ਲਾਲ ਚੰਦ ਜਿੰਦਲ, ਚੇਅਰਮੈਨ ਡਾ. ਰਾਜਿੰਦਰ ਕੁਮਾਰ, ਸੀਨੀਅਰ ਉਪ ਪ੍ਰਧਾਨ ਵਿਜੇ ਮੋਹਨ ਗੁਪਤਾ, ਉਪ ਪ੍ਰਧਾਨ ਨਰੇਸ਼ ਕੁਮਾਰ ਜੈਨ, ਪਵਨ ਜਿੰਦਲ, ਰਾਕੇਸ਼ ਕੁਮਾਰ, ਤ੍ਰਿਭੁਵਨ ਗੁਪਤਾ, ਮਹਾਮੰਤਰੀ ਅਨਿਲ ਗੁਪਤਾ, ਮੈਨੇਜਰ ਇੰਜੀਨੀਅਰ ਐਮ. ਐਮ. ਸਿਆਲ, ਰਾਜਿੰਦਰ ਜਿੰਦਲ, ਦੱਖ ਕੁਮਾਰ ਖੰਨਾ, ਡਾ. ਐਨ. ਕੇ. ਸ਼ਰਮਾ, ਰਾਜਕੁਮਾਰ ਜੋਸ਼ੀ, ਧੀਰਜ ਅਗਰਵਾਲ, ਵਿਵੇਕਸ਼ੀਲ ਗੋਇਲ, ਸੰਜੀਵ ਗੁਪਤਾ, ਮੁਕੇਸ਼ ਪੁਰੀ, ਭੂਪਿੰਦਰ ਜਿੰਦਲ, ਸੰਜੇ ਜਿੰਦਲ, ਸੰਜੀਵ ਗੁਪਤਾ, ਰਾਜੀਵ ਬੰਸਲ, ਰਾਜੀਵ ਗੋਇਲ ਅਤੇ ਰਾਜੀਵ ਗਰਗ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾ ਕੇ ਆਪਣੀਆਂ ਸੇਵਾਵਾਂ ਨਿਭਾਈਆਂ।

ਇਨ੍ਹਾਂ ਦੇ ਨਾਲ ਹੀ ਸ਼੍ਰੀ ਰਾਮ ਨਵਮੀ ਸ਼ੋਭਾ ਯਾਤਰਾ ਕਮੇਟੀ ਦੇ ਸੰਯੋਜਕ ਵਰੁਣ ਜਿੰਦਲ, ਸਹਿ-ਸੰਯੋਜਕ ਸੁਸ਼ੀਲ ਨੱਯਰ, ਅਨੁਰਾਗ ਸ਼ਰਮਾ, ਨਿਖਿਲ ਕਾਕਾ, ਲੋਕੇਸ਼ ਸ਼ਰਮਾ ਅਤੇ ਵਿਦਿਆਲਯ ਦੇ ਪ੍ਰਿੰਸੀਪਲ ਰਿਪੁਦਮਨ ਸਿੰਘ ਸਮੇਤ ਸਾਰੇ ਸਟਾਫ ਮੈਂਬਰਾਂ ਨੇ ਇਸ ਦਿਵਯ ਆਯੋਜਨ ਦੀ ਸਫਲਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

# ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਕਰਜ਼ਾ ਮੁਕਤ ਹੋਣਾ ਲਾਜ਼ਮੀ : ਪ੍ਰੋ. ਦਿਉਲ



**ਪਟਿਆਲਾ, 27 ਮਾਰਚ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਅਧਿਆਪਕ ਸੰਘ (ਪੂਟਾ) ਦੇ ਨਵੇਂ ਚੁਣੇ ਪ੍ਰਧਾਨ ਪ੍ਰੋਫੈਸਰ ਨਿਸ਼ਾਨ ਸਿੰਘ ਦਿਉਲ ਨੇ ਪ੍ਰੈਸ ਦੇ ਨਾਂ ਜਾਰੀ ਪਲੇਠੇ ਬਿਆਨ ਵਿੱਚ ਪੰਜਾਬ ਸਰਕਾਰ ਤੋਂ ਯੂਨੀਵਰਸਿਟੀ ਦਾ ਲਗਭਗ 150 ਕਰੋੜ ਰੁਪਏ ਦਾ ਕਰਜ਼ਾ ਮਾਫ ਕਰਨ ਦੀ ਮੰਗ ਕੀਤੀ। ਉਨਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਖਿੱਤੇ ਦੇ ਪੇਂਡੂ ਅਤੇ ਆਰਥਿਕ ਪੱਖੋਂ ਕਮਜ਼ੋਰ ਤਬਕੇ ਦੇ ਵਿਦਿਆਰਥੀਆਂ ਨੂੰ ਉੱਤਮ ਦਰਜੇ ਦੀ ਉੱਚ ਸਿੱਖਿਆ ਪ੍ਰਦਾਨ ਕਰਨ ਦਾ ਕੰਮ ਲਗਾਤਾਰ ਕਰ ਰਹੀ ਹੈ । ਇਸ ਤੋਂ ਇਲਾਵਾ ਯੂਨੀਵਰਸਿਟੀ ਵੱਲੋਂ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵੀ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਯੂਨੀਵਰਸਿਟੀ ਵੱਲੋਂ ਪੇਂਡੂ ਅਤੇ ਕਮਜ਼ੋਰ ਤਬਕੇ ਦੇ ਵਿਦਿਆਰਥੀਆਂ ਨੂੰ ਮਿਆਰੀ ਉੱਚ ਸਿੱਖਿਆ ਪ੍ਰਦਾਨ ਕਰਨ ਲਈ ਇਸ ਦਾ ਕਰਜ਼ਾ ਮੁਕਤ ਹੋਣਾ ਬਹੁਤ ਜਰੂਰੀ ਹੈ । ਡਾਕਟਰ ਦਿਓਲ ਨੇ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਹੋਰਾਂ ਨੇ ਪੰਜਾਬੀ ਯੂਨੀਵਰਸਿਟੀ ਦੀ ਆਪਣੀ ਪਹਿਲੀ ਫੇਰੀ ਦੌਰਾਨ ਵਿਦਿਆ ਦੇ ਕਰਜਾਈ ਹੋਣ ਤੇ ਅਫਸੋਸ ਜਾਹਿਰ ਕੀਤਾ ਸੀ ਅਤੇ ਪੰਜਾਬੀ ਯੂਨੀਵਰਸਿਟੀ ਨੂੰ ਕਰਜ਼ਾ ਮੁਕਤ ਕਰਨ ਦਾ ਵਾਅਦਾ ਕੀਤਾ ਸੀ। ਪ੍ਰੋਫੈਸਰ ਦਿਓਲ ਹੋਰਾਂ ਨੇ ਕਿਹਾ ਕਿ ਉਨਾਂ ਨੂੰ ਪੂਰਾ ਯਕੀਨ ਹੈ ਕਿ ਮਾਨਯੋਗ ਮੁੱਖ ਮੰਤਰੀ ਜਲਦ ਹੀ ਪੰਜਾਬੀ ਯੂਨੀਵਰਸਿਟੀ ਨੂੰ ਕਰਜ਼ਾ ਮੁਕਤ ਕਰਨ ਲਈ ਜਰੂਰੀ ਕਰਵਾਈ ਕਰਨਗੇ। ਪੂਟਾ ਦੇ ਨਵੇਂ ਚੁਣੇ ਸਕੱਤਰ ਡਾਕਟਰ ਅਵਨੀਤ ਪਾਲ ਸਿੰਘ ਨੇ ਇਸ ਮੌਕੇ ਕਿਹਾ ਕਿ ਪੂਟਾ ਦੀ ਨਵੀਂ ਚੁਣੀ ਟੀਮ ਅਧਿਆਪਕਾਂ ਦੀ ਤਰੱਕੀ ਅਤੇ ਵਧੀ ਹੋਈ ਤਨਖਾਹ ਤੇ ਹੋਰ ਭੱਤਿਆਂ ਨਾਲ ਸੰਬੰਧਿਤ ਬਕਾਏ ਦੀ ਅਦਾਇਗੀ ਦੀ ਮੰਗ ਦਾ ਮਸਲਾ ਪਹਿਲ ਦੇ ਆਧਾਰ ਤੇ ਵਿਚਾਰਿਆ ਜਾਵੇਗਾ। ਉਹਨਾਂ ਇਹ ਵੀ ਕਿਹਾ ਕਿ ਯੂਨੀਵਰਸਿਟੀ ਅਧਿਆਪਕਾਂ ਦੀ ਤਰੱਕੀ ਦੇ ਕੇਸਾਂ ਨੂੰ ਯੂ.ਜੀ.ਸੀ ਵੱਲੋਂ ਨਿਰਧਾਰਿਤ 2010, 2016 ਜਾਂ 2018 ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਹੀ ਵਿਚਾਰਿਆ ਜਾਣਾ ਬਣਦਾ ਹੈ । ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਤਰੱਕੀ ਦੇ ਇਨਾਂ ਕੇਸਾਂ ਦਾ ਯੂ.ਜੀ.ਸੀ ਵੱਲੋਂ ਤੈਅ ਕੀਤੇ ਨਿਯਮਾਂ ਤੋਂ ਬਾਹਰ ਜਾ ਕੇ ਵਿਚਾਰਨ ਦਾ ਪੂਟਾ ਵੱਲੋਂ ਸਖਤ ਵਿਰੋਧ ਕੀਤਾ ਜਾਵੇਗਾ। ਪੂਟਾ ਕਾਰਜਕਾਰਨੀ ਦੇ ਨਵੇਂ ਚੁਣੇ ਮੈਂਬਰ ਡਾ.ਚਰਨਜੀਤ ਨੌਹਰਾ, ਪ੍ਰੋਫੈਸਰ ਜਗਤਾਰ ਸਿੰਘ, ਪ੍ਰੋਫੈਸਰ ਰਕੇਸ਼ ਕੁਮਾਰ, ਡਾ.ਗੌਰਵ ਗੁਪਤਾ ਅਤੇ ਹੋਰਾਂ ਨੇ ਵੀ ਅਧਿਆਪਕਾਂ ਦੇ ਹੱਕ ਅਤੇ ਮੰਗਾਂ ਲਈ ਡੱਟ ਕੇ ਸੰਘਰਸ਼ ਕਰਨ ਦਾ ਐਲਾਨ ਕੀਤਾ।

# ਹੈਲਥ ਅਵੇਅਰਨੈਸ ਸੁਸਾਇਟੀ ਨੇ ਵਿਸ਼ਵ ਤਪਦਿਕ ਦਿਵਸ ਜਾਗਰੂਕਤਾ ਸੈਮੀਨਾਰ ਕਰਵਾਇਆ




**ਪਟਿਆਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹੈਲਥ ਅਵੇਅਰਨੈਸ ਸੁਸਾਇਟੀ ਬਾਰਾਦਰੀ ਗਾਰਡਨਜ਼ ਰਜਿ: ਪਟਿਆਲਾ ਵੱਲੋਂ ਗੌਰਮਿੰਟ ਪੋਲੀਟੈਕਨੀਕਲ ਕਾਲਜ ਪਟਿਆਲਾ ਵਿਖੇ ਸ੍ਰ. ਜਗਦੇਵ ਸਿੰਘ ਕਾਲੇਕਾ ਪ੍ਰਿੰਸੀਪਲ ਜੀ ਦੀ ਰਹਿਨੁਮਾਈ ਹੇਠ ਵਿਸ਼ਵ ਤਪਦਿਕ ਦਿਵਸ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਡਾ. ਕਰਾਂਤੀ ਗਰਗ ਪ੍ਰੋਫੈਸਰ ਟੀ.ਬੀ. ਹਸਪਤਾਲ ਤੋਂ ਨੇ ਟੀ.ਬੀ. ਬਿਮਾਰੀਆਂ ਬਾਰੇ ਫਾਰਮੇਸੀ ਵਿਦਿਆਰਥੀ / ਬੱਚਿਆਂ ਨੂੰ ਜਾਣਕਾਰੀ ਦਿੱਤੀ। ਇਸ ਨੂੰ ਗੰਭੀਰ ਬਿਮਾਰੀ ਐਲਾਨਿਆ ਪਰ ਇਸ ਦਾ ਸੰਪੂਰਨ ਇਲਾਜ ਬਾਰੇ ਵੀ ਜਿਕਰ ਕੀਤਾ। ਪੰਜਾਬ ਸਰਕਾਰ ਇਸ ਬਿਮਾਰੀ ਨੂੰ ਜੜੋ ਦੂਰ ਕਰਨ ਦੀ ਵਚਨਬੱਧ ਹੈ। ਫਾਰਮੇਸੀ ਦੇ ਬੱਚਿਆਂ ਨੇ ਡਾ. ਕ੍ਰਾਂਤੀ ਗਰਗ ਵਲੋਂ ਜਾਰੀ ਕੀਤਾ ਲੈਕਚਰ ਤੇ ਹੋਰ ਜਾਣਕਾਰੀ ਲੈਣ ਲਈ ਸਵਾਲ ਵੀ ਕੀਤੇ। ਜ਼ੋ ਕਿ ਤਸੱਲੀਬਖਸ਼ ਪਾਏ ਗਏ।

ਸੁਸਾਇਟੀ ਦੇ ਪ੍ਰਧਾਨ ਜ਼ਸਵੰਤ ਸਿੰਘ ਕੌਲੀ ਨੇ ਸੁਸਾਇਟੀ ਦੇ ਕੀਤੇ ਜਾਂਦੇ ਕਾਰਜਾਂ ਬਾਰੇ ਚਾਨਣਾ ਪਾਇਆ। ਸੀਨੀਅਰ ਮੀਤ ਪ੍ਰਧਾਨ ਇੰਜ: ਹਰਬੰਸ ਸਿੰਘ ਕੁਲਾਰ, ਜਨਰਲ ਸਕੱਤਰ ਤਾਰਾ ਸਿੰਘ ਭਾਮਰਾ, ਇੰਦਰਜੀਤ ਕੌਰ ਪੀ.ਆਰ.ਓ. ਅਤੇ ਡਾ. ਜੀ.ਐਸ. ਆਨੰਦ ਸਲਾਹਕਾਰ ਨੇ ਟੀ.ਬੀ. ਬਿਮਾਰੀ ਦੇ ਲਛਣ ਅਤੇ ਪ੍ਰਹੇਜ਼ ਬਾਰੇ ਜਾਣਕਾਰੀ ਦਿੱਤੀ। ਇਸ ਸੈਮੀਨਾਰ ਨੂੰ ਸਹੀ ਰੂਪ ਵਿੱਚ ਸੰਪੂਰਨ ਕਰਨ ਲਈ ਲੈਕਚਰਾਰ ਜ਼ਸਪ੍ਰੀਤ ਸਿੰਘ, ਸ੍ਰੀਮਤੀ ਮੀਨੂੰ ਗੋਇਲ ਲੈਕਚਰਾਰ, ਨੀਨਾ ਦੇਵੀ ਲੈਬ ਸਹਾਇਕ ਆਦਿ ਨੇ ਬਾਖੂਬੀ ਕਿਰਦਾਰ ਨਿਭਾਇਆ। ਹੈਲਥ ਅਵੇਅਰਨੈਸ ਸੁਸਾਇਟੀ ਦੇ ਸਾਰੇ ਮੈਂਬਰਾਂ ਨੇ ਪ੍ਰਿੰਸੀਪਲ ਸਾਹਿਬ ਦਾ ਧੰਨਵਾਦ ਕੀਤਾ।

# ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਨੇ ਮਹਿੰਦਰਾ ਕਾਲਜ ਦੇ ਗੇਟ ਅੱਗੇ ਕੀਤੀ ਰੈਲੀ




**ਪਟਿਆਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਸਬ ਕਮੇਟੀ ਮਹਿੰਦਰਾ ਕਾਲਜ ਪਟਿਆਲਾ ਦੀ ਇੱਕ ਗੇਟ ਰੈਲੀ ਮਹਿੰਦਰਾ ਕਾਲਜ ਦੇ ਮੁਲਾਜਮ ਦੀ ਮੰਗਾਂ ਨੂੰ ਲੈ ਕੇ ਕੀਤੀ ਗਈ।

ਇਹ ਰੈਲੀ ਸੂਬਾ ਪ੍ਰਧਾਨ ਸ੍ਰੀ ਦਰਸ਼ਨ ਸਿੰਘ ਲੁਬਾਣਾ ਜੀ ਦੇ ਨਿਰਦੇਸ਼ਾਂ ਅਨੁਸਾਰ ਕੀਤੀ ਗਈ ਇਸ ਰੈਲੀ ਦਾ ਨੋਟਿਸ 15 ਦਿਨ ਪਹਿਲਾ ਹੀ ਦੇ ਦਿੱਤਾ ਗਿਆ ਸੀ ਮਗਰ ਕਾਲਜ ਵਲੋਂ ਕੋਈ ਵੀ ਗੌਰ ਨਹੀਂ ਕੀਤੀ ਗਈ। ਮੁਲਾਜਮਾਂ ਦੀਆਂ ਮੰਗਾਂ ਕੰਪਨੀ ਵਲੋਂ ਭਰਤੀ ਨਾ ਕੀਤੀ ਜਾਵੇ, ਵਰਦੀਆਂ ਜਾਰੀ ਕੀਤੀਆਂ ਜਾਣ।

ਅਨੇਕਾ ਮੰਗਾਂ ਹਨ ਇਸ ਗੇਟ ਰੈਲੀ ਵਿੱਚ ਜਿਲਾ ਆਗੂ ਸਾਥੀ ਜ਼ੋ ਸ਼ਾਮਲ ਹੋਏ ਉਹਨਾਂ ਵਿਚੋਂ ਜਿਲਾ ਸੀਨੀਅਰ ਮੀਤ ਪ੍ਰਧਾਨ ਰਾਮ ਪ੍ਰਸਾਦ ਸਹੋਤਾ, ਸ਼ਿਵ ਚਰਨ ਪੈਨਸ਼ਨਰ ਪ੍ਰਧਾਨ ਰਾਮ ਜ਼ੋਧਾ, ਸੁਨੀਲ ਦੱਤ, ਲਖਵਿੰਦਰ ਸਿੰਘ, ਰੈਲੀ ਦੀ ਅਗਵਾਈ ਕਰਦੇ ਸ਼ਹਿਰੀ ਪ੍ਰਧਾਨ ਰਾਮ ਲਾਲ ਰਾਮਾ, ਅਮਰ ਨਾਥ, ਬਲਜਿੰਦਰ, ਮੁਕੰਦ, ਸੁਖਦੇਵ ਸਿੰਘ, ਸੋਨਿਆ, ਪ੍ਰਮਿਲਾ, ਰਾਜ ਰਾਣੀ, ਹਰਪ੍ਰੀਤ ਵਰਿੰਦਰ ਰਾਜਪੁਰਾ ਆਦਿ ਹਾਜਰ ਸਨ।

# ਆਈ ਪੀ ਐਸ ਫਾਊਂਡੇਸ਼ਨ ਕੇ, ਕੇ ਬਿਰਲਾ ਮੈਮੋਰੀਅਲ ਸੋਸਾਇਟੀ ਨੇ ਭੂਮੀ ਪ੍ਰੋਜੈਕਟ ਤਹਿਤ ਸਟੇਕਹੋਲਡਰ ਇਨਗਜੇਮੈਂਟ ਵਰਕਸ਼ਾਪ ਕਰਵਾਈ



**ਪਟਿਆਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਆਈ ਪੀ ਐਸ ਫਾਊਂਡੇਸ਼ਨ ਕੇ, ਕੇ ਬਿਰਲਾ ਮੈਮੋਰੀਅਲ ਸੋਸਾਇਟੀ ਅਤੇ ਚੰਬਲ ਫਰਟੀਲਾਈਜ਼ਰ ਐਂਡ ਕੈਮੀਕਲ ਲਿਮਟਿਡ ਵੱਲੋ ਭੂਮੀ ਪ੍ਰੋਜੈਕਟ ਤਹਿਤ ਸਟੇਕਹੋਲਡਰ ਇਨਗਜੇਮੈਂਟ ਵਰਕਸ਼ਾਪ ਕਰਵਾਈ ਗਈ। ਜਿਸ ਵਿੱਚ ਆਈ ਪੀ ਐਸ ਫਾਊਂਡੇਸ਼ਨ ਦੇ ਪ੍ਰੋਗਰਾਮ ਮੈਨੇਜਰ ਅਜੇ ਮਲਿਕ, ਬਾਗਬਾਨੀ ਵਿਭਾਗ ਸੰਗਰੂਰ ਤੋਂ ਡਿਪਟੀ ਡਾਇਰੈਕਟਰ ਡਾ ਕੁਲਵਿੰਦਰ ਸਿੰਘ, ਖੇਤੀਬਾੜੀ ਵਿਭਾਗ ਪਟਿਆਲਾ ਤੋਂ ਰਸ਼ਪਿੰਦਰ ਸਿੰਘ ਏਡੀਓ ਖੇਤੀਬਾੜੀ ਵਿਭਾਗ ਸੰਗਰੂਰ ਤੋਂ ਏਡੀਓ ਅਨਮੋਲਦੀਪ ਸਿੰਘ, ਫਾਰਮ ਸਲਾਹਕਾਰ ਸੇਵਾ ਕੇਂਦਰ ਪਟਿਆਲਾ ਤੋਂ ਡਾ ਗੁਰਪ੍ਰੀਤ ਸਿੰਘ, ਚੰਬਲ ਫਰਟੀਲਾਈਜ਼ਰ ਐਂਡ ਕੈਮੀਕਲ ਲਿਮਟਿਡ ਤੋਂ ਏਰੀਆ ਮੈਨੇਜਰ ਸੁਮਿਤ ਤ੍ਰਿਪਾਠੀ ਅਤੇ ਐਸਸਟੈਂਟ ਮਨੇਜਰ ਸੁਨੀਲ ਕੁਮਾਰ ਕੇ.ਕੇ. ਬਿਰਲਾ ਮੈਮੋਰੀਅਲ ਸੋਸਾਇਟੀ ਤੋਂ ਰਾਜੇਸ਼ ਕੁਮਾਰ ਉਚੇਚੇ ਤੌਰ ਤੇ ਪਹੁੰਚੇ। ਇਸ ਮੌਕੇ ਪ੍ਰੋਗਰਾਮ ਮੈਨੇਜਰ ਅਜੇ ਮਲਿਕ ਨੇ ਪਿਛਲੇ ਦੋ ਸਾਲਾਂ ਤੋਂ ਚੱਲ ਰਹੇ ਭੂਮੀ ਪ੍ਰੋਜੈਕਟ ਦੀ ਰਿਪੋਰਟ ਪੇਸ਼ ਕੀਤੀ ਅਤੇ ਇਸ ਮੌਕੇ ਪ੍ਰੋਗਰਾਮ ਵਿਚ ਸ਼ਾਮਿਲ ਵੱਖ ਵੱਖ ਵਿਭਾਗਾਂ ਤੋਂ ਮਾਹਿਰਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਪ੍ਰੋਜੈਕਟ ਨਾਲ ਜੁੜੇ ਹੋਏ ਉਦਮੀ ਕਿਸਾਨਾਂ ਨੂੰ ਸਨਮਾਨਿਤ ਕੀਤਾ ਗਿਆ।

ਜਿਲਾ ਕੋਆਰਡੀਨੇਟਰ ਹਰਦੀਪ ਸਿੰਘ ਨੇ ਪਟਿਆਲੇ ਅਤੇ ਸੰਗਰੂਰ ਜਿਲੇ ਵਿੱਚ ਚੱਲ ਰਹੇ ਭੂਮੀ ਪ੍ਰੋਜੈਕਟ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਵਰਕਸ਼ਾਪ ਦੇ ਅੰਤ ਵਿੱਚ ਖੁੱਲੀ ਵਿਚਾਰ ਚਰਚਾ ਰੱਖੀ ਗਈ ਜਿਸ ਵਿੱਚ ਕਿਸਾਨਾਂ ਨੇ ਆਪਣੇ ਤਜਰਬੇ ਅਤੇ ਸਮੱਸਿਆਵਾਂ ਬਾਰੇ ਉਸਾਰੂ ਚਰਚਾ ਕੀਤੀ ਵਰਕਸ਼ਾਪ ਵਿੱਚ ਵਿਚਾਰ ਚਰਚਾ ਦੌਰਾਨ ਸਾਹਮਣੇ ਆਈਆਂ ਸਮੱਸਿਆਵਾਂ ਅਤੇ ਸਵਾਲਾਂ ਦੇ ਜਵਾਬ ਵੱਖ ਵੱਖ ਵਿਸ਼ਿਆਂ ਦੇ ਮਾਹਿਰਾਂ ਵੱਲੋਂ ਦਿੱਤੇ ਗਏ। ਕਿਸਾਨ ਬੱਗਾ ਸਿੰਘ ਅਤੇ ਸਰਪੰਚ ਗੁਰਨੈਬ ਸਿੰਘ ਫਤਿਹਗੜ੍ਹ ਛੰਨਾ ਨੇ ਆਪਣੇ ਤਜਰਬੇ ਸਾਂਝੇ ਕੀਤੇ।

ਗੁਰਪ੍ਰੀਤ ਸਿੰਘ ਗੁਰਸੇਵਕ ਸਿੰਘ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਅੰਤ ਵਿੱਚ ਰਾਜੇਸ਼ ਜੀ ਨੇ ਵਰਕਸ਼ਾਪ ਵਿੱਚ ਭਾਗ ਲੈਣ ਵਾਲੇ ਮਹਿਮਾਨਾਂ ਕਿਸਾਨਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਜਿਲਾ ਕੁਆਡੀਨੇਟਰ ਹਰਦੀਪ ਸਿੰਘ, ਫੀਲਡ ਕੁਆਰਡੀਨੇਟ , ਗੁਰਪ੍ਰੀਤ ਸਿੰਘ, ਗੁਰਤੇਜ ਸਿੰਘ, ਗੁਰਸੇਵਕ ਸਿੰਘ ਅਤੇ ਵੱਡੀ ਗਿਣਤੀ ਵਿੱਚ ਕਿਸਾਨ ਅਤੇ ਵਿਦਿਆਰਥੀਆਂ ਹਾਜ਼ਰ ਸਨ।

# ਨਰਸਿੰਗ ਸਟਾਫ ਵੱਲੋਂ ਹੜਤਾਲ ਸ਼ੁਰੂ; ਸਰਕਾਰ ਨੇ ਐਸਮਾ ਲਾਇਆ; ਬਗ਼ੈਰ ਨੋਟਿਸ ਖ਼ਤਮ ਕੀਤੀਆਂ ਜਾ ਸਕਦੀਆਂ ਹਨ ਸੇਵਾਵਾਂ

**ਪਟਿਆਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੇਅ ਗਰੇਡ 2800 ਤੋਂ ਮੁੜ 4600 ਕਰਨ ਦੀ ਇੱਕ ਨੁਕਾਤੀ ਮੰਗ ਲਈ ਸਾਲ 2020 ਤੋਂ ਬਾਅਦ ਭਰਤੀ ਹੋਏ ਨਰਸਿੰਗ ਸਟਾਫ ਨੇ ਐਸਮਾ ਲਾਗੂ ਕਰਨ ਦੀ ਪ੍ਰਵਾਹ ਨਾ ਕਰਦਿਆਂ ਅੱਜ ਯੂਨਾਈਟਿਡ ਨਰਸਿੰਗ ਸਟਾਫ ਐਸੋਸੀਏਸ਼ਨ ਦੇ ਸੱਦੇ 'ਤੇ ਯੂਨੀਅਨ ਆਗੂ ਆਰਤੀ ਬਾਲੀ ਅਤੇ ਰਮਨਦੀਪ ਦੀ ਅਗਵਾਈ ਹੇਠ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਸਣੇ ਪੰਜਾਬ 'ਚ ਕਈ ਥਾਈਂ ਕੰਮ ਦਾ ਬਾਈਕਾਟ ਕਰਦਿਆਂ ਅਣਮਿਥੇ ਸਮੇਂ ਦੀ ਸੂਬਾ ਪੱਧਰੀ ਹੜਤਾਲ ਸ਼ੁਰੂ ਕਰ ਦਿੱਤੀ ਹੈ। ਨਰਸਿੰਗ ਸਟਾਫ ਦੀ ਹੜਤਾਲ ਕਾਰਨ ਸਿਹਤ ਸੇਵਾਵਾਂ ਪ੍ਰਭਾਵਿਤ ਹੋਈਆਂ, ਜਿਸ ਦਾ ਨੋਟਿਸ ਲੈਂਦਿਆਂ ਪੰਜਾਬ ਸਰਕਾਰ ਨੇ ਹੜਤਾਲੀ ਸਟਾਫ 'ਤੇ ਐਸਮਾ (ਜ਼ਰੂਰੀ ਸੇਵਾਵਾਂ ਐਕਟ) ਆਧਾਰਿਤ ਕਾਨੂੰਨ ਲਾਗੂ ਕਰ ਦਿੱਤਾ ਹੈ। ਇਸ ਦੌਰਾਨ ਜਨਤਕ ਸਿਹਤ, ਐਮਰਜੈਂਸੀ ਦੇਖਭਾਲ ਅਤੇ ਮਹੱਤਵਪੂਰਨ ਸਿਹਤ ਸੰਭਾਲ ਸੇਵਾਵਾਂ ਬਹਾਲ ਰੱਖਣ ਅਤੇ ਨਿਰਵਿਘਨ ਮੈਡੀਕਲ ਅਤੇ ਨਰਸਿੰਗ ਸੇਵਾਵਾਂ ਯਕੀਨੀ ਬਣਾਉਣ ਲਈ ਆਦੇਸ਼ਾਂ ਦੀ ਉਲੰਘਣਾ ਕਰਨ 'ਤੇ ਐਸਮਾ ਅਧੀਨ ਕਾਰਵਾਈ ਦੀ ਚਿਤਾਵਨੀ ਦਿੱਤੀ ਗਈ ਹੈ। ਹੁਕਮਾਂ ਦੀ ਉਲੰਘਣਾ ਕਰਨ 'ਤੇ ਸਰਕਾਰ ਵੱਲੋਂ ਬਿਨਾਂ ਕਿਸੇ ਅਗਾਊਂ ਨੋਟਿਸ ਜਾਂ ਬਿਨਾਂ ਕਿਸੇ ਅਪੀਲ-ਦਲੀਲ ਤੋਂ ਮੁਲਾਜ਼ਮਾਂ ਦੀਆਂ ਸੇਵਾਵਾਂ ਖ਼ਤਮ ਕੀਤੀਆਂ ਜਾ ਸਕਦੀਆਂ ਹਨ। ਹੜਤਾਲ ਦੌਰਾਨ ਜਥੇਬੰਦੀ ਦੇ ਆਗੂ ਰਮਨਦੀਪ ਸਿੰਘ ਤੇ ਹੋਰਾਂ ਨੇ ਕਿਹਾ ਕਿ ਸਰਕਾਰ ਉਨ੍ਹਾਂ ਦੀਆਂ ਮੰਗਾਂ ਮੰਨਣ ਦੀ ਥਾਂ ਵਾਰ-ਵਾਰ ਵਾਅਦੇ ਕਰ ਕੇ ਮੁੱਕਰ ਰਹੀ ਹੈ, ਜਿਸ ਕਾਰਨ ਅੱਕ ਕੇ ਹੀ ਉਨ੍ਹਾਂ ਨੂੰ ਸੜਕਾਂ 'ਤੇ ਆਉਣਾ ਪੈਂਦਾ ਹੈ। ਰਾਜਿੰਦਰਾ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਵਿਸ਼ਾਲ ਚੋਪੜਾ ਨੇ ਹੜਤਾਲ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਕੀਤੇ ਗਏ ਬਦਲਵੇਂ ਅਤੇ ਲੋੜੀਂਦੇ ਪ੍ਰਬੰਧਾਂ ਤਹਿਤ ਸਿਹਤ ਸੇਵਾਵਾਂ ਪ੍ਰਭਾਵਿਤ ਨਹੀਂ ਹੋਈਆਂ।



# ਆਈਸੀਆਈਸੀਆਈ ਪ੍ਰੂਡੈਂਸ਼ੀਅਲ ਲਾਈਫ ਸਮਾਲਕੈਪ 250 ਇੰਡੈਕਸ ਫੰਡ ਲਾਂਚ ਕੀਤਾ ਗਿਆ

**ਜਲੰਧਰ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ICICI PRUDENTIAL
LIFE INSURANCE

ਆਈਸੀਆਈਸੀਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਨੇ ਆਪਣੇ ਯੂਨਿਟ ਲਿੰਕਡ ਇੰਸ਼ੋਰੈਂਸ ਪਲਾਨ (ULIPs) ਦੇ ਤਹਿਤ ਆਈਸੀਆਈਸੀਆਈ ਪ੍ਰੂਡੈਂਸ਼ੀਅਲ ਲਾਈਫ ਸਮਾਲਕੈਪ 250 ਇੰਡੈਕਸ ਫੰਡ ਲਾਂਚ ਕੀਤਾ ਹੈ। ਇਹ ਫੰਡ ਗਾਹਕਾਂ ਨੂੰ ਇੱਕ ਅਨੁਸ਼ਾਸਿਤ, ਸੂਚਕਾਂਕ-ਅਧਾਰਿਤ ਪਹੁੰਚ ਰਾਹੀਂ ਲੰਬੇ ਸਮੇਂ ਲਈ ਉਭਰ ਰਹੀਆਂ ਸੂਚੀਬੱਧ ਕੰਪਨੀਆਂ ਵਿੱਚ ਨਿਵੇਸ਼ ਕਰਨ ਅਤੇ ਦੌਲਤ ਬਣਾਉਣ ਵਿੱਚ ਮਦਦ ਕਰਦਾ ਹੈ। ਇਸ ਨਵੇਂ ਫੰਡ ਦੀ ਸ਼ੁਰੂਆਤ 'ਤੇ ਟਿੱਪਣੀ ਕਰਦੇ ਹੋਏ, ਆਈਸੀਆਈਸੀਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਦੇ ਮੁੱਖ ਨਿਵੇਸ਼ ਅਧਿਕਾਰੀ ਸ਼੍ਰੀ ਮਨੀਸ਼ ਕੁਮਾਰ ਨੇ ਕਿਹਾ, ਸਮਾਲਕੈਪ 250 ਇੰਡੈਕਸ ਫੰਡ ਗਾਹਕਾਂ ਨੂੰ ਉਭਰ ਰਹੀਆਂ ਕੰਪਨੀਆਂ ਦੀ ਵਿਕਾਸ ਸੰਭਾਵਨਾ ਵਿੱਚ ਹਿੱਸਾ ਲੈਣ ਅਤੇ ਲੰਬੇ ਸਮੇਂ ਲਈ ਦੌਲਤ ਬਣਾਉਣ ਦਾ ਇੱਕ ਸਰਲ ਅਤੇ ਪਾਰਦਰਸ਼ੀ ਤਰੀਕਾ ਪ੍ਰਦਾਨ ਕਰਦਾ ਹੈ। ਇਹ ਲੰਬੇ ਸਮੇਂ ਦੇ ਨਿਵੇਸ਼ਕਾਂ ਲਈ ਢੁਕਵਾਂ ਹੈ ਜੋ ਵੱਖ-ਵੱਖ ਮਾਰਕੀਟ ਸੈਕਟਰਾਂ ਵਿੱਚ ਉੱਭਰ ਰਹੀਆਂ ਕੰਪਨੀਆਂ ਨੂੰ ਯੋਜਨਾਬੱਧ ਐਕਸਪੋਜ਼ਰ ਦੀ ਭਾਲ ਕਰਦੇ ਹਨ।

ਫੰਡ ਸਮਾਲਕੈਪ 250 ਇੰਡੈਕਸ ਨੂੰ ਟਰੈਕ ਕਰਦਾ ਹੈ, ਜਿਸ ਵਿੱਚ ਨਿਫਟੀ 500 ਦੇ ਤਹਿਤ 251ਵੇਂ ਤੋਂ 500ਵੇਂ ਸਥਾਨ 'ਤੇ 250 ਕੰਪਨੀਆਂ ਸ਼ਾਮਲ ਹਨ। ਹਾਲਾਂਕਿ, ਰੈਗੂਲੇਟਰੀ ਕਾਰਨਾਂ ਕਰਕੇ, ਕੰਪਨੀ ਹਮੇਸ਼ਾ ਸੂਚਕਾਂਕ ਦੇ ਸਮਾਨ ਅਨੁਪਾਤ ਵਿੱਚ ਸਾਰੇ ਸਟਾਕਾਂ ਵਿੱਚ ਨਿਵੇਸ਼ ਨਹੀਂ ਕਰ ਸਕਦੀ, ਜਿਸ ਨਾਲ ਕਈ ਵਾਰ ਟਰੈਕਿੰਗ ਗਲਤੀਆਂ ਹੋ ਸਕਦੀਆਂ ਹਨ। ਇਹ ਫੰਡ ਛੋਟੀਆਂ ਸੂਚੀਬੱਧ ਕੰਪਨੀਆਂ ਵਿੱਚ ਨਿਵੇਸ਼ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ ਜੋ ਆਪਣੇ ਵਿਕਾਸ ਦੇ ਸ਼ੁਰੂਆਤੀ ਪੜਾਵਾਂ ਵਿੱਚ ਹਨ ਅਤੇ ਸਮੇਂ ਦੇ ਨਾਲ ਵਧਣ ਦੀ ਸੰਭਾਵਨਾ ਰੱਖਦੀਆਂ ਹਨ।

ਫੰਡ ਦਾ ਨਿਯਮ-ਅਧਾਰਤ ਪਹੁੰਚ ਨਿਵੇਸ਼ ਵਿੱਚ ਅਨੁਸ਼ਾਸਨ ਬਣਾਈ ਰੱਖਦਾ ਹੈ ਅਤੇ ਕਾਰੋਬਾਰਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਨੂੰ ਐਕਸਪੋਜ਼ਰ ਪ੍ਰਦਾਨ ਕਰਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਫੰਡ ਦਾ ਵਿੱਤੀ ਸੇਵਾਵਾਂ, ਸਿਹਤ ਸੰਭਾਲ ਅਤੇ ਪੂੰਜੀਗਤ ਵਸਤੂਆਂ ਵਰਗੇ ਵੱਖ-ਵੱਖ ਖੇਤਰਾਂ ਵਿੱਚ ਐਕਸਪੋਜ਼ਰ ਹੈ। ਇਹ 250 ਉੱਭਰ ਰਹੀਆਂ ਕੰਪਨੀਆਂ ਵਿੱਚ ਨਿਵੇਸ਼ ਕਰਦਾ ਹੈ ਅਮਰੀਕਾ। ਇਹ ਨਿਵੇਸ਼ਕਾਂ ਨੂੰ ਇੱਕ ਫੰਡ ਰਾਹੀਂ ਦੇਸ਼ ਦੀ ਆਰਥਿਕਤਾ ਵਿੱਚ ਬਹੁਤ ਸਾਰੀਆਂ ਨਵੀਆਂ ਅਤੇ ਵਧ ਰਹੀਆਂ ਕੰਪਨੀਆਂ ਦਾ ਹਿੱਸਾ ਬਣਨ ਦੀ ਆਗਿਆ ਦਿੰਦਾ ਹੈ।

27 ਫਰਵਰੀ, 2026 ਤੱਕ, ਇਸ ਸੂਚਕਾਂਕ ਨੇ ਪਿਛਲੇ ਸਾਲ ਦੌਰਾਨ 15.36% ਅਤੇ ਪਿਛਲੇ ਪੰਜ ਸਾਲਾਂ ਵਿੱਚ ਔਸਤਨ 19.04% ਸਾਲਾਨਾ ਪ੍ਰਭਾਵਸ਼ਾਲੀ ਰਿਟਰਨ ਦਿੱਤਾ ਹੈ। ਕਿਉਂਕਿ ਇਹ ਫੰਡ ਸਟਾਕ ਮਾਰਕੀਟ ਵਿੱਚ ਨਿਵੇਸ਼ ਕੀਤਾ ਜਾਂਦਾ ਹੈ, ਇਸ ਲਈ ਬਾਜ਼ਾਰ ਦੇ ਉਤਰਾਅ-ਚੜ੍ਹਾਅ ਫੰਡ ਦੇ ਮੁੱਲ ਨੂੰ ਪ੍ਰਭਾਵਤ ਕਰ ਸਕਦੇ ਹਨ।

ਨਿਵੇਸ਼ ਰਣਨੀਤੀ ਇੱਕ ਪੈਸਿਵ, ਸੂਚਕਾਂਕ-ਸੰਚਾਲਿਤ ਪਹੁੰਚ ਦੀ ਪਾਲਣਾ ਕਰਦੀ ਹੈ, ਜੋ ਸਟਾਕਾਂ ਨੂੰ ਸਰਗਰਮੀ ਨਾਲ ਚੁਣਨ ਦੀ ਬਜਾਏ ਬੈਂਚਮਾਰਕ ਨਾਲ ਇਕਸਾਰਤਾ ਬਣਾਈ ਰੱਖਣ 'ਤੇ ਕੇਂਦ੍ਰਤ ਕਰਦੀ ਹੈ। ਸੂਚਕਾਂਕ ਦੀ ਸਾਲ ਵਿੱਚ ਦੋ ਵਾਰ ਸਮੀਖਿਆ ਕੀਤੀ ਜਾਂਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਆਪਣੀ ਸਥਾਪਿਤ ਵਿਧੀ ਨਾਲ ਇਕਸਾਰ ਰਹੇ ਅਤੇ ਨਿਵੇਸ਼ ਪ੍ਰਕਿਰਿਆ ਅਨੁਸ਼ਾਸਿਤ ਅਤੇ ਪਾਰਦਰਸ਼ੀ ਰਹੇ।

ਇਹ ਨਵਾਂ ਸੂਚਕਾਂਕ ਫੰਡ ਕੰਪਨੀ ਦੀਆਂ ਪ੍ਰਸਿੱਧ ਯੋਜਨਾਵਾਂ ਜਿਵੇਂ ਕਿ ਆਈਸੀਆਈਸੀਆਈ ਪ੍ਰੂਡੈਂਸ਼ੀਅਲ ਸਿਗਨੇਚਰ ਐਸ਼ੋਰ, ਸਮਾਰਟਕਿਡ ਐਸ਼ੋਰ, ਅਤੇ ਆਈਸੀਆਈਸੀਆਈ ਪ੍ਰੂਡੈਂਸ਼ੀਅਲ ਸਮਾਰਟ ਇੰਸ਼ੋਰੈਂਸ ਪਲਾਨ ਪਲੱਸ (SIP+) ਵਿੱਚ ਨਿਵੇਸ਼ ਲਈ ਉਪਲਬਧ ਹੈ। ਤੁਸੀਂ ਇਸ ਬਾਰੇ ਪੂਰੀ ਜਾਣਕਾਰੀ www.iciciprulife. com 'ਤੇ ਦੇਖ ਸਕਦੇ ਹੋ।

# ਸਾਮਰਾਜਵਾਦ ਵਿਰੋਧੀ ਦਿਵਸ ਮੌਕੇ ਵਿਸ਼ਾਲ ਰੋਸ ਪ੍ਰਦਰਸ਼ਨ



**ਪਟਿਆਲਾ, 27 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮੂਹ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ 'ਸਾਮਰਾਜਵਾਦ ਵਿਰੋਧੀ ਦਿਵਸ' ਵਜੋਂ ਮਨਾਇਆ ਗਿਆ। ਇਸ ਮੌਕੇ ਪਟਿਆਲਾ ਵਿਖੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਦੇ ਪੁਤਲੇ ਸਾੜੇ ਅਤੇ ਕੇਂਦਰ ਸਰਕਾਰ ਦੀਆਂ ਕਾਰਪੋਰੇਟ-ਪੱਖੀ ਅਤੇ ਸਾਮਰਾਜੀ ਨੀਤੀਆਂ ਵਿਰੁੱਧ ਜ਼ੋਰਦਾਰ ਰੋਸ ਮੁਜ਼ਾਹਰਾ ਕੀਤਾ।

ਪ੍ਰਦਰਸ਼ਨ ਦੌਰਾਨ ਬੁਲਾਰਿਆਂ ਨੇ ਦੇਸ਼ ਦੀ ਆਰਥਿਕਤਾ ਅਤੇ ਕਿਰਤੀ ਲੋਕਾਂ ਦੇ ਹੱਕਾਂ 'ਤੇ ਹੋ ਰਹੇ ਹਮਲਿਆਂ ਵਿਰੁੱਧ ਬੋਲਦਿਆਂ ਕਿਹਾ ਕਿ ਇਹ ਕਾਨੂੰਨ ਕਿਸਾਨਾਂ,ਮਜਦੂਰਾਂ ਦੀ ਬੁਨਿਆਦੀ ਸੁਰੱਖਿਆ ਖੋਹ ਕੇ ਉਨ੍ਹਾਂ ਦੀ ਲੁੱਟ ਵਧਾਉਣਗੇ। ਆਗੂਆਂ ਨੇ 1 ਅਪ੍ਰੈਲ ਤੋਂ ਲਾਗੂ ਹੋ ਰਹੇ ਚਾਰ ਲੇਬਰ ਕੋਡਾਂ ਅਤੇ 'ਜੀ ਰਾਮ ਜੀ' ਵਰਗੀਆਂ ਸਕੀਮਾਂ, ਬਿਜਲੀ ਸੋਧ ਬਿਲ,ਬੀਜ ਬਿਲ ਅਤੇ ਮੁਫ਼ਤ ਵਪਾਰ ਸਮਝੌਤੇ ਦਾ ਸਖ਼ਤ ਵਿਰੋਧ ਕੀਤਾ ਗਿਆ।

ਅੱਜ ਦੇ ਇਸ ਪ੍ਰਦਰਸ਼ਨ ਵਿੱਚ ਰਾਮ ਸਿੰਘ ਮਾਟੋਰੜਾ, ਨਿਰਮਲ ਸਿੰਘ ਧਾਲੀਵਾਲ, ਦਵਿੰਦਰ ਸਿੰਘ ਪੂਨੀਆ, ਦਰਸ਼ਨ ਸਿੰਘ ਬੇਲੂਮਾਜਰਾ, ਸ੍ਰੀ ਨਾਥ,ਬਿਰਜ ਭੂਸ਼ਣ,ਧਰਮ ਪਾਲ ਲੋਟ ਤੇ ਹਰਕੇਸ਼ ਕੁਮਾਰ ਨੇ ਸੰਬੋਧਨ ਕੀਤਾ ਅਤੇ ਸੁਚਾ ਸਿੰਘ ਚੀਮਾ , ਰਾਜ ਕਿਸਨ ਨੂਰ ਖੈੜੀਆ,ਦਲਜਿੰਦਰ ਸਿੰਘ ਖਰੌੜ ਮੰਗਤ ਸਿੰਘ, ਹਰੀ ਸਿੰਘ ਦੌਣ ਕਲਾ,ਸੁਖਦੇਵ ਸੁਖੀ ਆਦਿ ਤੋਂ ਇਲਾਵਾ ਕਿਸਾਨਾਂ, ਮਜ਼ਦੂਰਾਂ, ਬਿਜਲੀ ਮੁਲਾਜ਼ਮਾਂ ਅਤੇ ਵੱਖ-ਵੱਖ ਜਥੇਬੰਦੀਆਂ ਦੇ ਕਾਰਕੁਨਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

# ਗੁਰਭਜਨ ਗਿੱਲ ਦੀ 'ਲੋਰੀ' ਇਕ ਸਦੀਵੀ ਸੁਨੇਹਾ



ਡਾ. ਲਖਵਿੰਦਰ ਜੌਹਲ
ਮੋਬਾਈਲ : 94171-94812

**ਲੋਰੀ ਕਵਿਤਾ 'ਚ ਮਰ ਰਹੀ ਧੀ ਨੂੰ ਪਾਤਰ ਬਣਾ ਕੇ ਉਸਦੀ ਜ਼ੁਬਾਨ ਰਾਹੀਂ ਵਰਤਮਾਨ ਸਮਾਜ ਦੀਆਂ ਕਦਰਾਂ ਕੀਮਤਾਂ ਨੂੰ ਸੂਖ਼ਮ ਭਾਵ ਨਾਲ ਉਜਾਗਰ ਕਰਨਾ ਅਤੇ ਜਾਗਰੂਕਤਾ ਦਾ ਸੰਦੇਸ਼ ਸਿਰਜਣਾ, ਇਸ ਕਵਿਤਾ ਦਾ ਵਡਮੁੱਲਾ ਹਾਸਿਲ ਹੈ।**

ਪੂਰੀ ਦੁਨੀਆ 'ਇਸਤਰੀ ਦਿਵਸ' ਮਨਾ ਰਹੀ ਹੈ। ਇਸਤਰੀਆਂ ਦੇ ਹੱਕਾਂ ਦੀ ਚਰਚਾ ਕਰਦਾ ਸਮਾਜ, ਕੀ ਸੱਚ-ਮੁੱਚ ਗੰਭੀਰ ਹੈ, ਸਮੇਂ ਨੂੰ ਇਸਤਰੀਆਂ ਦੇ ਹੱਕ ਵਿਚ ਬਦਲਣ ਲਈ? ਇਸਤਰੀ ਅਤੇ ਮਰਦ ਨੂੰ ਬਰਾਬਰੀ ਉਤੇ ਖੜੇ ਕਰਨ ਲਈ, ਧੀਆਂ-ਭੈਣਾ, ਮਾਵਾਂ ਅਤੇ ਪਤਨੀਆਂ ਦੇ ਹੱਕ ਦੀ ਚਰਚਾ ਕਰਦੇ ਪਿਓ, ਭਰਾ, ਪੁੱਤਰ ਅਤੇ ਪਤੀ ਆਪਣੇ ਘਰਾਂ ਵਿਚ ਉਨ੍ਹਾਂ ਦੀ ਤਰੱਕੀ ਅਤੇ ਬਰਾਬਰੀ ਬਾਰੇ ਕਿਸ ਤਰ੍ਹਾਂ ਸੋਚਦੇ ਹਨ? ਅਤੇ ਅਜੇਹੀ ਤਰੱਕੀ ਅਤੇ ਬਰਾਬਰੀ ਲਈ ਕੀ ਕੀ ਯਤਨ ਕਰਦੇ ਹਨ? ਇਹ ਸਥਿਤੀ ਗੰਭੀਰ ਸੋਚ ਤੇ ਗਹਿਰ ਸੰਵਾਦ ਦਾ ਵਿਸ਼ਾ ਹੈ।

ਮੇਰੇ ਸਾਹਮਣੇ ਹੈ ਧੀਆਂ ਦੀ ਬੇਜ਼ੁਬਾਨੀ ਨੂੰ ਜ਼ੁਬਾਨ ਦਿੰਦੀ-ਗੁਰਭਜਨ ਗਿੱਲ ਦੀ ਕਵਿਤਾ 'ਲੋਰੀ'। ਇਹ ਕਵਿਤਾ ਮਰਦ ਮਾਨਸਿਕਤਾ ਦੀਆਂ ਉਨ੍ਹਾਂ ਬੇਸ਼ਰਮ ਪਰਤਾਂ ਨੂੰ ਬੇਹੱਦ ਬਰੀਕੀ ਅਤੇ ਬੇਬਾਕੀ ਨਾਲ ਬੇਪਰਦਾ ਕਰਦੀ ਹੈ। ਜਿਹੜੀਆਂ ਸਾਡੇ ਅੰਦਰ ਇਸ ਤਰ੍ਹਾਂ ਘਰ ਕਰ ਚੁੱਕੀਆਂ ਹਨ, ਕਿ ਸਾਨੂੰ ਜਗੀਰੂ ਸੋਚ ਤੋਂ ਆਜ਼ਾਦ ਨਹੀਂ ਹੋਣ ਦਿੰਦੀਆਂ। ਇਸੇ ਸੋਚ ਕਰਕੇ ਇੱਕਵੀਂ ਸਦੀ ਤਕ ਪਹੁੰਚ ਕੇ ਵੀ, ਇਸਤਰੀ ਦਿਵਸਾਂ ਦੀਆਂ ਲੰਮੀਆਂ ਲੜੀਆਂ ਮਨਾ ਕੇ ਵੀ ਨਵੀਂ ਸੋਚ ਦਾ ਢੰਡੋਰਾ ਪਿੱਟ ਕੇ ਵੀ ਸਾਡਾ ਸਮਾਜ ਮਾਦਾ-ਭਰੂਣ ਹੱਤਿਆ ਤੇ ਛੁਟਕਾਰਾ ਨਹੀਂ ਪਾ ਸਕਿਆ।

ਧੀਆਂ ਅਜੇ ਵੀ ਲੋਰੀ ਲਈ ਤਰਸਦੀਆਂ ਹਨ। ਅਜੇ ਵੀ ਘਰਾਂ ਦੇ ਵਿਹੜਿਆਂ ਵਿਚ ਪ੍ਰਵੇਸ਼ ਕਰਦੀਆਂ ਧੀਆਂ ਆਪਣੇ ਨਾਲ ਲੈ ਕੇ ਆਉਂਦੀਆਂ ਹਨ, ਹੰਝੂ ਅਤੇ ਹੇਰਵੇ। ਧੀਆਂ ਜਦੋਂ 'ਅਪਣੇ' ਘਰਾਂ ਤੋਂ 'ਆਪਣੇ' ਘਰਾਂ ਨੂੰ ਤੁਰਦੀਆਂ ਹਨ ਤਾਂ ਉਨ੍ਹਾਂ ਦੇ ਪੱਲੇ ਹੰਝੂਆਂ ਨਾਲ ਭਰੇ ਹੁੰਦੇ ਹਨ। ਦਾਦੀਆਂ, ਨਾਨੀਆਂ ਤੋਂ ਸੁਣੀਆਂ ਚੰਨ-ਤਾਰਿਆਂ ਦੀਆਂ ਲੰਮੀਆਂ ਬਾਤਾਂ ਵਿਚ, ਮਹਿਲਾਂ ਵਾਲੇ ਘਰਾਂ ਮੋਹਰੇ ਰੁਕਦੇ ਰੱਥਾਂ ਵਿਚੋਂ, ਝੁਕੀਆਂ ਨਜ਼ਰਾਂ ਨਾਲ ਆਪਣੀਆਂ ਰੀਝਾਂ ਦੇ ਬਾਗ਼ ਖਿੜਦੇ ਵੇਖਣ ਦੀ ਲਾਲਸਾ ਅਜੇ ਵੀ ਹੰਝੂਆਂ ਵਿਚ ਕਿਉਂ ਵਹਿ ਜਾਂਦੀ ਹੈ। ਇਸ ਦਾ ਜੁਆਬ 'ਲੋਰੀ ਦੀ ਲਾਲਸਾ' ਵਿਚ ਛੁਪਿਆਂ ਹੋਇਆ ਹੈ।

ਗੁਰਭਜਨ ਦੀ 'ਲੋਰੀ' ਵਿਚਲੀ ਅਣਜੰਮੀ ਧੀ ਆਪਣੀ ਮਾਂ ਨੂੰ ਵਾਸਤਾ ਪਾਉਂਦੀ ਹੈ ਕਿ ਉਹ ਉਸ ਨੂੰ ਇਕ 'ਲੋਰੀ' ਦੇਵੇ ਭਾਵੇਂ ਬਾਬਲ ਤੋਂ ਚੋਰੀ ਹੀ ਦੇਵੇ। ਮਰ ਰਹੀ ਧੀ ਨੂੰ ਪਾਤਰ ਬਣਾ ਕੇ ਉਸਦੀ ਜ਼ੁਬਾਨ ਰਾਹੀਂ ਵਰਤਮਾਨ ਸਮਾਜ ਦੀਆਂ ਕਦਰਾਂ ਕੀਮਤਾਂ ਨੂੰ ਸੂਖ਼ਮ ਭਾਵ ਨਾਲ ਉਜਾਗਰ ਕਰਨਾ ਅਤੇ ਜਾਗਰੂਕਤਾ ਦਾ ਸੰਦੇਸ਼ ਸਿਰਜਣਾ ਇਸ ਕਵਿਤਾ ਦਾ ਵਡਮੁੱਲਾ ਹਾਸਿਲ ਹੈ। ਕਵਿਤਾ ਧੀ ਅਤੇ ਮਾਂ ਦੇ ਸੰਵਾਦ ਰਾਹੀਂ ਅਜੋਕੇ ਸਮਾਜ ਦੀ ਅਜੇਹੀ ਦੁਰਦਸ਼ਾ ਲਈ ਜ਼ਿੰਮੇਵਾਰ ਸਾਰੀਆਂ ਧਿਰਾਂ ਨੂੰ ਹਲੂਣਨ ਦਾ ਯਤਨ ਕਰਦੀ ਹੈ। ਇਨ੍ਹਾਂ ਧਿਰਾਂ ਵਿਚ ਜ਼ਾਲਮਾਨਾ ਜ਼ਹਿਨੀਅਤ ਵਾਲੀ ਉਹ ਮਾਂ ਵੀ ਸ਼ਾਮਿਲ ਹੈ ਜਿਸਦਾ ਮਮਤਾ ਨੇ ਮਰਦ-ਪ੍ਰਧਾਨ ਸਮਾਜ ਅੱਗੇ ਆਪਣੀ ਸੂਖ਼ਮਤਾ ਨੂੰ ਗਰਕ ਕਰ ਦਿੱਤਾ ਹੈ। ਹਾਲਾਂ ਕਿ ਇਹ ਖ਼ੁਦ ਵੀ ਕਦੇ ਕਾਵਿ-ਪਾਤਰ ਦੀ ਨਾਨੀ ਦੇ ਘਰ ਧੀ ਬਣ ਕੇ ਜੰਮੀ ਸੀ। ਇਨ੍ਹਾਂ ਧਿਰਾਂ ਵਿਚ ਸਾਡੀਆਂ ਉਹ ਸਿਹਤ-ਸੰਸਥਾਨਾਂ ਵੀ ਸ਼ਾਮਿਲ ਹਨ ਜਿਹੜੀਆਂ ਪੈਸੇ ਦੀ ਚਮਕ ਸਾਹਮਣੇ ਆਪਣੀਆਂ ਜ਼ਿੰਮੇਵਾਰੀਆਂ ਅਤੇ ਪਰੰਪਰਾਵਾਂ ਨੂੰ ਕੁਰਬਾਨ ਕਰ ਦਿੰਦੀਆਂ ਹਨ ਅਤੇ ਮਨੁੱਖਤਾ ਦੀ ਕਤਲਗਾਹ ਬਣ ਜਾਂਦੀਆਂ ਹਨ। ਇਨ੍ਹਾਂ ਧਿਰਾਂ ਵਿਚ ਉਹ ਧਰਮ ਅਤੇ ਧੜੇ ਵੀ ਸ਼ਾਮਿਲ ਹਨ, ਜਿਹੜੇ ਬੋਦੀਆ ਸਮਾਜਿਕ ਕਦਰਾਂ-ਕੀਮਤਾਂ ਨੂੰ ਹੋਰ ਪੱਕੀਆਂ ਕਰਦੇ ਹੋਏ ਅਜੇਹੇ ਕੁਕਰਮਾਂ ਸਾਹਮਣੇ ਗੁੰਗੇ ਅਤੇ ਬੋਲੇ ਬਣ ਜਾਂਦੇ ਹਨ।



ਅਣਜੰਮੀ ਧੀ ਦੀਆਂ ਭਾਵਨਾਵਾਂ ਨੂੰ ਸੂਖ਼ਮਭਾਵੀ ਸ਼ਬਦਾਂ ਰਾਹੀਂ ਪੇਸ਼ ਕਰਦੀ ਹੋਈ ਇਹ ਨਜ਼ਮ ਅੱਜ ਦੇ ਸਮਾਜ ਲਈ ਇਕ ਸਾਰਥਿਕ ਸੁਨੇਹਾ ਦਿੰਦੀ ਹੋਈ ਸਦੀਵੀ ਗੁਣਾ ਦੀ ਧਾਰਨੀ ਬਣਦੀ ਹੈ।

ਇਹ ਕਵਿਤਾ ਪਾਠਕ ਦੇ ਮਨ ਅੰਦਰ ਅਜੇਹੇ ਭਾਵ ਜਮਾਉਂਦੀ ਹੈ ਕਿ ਉਹ ਸੋਚਣ ਲਈ ਮਜਬੂਰ ਹੋਵੇ ਕਿ ਕਿਉਂ ਸੌਂ ਰਹੀਆਂ ਹਨ, ਸਾਡੀਆਂ ਜ਼ਮੀਰਾਂ, ਸਾਡਾ ਸਮਾਜ ਅਤੇ ਸਾਡੀਆਂ ਸੰਸਥਾਵਾਂ, ਸਾਡੇ ਵਿਚਾਰ। ਸਾਡੇ ਖਾਣ ਅਤੇ ਦਿਖਾਉਣ ਦੇ ਦੰਦ ਵੱਖੋ-ਵੱਖਰੇ ਕਿਉਂ ਹਨ।

ਸੁੱਤਿਆ ਲਈ ਸੌ ਯਤਨ ਵਸੀਲੇ
ਜਾਗਦਿਆਂ ਨੂੰ ਕਿਵੇਂ ਜਗਾਵਾਂ
ਰੱਖੜੀ ਦੀ ਤੰਦ ਖ਼ਤਰੇ ਵਿਚ ਹੈ
ਚੁੱਪ ਨੇ ਕੁੱਲ ਧਰਤੀ ਦੀਆਂ ਮਾਵਾਂ
ਅੰਮੜੀਏ ਮੈਨੂੰ ਗੁੜ੍ਹਤੀ ਦੀ ਥਾਂ
ਦੇ ਨਾ ਜ਼ਹਿਰ ਕਟੋਰੀ
ਨੀ ਇਕ ਲੋਰੀ ਦੇ ਦੇ....।


ਨਿੱਤ ਨਵੇਂ ਵਿਚਾਰਾਂ ਦਾ ਢੌਂਗ ਰਚਾਉਣ ਵਾਲੀ ਸਾਡੀ ਮਾਨਸਿਕਤਾ ਆਪਣੇ ਅਸਲੇ ਵਿਚ ਕੀ ਹੈ? ਗੁਰਭਜਨ ਗਿੱਲ ਦੀ ਇਹ ਕਵਿਤਾ ਇਸਨੂੰ ਭਲੀ-ਭਾਂਤੀ ਉਜਾਗਰ ਕਰਦੀ ਹੈ। ਇਹ ਕਵਿਤਾ ਉਸ ਮਾਨਸਿਕਤਾ ਨੂੰ ਝੰਜੋੜਦੀ ਹੈ ਜਿਹੜੀ ਜੰਮਦੀ ਧੀ ਲਈ ਜ਼ਹਿਰ ਦੀ ਕਟੋਰੀ ਲਈ ਖੜੀ ਹੈ। ਦੁਨੀਆ ਭਰ ਦੇ ਕੰਮਾਂ-ਕਾਰਾਂ ਵਿਚ ਆਪਣੇ ਬੁੱਧ-ਵਿਵੇਕ ਦਾ ਸਿੱਕਾ ਜਮਾ ਚੁਕੀਆਂ ਔਰਤਾਂ ਨੂੰ ਅਜੇ ਵੀ ਆਪਣੇ ਘਰਾਂ ਦੀ ਪਰਿਭਾਸ਼ਾ ਤਲਾਸ਼ਣ ਲਈ ਆਪਣੀਆਂ ਸਾਰੀਆਂ ਉਮਰਾਂ ਕਿਉਂ ਭੋਗਣੀਆਂ ਪੈਂਦੀਆਂ ਹਨ?

ਦੁਨੀਆ ਦੇ ਦੰਭ ਸਾਡੀਆਂ ਧੀਆਂ ਅਤੇ ਸਾਡੇ ਪੁੱਤਰਾਂ ਵਿਚਕਾਰ ਖਿਚੀਆਂ ਗਈਆਂ ਸਾਮੰਤੀ ਲਕੀਰਾਂ ਨੂੰ ਅਜੇ ਵੀ ਹੋਰ ਪੱਕਿਆਂ ਕਰਨ ਵਿਚ ਕਿਉਂ ਲੱਗੇ ਹੋਏ ਹਨ? ਅੱਜ ਵੀ ਸਥਿਤੀ ਅਜੇਹੀ ਕਿਉਂ ਹੈ?

ਧੀਆਂ!
ਸੁੱਤੀ ਅੱਖ ਦੀ ਫਰਕਣ
ਜਾਗੀ ਅੱਖ ਦਾ ਸੁਪਨਾ
ਬਾਬੁਲ ਵਾਲਾ ਵਿਹੜਾ ਸਾਡਾ
ਅਜਨਬੀ ਘਰ ਹੈ ਕਿਹੜਾ ਸਾਡਾ?
ਧੀਆਂ ਕਰਨ ਵਿਚਾਰ
ਲੋਰੀ ਤੇ ਸੁਪਨੇ ਵਿਚਕਾਰ
ਦੁਨੀਆ-ਦੰਭ-ਦੀਵਾਰ...।

ਇਹ ਦੰਭ ਅਤੇ ਦੀਵਾਰ ਕਦੋਂ ਟੁੱਟਣਗੇ-ਕੀ 'ਇਸਤਰੀ ਦਿਵਸ' ਇਨ੍ਹਾਂ ਸਵਾਲਾਂ ਦੇ ਜਵਾਬ ਲੱਭੇਗਾ। •

## ਮਿੰਨੀ ਕਹਾਣੀ



### ਮਾਂ-ਬੋਲੀ

ਇਕ ਮਿੱਤਰ ਦੇ ਘਰ ਬੈਠਾ ਸੀ। ਉਸ ਦਾ ਚਾਰ ਪੰਜ ਸਾਲ ਦਾ ਬੱਚਾ ਕਮਰੇ 'ਚੋ ਬਾਹਰ ਆਇਆ ਤੇ ਮੈਂ ਹੱਥ ਦੇ ਇਛਾਰੇ ਨਾਲ ਕੋਲ ਬੁਲਾ ਕੇ ਉਸ ਦਾ ਨਾਮ, ਸਕੂਲ ਤੇ ਹੋਰ ਦੋ ਤਿੰਨ ਗੱਲਾਂ ਪੁੱਛੀਆਂ ਲਗਭਗ ਹਰ ਗੱਲ ਦਾ ਜਵਾਬ ਉਸ ਬੱਚੇ ਨੇ ਹਿੰਦੀ ਜਾਂ ਥੋੜ੍ਹੀ ਬਹੁਤ ਅੰਗਰੇਜ਼ੀ ਵਿਚ ਦਿੱਤਾ। ਮੈਂ ਮਿੱਤਰ ਨੂੰ ਪੁਛਿਆ, 'ਯਾਰ ਇਹ ਸਾਰੀ ਗੱਲ ਹਿੰਦੀ ਜਾਂ ਅੰਗਰੇਜ਼ੀ ਵਿਚ ਹੀ ਕਰਦਾ, ਪੰਜਾਬੀ ਕਿਉਂ ਨਹੀਂ ਬੋਲਦਾ ?' ਮਿੱਤਰ ਬੋਲਿਆ, 'ਯਾਰ ਪੰਜਾਬੀ ਬੋਲਦਾ ਤੇ ਜਵਾਕ ਐਵੇਂ ਜਾਹਲ-ਗਵਾਰ ਜਿਹਾ ਲਗਦਾ, ਹਿੰਦੀ ਮਿੱਠੀ ਜਿਹੀ ਬੋਲੀ ਹੈ ਤੇ ਜਦੋਂ ਬੋਲਦਾ ਤੇ ਬੱਚਾ ਸੋਹਣਾ ਲਗਦਾ।'

ਸਾਹਮਣੇ ਮੰਜੇ ਤੇ ਮੇਰੇ ਮਿੱਤਰ ਦੇ ਬਜ਼ੁਰਗ ਮਾਤਾ ਜੀ ਪਏ ਸਨ। ਮੈਂ ਉਨ੍ਹਾਂ ਵੱਲ ਇਸ਼ਾਰਾ ਕਰ ਕੇ ਕਿਹਾ 'ਯਾਰ ਤੇਰੇ ਮਾਤਾ ਜੀ ਜਦੋਂ ਬੋਲਦੇ ਹਨ, ਕੀ ਵਧੀਆ ਨਹੀਂ ਲਗਦੇ? ਕੀ ਗਵਾਰਾਂ ਵਾਂਗੂ ਲਗਦੇ ਨੇ, ਜੇ ਇਸ ਤਰ੍ਹਾਂ ਬੋਲਦੇ ਹਨ ਤਾਂ ਇਨ੍ਹਾਂ ਨੂੰ ਘਰ ਤੋਂ ਕਿੱਧਰੇ ਦੂਰ ਛੱਡ ਆ।' ਮੇਰੀ ਗੱਲ ਸੁਣ ਕੇ ਥੋੜ੍ਹਾ ਗੁੱਸੇ ਜਿਹੇ 'ਚ ਉਹ ਬੋਲਿਆ, 'ਯਾਰ ਕੀ ਬੋਲ ਰਿਹਾ ਤੂੰ, ਮਾਤਾ ਸਾਡੀ ਤੇ ਹਰ ਇਕ ਨਾਲ ਨਿਮਰਤਾ ਤੇ ਪਿਆਰ ਨਾਲ ਬੋਲਦੀ ਏ ਤੇ ਤੂੰ ਗਵਾਰ ਕਹੀ ਜਾ ਰਿਹਾ ਜ਼ੁਬਾਨ ਸੰਭਾਲ਼ ਕੇ ਬੋਲ।'

ਫਿਰ ਮੈਂ ਕਿਹਾ, 'ਯਾਰ ਮਾਤਾ ਜੀ ਪੰਜਾਬੀ ਬੋਲਦੇ ਹਨ ਤੇ ਇਹੀ ਬੋਲੀ ਸਿਖਾ ਕੇ ਤੈਨੂੰ ਪਾਲਿਆ ਤੇ ਕਾਬਿਲ ਇਨਸਾਨ ਬਣਾਇਆ ਤੇ ਤੂੰ ਆਪਣੀ ਮਿਹਨਤ ਨਾਲ ਹੋਰ ਭਾਸ਼ਾਵਾਂ ਸਿੱਖੀਆਂ, ਇਕ ਚੰਗੇ ਅਹੁਦੇ 'ਤੇ ਲੱਗ ਗਿਆ, ਹੁਣ ਮੇਰੇ ਵੱਲੋਂ ਮਾਤਾ ਜੀ ਨੂੰ ਗਵਾਰ ਕਹੇ ਤੇ ਤੈਨੂੰ ਗੁੱਸਾ ਲੱਗਾ, ਜਦਕਿ ਥੋੜ੍ਹੀ ਦੇਰ ਪਹਿਲਾਂ ਤੂੰ ਪੰਜਾਬੀ ਮਾਂ ਬੋਲੀ ਬੋਲਣ ਵਾਲੇ ਦੀ ਤੁਲਨਾ ਗਵਾਰ ਨਾਲ ਕਰ ਰਿਹਾ ਸੀ, ਹੁਣ ਦੱਸ ਮਾਤਾ ਜੀ ਨੇ ਜੋ ਤੈਨੂੰ ਬੋਲੀ ਸਿਖਾਈ ਤੂੰ ਜਿਸ ਬੋਲੀ ਵਿਚ ਬੋਲਣਾ ਸਿੱਖਿਆ ਉਹ ਪੰਜਾਬੀ ਮਾਂ ਬੋਲੀ ਹੁਣ ਤੈਨੂੰ ਗਵਾਰ ਲਗਦੀ ਹੈ?" ਦੋਸਤ ਹੁਣ ਚੁਪ ਸੀ ਤੇ ਸ਼ਰਮ ਨਾਲ ਉਸ ਦੀਆਂ ਅੱਖਾਂ ਝੁਕੀਆਂ ਹੋਈਆ ਸਨ। ਮੈਂ ਅੱਗੇ ਗੱਲ ਤੋਰੀ ਤੇ ਕਿਹਾ 'ਯਾਰ ਬੱਚੇ ਨੂੰ ਹੋਰ ਬੋਲੀਆਂ ਸਿਖਾਉਣਾ ਵਧੀਆ ਗੱਲ ਹੈ ਪਰ ਮਾਂ ਬੋਲੀ ਬੋਲਣੀ ਤੇ ਇਸ ਦੀ ਇੱਜ਼ਤ ਕਰਨੀ ਨਾ ਛੱਡੋ, ਜਿਸ ਤਰ੍ਹਾਂ ਮਾਂ ਦੀ ਥਾਂ ਕੋਈ ਚਾਚੀ, ਤਾਈ ਨਹੀਂ ਲੈ ਸਕਦੀ, ਉਸੇ ਤਰ੍ਹਾਂ ਮਾਂ ਬੋਲੀ ਦੀ ਥਾਂ ਵੀ ਕੋਈ ਹੋਰ ਬੋਲੀ ਨਹੀਂ ਲੈ ਸਕਦੀ।'

• ਰਾਜਾ ਬੜੈਚ
ਮੋਬਾਈਲ : 99144-88265

## ਹਾਸ ਵਿਅੰਗਕਾਰ

# ਕਵੀ ਤਾਰਾ ਸਿੰਘ ਖੋਜੇਪੁਰੀ

ਹਸਾਉਣਾ ਹੱਸਣ ਨਾਲੋਂ ਔਖਾ ਕੰਮ ਹੈ ਪਰ ਹਸਾਉਣ ਦੇ ਨਾਲ-ਨਾਲ ਸਮਾਜਿਕ ਕੁਰੀਤੀਆਂ 'ਤੇ ਟਕੋਰ ਕਰਨੀ ਇਸ ਤੋਂ ਵੀ ਔਖਾ ਕੰਮ ਹੈ। ਅਜਿਹੀ ਹੀ ਕਲਾ ਦਾ ਧਨੀ ਸੀ ਮਾਝੇ ਦਾ ਸਿਰਮੌਰ ਕਵੀ ਤਾਰਾ ਸਿੰਘ ਖੋਜੇਪੁਰੀ। ਖੋਜੇਪੁਰੀ ਦਾ ਜਨਮ 2 ਜਨਵਰੀ 1931 ਨੂੰ ਪਿਤਾ ਮੱਘਰ ਸਿੰਘ ਅਤੇ ਮਾਤਾ ਧੰਨ ਕੌਰ ਦੇ ਘਰ ਹੋਇਆ। ਆਪ ਨੇ ਐਫ.ਏ. ਤਕ ਦੀ ਪੜ੍ਹਾਈ ਕਰਨ ਤੋਂ ਬਾਅਦ ਖੇਤੀਬਾੜੀ ਵਿਭਾਗ ਵਿਚ ਨੌਕਰੀ ਲੈ ਲਈ, ਜਿੱਥੋਂ ਆਪ 1989 ਵਿਚ ਸੁਪਰਡੈਂਟ ਦੇ ਅਹੁਦੇ ਤੋਂ ਰਿਟਾਇਰ ਹੋਏ। ਇੱਥੇ ਇਨ੍ਹਾਂ ਨਾਲ ਜੁੜੀ ਇਕ ਗੱਲ ਦਾ ਜ਼ਿਕਰ ਕਰਨਾ ਬਣਦਾ ਹੈ ਕਿ ਰਿਟਾਇਰ ਹੋਣ ਉਪਰੰਤ ਹੀ ਉਨ੍ਹਾਂ ਨੇ ਸਾਹਿਤ ਦੇ ਖੇਤਰ 'ਚ ਪੈਰ ਧਰਿਆ ਤੇ ਬਹੁਤ ਜਲਦੀ ਪੰਜਾਬ ਨੇ ਨਾਮਵਰ ਹਾਸਰਸ ਕਵੀਆਂ ਵਿਚ ਆਪਣਾ ਨਾਂ ਸ਼ੁਮਾਰ ਕਰਵਾ ਲਿਆ। ਇਸ ਦੌਰਾਨ ਉਨ੍ਹਾਂ ਨੇ ਪੰਜਾਬੀ ਸਾਹਿਤ ਦੀ ਝੋਲੀ ਵਿੱਚ 'ਗੱਲ ਵਿਚਾਰਨ ਦੀ', 'ਕੂਲੇ ਡੰਗ', 'ਗਾਗਰ 'ਚ ਸਾਗਰ', 'ਰਾਂਝਾ ਡੁਪਲੀਕੇਟ', 'ਗੱਲ ਪਤੇ ਦੀ', 'ਮਾਡਰਨ ਗ਼ਜ਼ਲਾਂ', 'ਨਸ਼ਿਆਂ ਦੀ ਦਲਦਲ', 'ਵਿਅੰਗ ਬਾਣ' ਅਤੇ ਤੰਬਾਕੂਨੋਸ਼ੀ', ਕਿਤਾਬਾਂ ਪਾਈਆਂ। ਇਨ੍ਹਾਂ ਵਿਚੋਂ ਦੋ ਕਿਤਾਬਾਂ 'ਨਸ਼ਿਆਂ ਦੀ ਦਲਦਲ' ਅਤੇ 'ਤੰਬਾਕੂਨੋਸ਼ੀ' ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਰਿਲੀਜ਼ ਕੀਤੀਆਂ, ਜੋ ਉਨ੍ਹਾਂ ਦੀ ਵਿਸ਼ੇਸ਼ ਪ੍ਰਾਪਤੀ ਸੀ।



ਤਾਰਾ ਸਿੰਘ ਖੋਜੇਪੁਰੀ ਦੀਆਂ ਸਾਹਿਤਕ ਪ੍ਰਾਪਤੀਆਂ ਲਈ ਵੱਖ-ਵੱਖ ਸਾਹਿਤ ਸਭਾਵਾਂ ਅਤੇ ਸੰਸਥਾਵਾਂ ਵੱਲੋਂ ਅਨੇਕਾਂ ਮਾਨ-ਸਨਮਾਨ ਦਿੱਤੇ ਗਏ, ਜਿਨ੍ਹਾਂ ਵਿਚੋਂ ਹਾਸ ਵਿਅੰਗ ਦਾ ਸਰਵੋਤਮ ਐਵਾਰਡ 'ਪਿਆਰਾ ਸਿੰਘ ਦਾਤਾ ਐਵਾਰਡ' ਦਿੱਲੀ ਕਮੇਟੀ ਵੱਲੋਂ ਪੰਜਾਬੀ ਹਾਸ ਵਿਅੰਗ ਅਕੈਡਮੀ ਮੋਗਾ ਵਿਖੇ 2010 ਦਿੱਤਾ ਗਿਆ। ਇੰਡੀਆ ਇੰਟਰਨੈਸ਼ਨਲ ਫਰੈਂਡਸ਼ਿਪ ਸੁਸਾਇਟੀ ਦਿੱਲੀ ਵੱਲੋਂ 'ਰਾਸ਼ਟਰੀ ਗੌਰਵ ਐਵਾਰਡ' ਵੀ 2010 'ਚ ਦਿੱਤਾ ਗਿਆ। ਇਸੇ ਤਰ੍ਹਾਂ ਇੰਟਰਨੈਸ਼ਨਲ ਪਬਲਿਸ਼ਿੰਗ ਹਾਊਸ ਦਿੱਲੀ ਵੱਲੋਂ 'ਬੈਸਟ ਸਿਟੀਜ਼ਨ ਆਫ਼ ਇੰਡੀਆ ਐਵਾਰਡ-2010' ਉਨ੍ਹਾਂ ਦੀਆਂ ਪ੍ਰਾਪਤੀਆਂ 'ਚ ਵਿਸ਼ੇਸ਼ ਸਥਾਨ ਰੱਖਦੇ ਹਨ।

ਤਾਰਾ ਸਿੰਘ ਖੋਜੇਪੁਰੀ ਇਕੋ ਵੇਲੇ ਹਾਸ ਵਿਅੰਗ ਸਾਹਿਤ ਅਕਾਦਮੀ ਮੋਗਾ ਦੇ ਸੀਨੀਅਰ ਮੀਤ ਪ੍ਰਧਾਨ, ਸਾਹਿਤ ਸਭਾ ਗੁਰਦਾਸਪੁਰ ਦੇ ਪ੍ਰਧਾਨ, ਐੱਨਆਰਆਈ ਸਭਾ ਗੁਰਦਾਸਪੁਰ ਦੇ ਸਰਪ੍ਰਸਤ ਅਤੇ ਲਾਇਨਜ਼ ਕਲੱਬ ਗੁਰਦਾਸਪੁਰ ਦੇ ਮੈਂਬਰ ਵੀ ਰਹੇ। ਤਾਰਾ ਸਿੰਘ ਖੋਜੇਪੁਰੀ ਹਾਸਰਸ ਕਵੀ ਹੋਣ ਕਰ ਕੇ ਸਦਾ ਖ਼ੁਸ਼ ਰਹਿੰਦੇ ਸਨ। ਉਹ ਜਿਸ ਮਹਿਫ਼ਲ ਵਿਚ ਵੀ ਜਾਂਦੇ ਸਨ, ਆਪਣੀ ਇਸ ਵਿਲੱਖਣ ਕਲਾ ਕਰਕੇ ਆਪਣੀ ਇਕ ਵਿਸ਼ੇਸ਼ ਛਾਪ ਛੱਡ ਜਾਂਦੇ ਸਨ। ਉਨ੍ਹਾਂ ਦੀ ਅਗਵਾਈ ਹੇਠ ਸਾਹਿਤ ਸਭਾ ਗੁਰਦਾਸਪੁਰ ਨੇ ਕਈ ਨਵੇਂ ਕਵੀ ਪੈਦਾ ਕੀਤੇ, ਜੋ ਇਸ ਵੇਲੇ ਵਧੀਆ ਸਾਹਿਤਕ ਸੇਵਾਵਾਂ ਦੇ ਰਹੇ ਹਨ। ਉਹ ਆਸ਼ਾਵਾਦੀ ਕਵੀ ਸਨ ਅਤੇ ਸਦਾ ਚੜ੍ਹਦੀ ਕਲਾ 'ਚ ਰਹਿੰਦੇ ਸਨ। ਤਾਰਾ ਸਿੰਘ ਖੋਜੇਪੁਰੀ ਦਾ ਹਸੂੰ-ਹਸੂੰ ਕਰਦਾ ਚਿਹਰਾ 27 ਸਤੰਬਰ 2014 ਨੂੰ ਸਭ ਤੋਂ ਸਦਾ-ਸਦਾ ਲਈ ਦੂਰ ਹੋ ਗਿਆ। ਅੱਜ ਬੇਸ਼ੱਕ ਉਹ ਸਾਡੇ ਦਰਮਿਆਨ ਨਹੀਂ ਹਨ ਪਰ ਆਪਣੀ ਸਾਹਿਤਕ ਦੇਣ ਕਰਕੇ ਸਦਾ ਸਾਡੇ ਨਾਲ ਖੜ੍ਹੇ ਹਨ।

• ਪ੍ਰਤਾਪ ਪਾਰਸ ਗੁਰਦਾਸਪੁਰੀ

## ਕਹਾਣੀ

# ਝੂਠ ਦਾ ਮੁੱਢ



**ਉਸ ਨੇ ਬੜੇ ਪਿਆਰ ਨਾਲ ਉਸ ਨੂੰ ਸਮਝਾਉਂਦੇ ਹੋਏ ਕਿਹਾ, 'ਬੇਟਾ, ਹਮੇਸ਼ਾ ਸੱਚ ਨਾਲ ਕੰਮ ਨਹੀਂ ਚਲਦੇ ਹੁੰਦੇ। ਜੀਵਨ ਰੂਪੀ ਗੱਡੀ ਨੂੰ ਆਪਣੇ ਢੰਗ ਨਾਲ ਚਲਾਉਣ ਲਈ ਕਦੇ ਕਦੇ ਝੂਠ ਦਾ ਸਹਾਰਾ ਵੀ ਲੈਣਾ ਪੈਂਦਾ ਹੈ'...**



ਹਰਜੀਤ ਸਿੰਘ ਸਿੱਧੂ
ਮੋਬਾਈਲ : 99155-41219

ਆਪਣੇ ਬੱਚੇ ਦੀ ਪੜ੍ਹਾਈ ਨੂੰ ਮੁੱਖ ਰੱਖਦਿਆਂ ਪਟਵਾਰੀ ਕਿਸ਼ੋਰੀ ਲਾਲ ਪਰਿਵਾਰ ਸਮੇਤ ਆਪਣੀ ਨਿਯੁਕਤੀ ਵਾਲੇ ਸਥਾਨ ਤੇ ਹੀ ਰਹਿਣ ਲੱਗ ਪਿਆ। ਉਸ ਦੀ ਰਿਹਾਇਸ਼ ਪਟਵਾਰਖ਼ਾਨੇ ਦੇ ਨੇੜੇ ਹੀ ਸੀ। ਸਵੇਰ ਤੋਂ ਸ਼ਾਮ ਤਕ ਉਸ ਨੂੰ ਕਦੇ ਵੀ ਵਿਹਲ ਨਹੀਂ ਸੀ। ਇੰਤਕਾਲ, ਪੁਰਾਣੇ ਇੰਤਕਾਲਾਂ ਦੀ ਨਕਲ ਤੇ ਜ਼ਮੀਨ ਜਾਇਦਾਦ ਨਾਲ ਸਬੰਧਤ ਹੋਰ ਕੰਮਾਂ ਵਾਸਤੇ ਕੋਈ ਨਾ ਕੋਈ ਉਸ ਕੋਲ ਆਇਆ ਹੀ ਰਹਿੰਦਾ ਸੀ। ਵੇਲੇ-ਕੁਵੇਲੇ ਆਉਣ ਵਾਲੇ ਉਸ ਦੀ ਰਿਹਾਇਸ਼ ਤੇ ਵੀ ਪਹੁੰਚ ਜਾਂਦੇ ਸਨ। ਕਾਨੂੰਗੋ ਤੇ ਤਹਿਸੀਲ ਦਫ਼ਤਰ ਵੱਲੋਂ ਆਈ ਡਾਕ ਦਾ ਉਤਰ ਦੇਣ ਜਾਂ ਹੋਰ ਡਿਊਟੀਆਂ ਦੇ ਸਬੰਧ ਵਿਚ ਉਸ ਨੂੰ ਮਹੀਨੇ ਵਿਚ ਕਈ ਕਈ ਵਾਰ ਸ਼ਹਿਰ ਜਾਣਾ ਪੈਂਦਾ, ਜਿਥੋਂ ਉਹ ਰਾਤ ਨੂੰ ਆਮ ਤੌਰ ਤੇ ਲੇਟ ਹੀ ਵਾਪਿਸ ਪਰਤਦਾ। ਆਪਣੀ ਡਿਊਟੀ ਦੇ ਰੁਝੇਵਿਆਂ ਕਾਰਣ ਕਈ ਵਾਰ ਉਸ ਨੂੰ ਉਨੀਂਦਰੇ ਦਾ ਸ਼ਿਕਾਰ ਵੀ ਹੋਣਾ ਪੈਂਦਾ।

ਇਕ ਐਤਵਾਰ ਨੂੰ ਸਵੇਰੇ-ਸਵੇਰੇ ਨਾਸ਼ਤੇ ਤੋਂ ਬਾਅਦ ਉਹ ਨੀਂਦ ਪੂਰੀ ਕਰਨ ਦਾ ਪ੍ਰੋਗਰਾਮ ਬਣਾਉਣ ਲੱਗਿਆ, ਪਰ ਸ਼ਾਇਦ ਉਸ ਦਿਨ ਸੌਣਾ ਉਸ ਦੀ ਕਿਸਮਤ ਵਿਚ ਨਹੀਂ ਸੀ। ਅਜੇ ਅੱਠ ਨਹੀਂ ਸਨ ਵੱਜੇ ਕਿ ਕੰਮ ਵਾਲੇ ਲੋਕਾਂ ਨੇ ਫੇਰੇ ਮਾਰਨੇ ਸ਼ੁਰੂ ਕਰ ਦਿਤੇ। ਉਹ ਅਜੇ ਪਹਿਲੇ ਆਦਮੀ ਨਾਲ ਗੱਲ ਕਰ ਰਿਹਾ ਹੁੰਦਾ ਕਿ ਦੂਸਰਾ ਆਦਮੀ ਹੋਰ ਆ ਜਾਂਦਾ। ਇਹ ਸਿਲਸਿਲਾ ਚਲਦਾ ਗਿਆ। ਜੇਬ ਗਰਮ ਹੁੰਦੀ ਦੇਖਕੇ ਪਹਿਲਾਂ ਤਾਂ ਪਟਵਾਰੀ ਸਾਹਿਬ ਨੇ ਕੋਈ ਖ਼ਿਆਲ ਨਾ ਕੀਤਾ ਪਰ ਜਦੋਂ ਟਾਈਮ ਦੇਖਿਆ ਤਾਂ ਇਕ ਵੱਜ ਚੁੱਕਾ ਸੀ। ਉਸ ਨੇ ਕੋਲ ਬੈਠੇ ਲੋਕਾਂ ਤੋਂ ਰੋਟੀ ਖਾਣ ਦੀ ਛੁੱਟੀ ਲਈ ਤੇ ਉਨ੍ਹਾਂ ਨੂੰ ਜਲਦੀ-ਜਲਦੀ ਤੋਰ ਦਿਤਾ। ਰੋਟੀ ਖਾਂਦਿਆਂ-ਖਾਂਦਿਆਂ ਸੋਚਣ ਲੱਗਿਆ ਕਿ 'ਅੱਜ ਤਾਂ ਭੋਰਾ ਵੀ ਅੱਖ ਨਹੀਂ ਲਾਕੇ ਦੇਖੀ, ਚਲੋ ਹੁਣ ਇਕ ਅੱਧ ਘੰਟਾ ਸੌਂ ਹੀ ਲਈਏ' ਪਰ ਦੂਜੇ ਹੀ ਪਲ ਉਸ ਨੂੰ ਆਪਣੀ ਇਹ ਇੱਛਾ ਪੂਰੀ ਹੁੰਦੀ ਨਾ ਜਾਪੀ ਕਿਉਂਕਿ ਉਸ ਨੂੰ ਡਰ ਸੀ ਕਿ ਕੋਈ ਹੋਰ ਮਿਲਣ ਵਾਲਾ ਨਾ ਆ ਜਾਵੇ।

ਇਸ ਮੁਸੀਬਤ ਤੋਂ ਬਚਣ ਲਈ ਉਸ ਨੇ ਇਕ ਤਰਕੀਬ ਸੋਚੀ ਜਿਸ ਮੁਤਾਬਿਕ ਆਪਣੇ ਇਕਲੋਤੇ ਬੇਟੇ ਸਤੀਸ਼ ਨੂੰ ਕਿਹਾ 'ਜਾਹ ਬੇਟਾ, ਥੋੜ੍ਹੀ ਦੇਰ ਲਈ ਆਪਣੇ ਦੋਸਤਾਂ ਨਾਲ ਗਲੀ ਵਿਚ ਖੇਡ ਲੈ। ਸ਼ਾਮ ਨੂੰ ਚਾਹ ਮੌਕੇ ਆ ਜਾਵੀਂ'। ਫਿਰ ਆਪਣੀ ਘਰ ਵਾਲੀ ਨੂੰ ਕਹਿਣ ਲਗਾ 'ਤੂੰ ਵਿਹੜੇ ਵਿਚ ਬੈਠਕੇ ਆਪਣਾ ਕੰਮ ਕਰ। ਮੈਂ ਅੰਦਰ ਪੈ ਰਿਹਾ ਹਾਂ, ਤੂੰ ਬਾਹਰੋਂ ਕੁੰਡਾ ਮਾਰਦੇ। ਜੇਕਰ ਕੋਈ ਮਿਲਣ ਵਾਲਾ ਆ ਵੀ ਜਾਵੇ ਤਾਂ ਕਹਿ ਦੇਵੀਂ ਕਿ ਉਹ ਘਰੇ ਨਹੀਂ ਹਨ'। ਸਤੀਸ਼ ਬਾਹਰ ਖੇਡਣ ਚਲਾ ਗਿਆ। ਕਿਸ਼ੋਰੀ ਲਾਲ ਅੰਦਰ ਪੈ ਗਿਆ ਤੇ ਉਸ ਦੀ ਪਤਨੀ ਨੇ ਬਾਹਰੋਂ ਕੁੰਡਾ ਲਾ ਦਿੱਤਾ।

ਅਜੇ ਇਸ ਗੱਲ ਨੂੰ ਅੱਧਾ ਘੰਟਾ ਵੀ ਨਹੀਂ ਸੀ ਹੋਇਆ ਕਿ ਇਕ ਆਦਮੀ ਉਨ੍ਹਾਂ ਦੀ ਗਲੀ ਵਿਚ ਆਇਆ। ਉਸ ਨੇ ਗਲੀ ਵਿਚ ਖੇਡ ਰਹੇ ਬੱਚਿਆਂ ਤੋਂ ਕਿਸ਼ੋਰੀ ਲਾਲ ਪਟਵਾਰੀ ਦਾ ਘਰ ਪੁੱਛਿਆ। ਸਤੀਸ਼ ਵੀ ਉਨ੍ਹਾਂ ਬੱਚਿਆਂ ਵਿਚ ਖੇਡ ਰਿਹਾ ਸੀ, ਸਤੀਸ਼ ਨੇ ਉਸ ਆਦਮੀ ਨੂੰ ਆਪਣੇ ਘਰ ਬਾਰੇ ਦੱਸ ਦਿੱਤਾ। ਉਹ ਆਦਮੀ ਕਿਸ਼ੋਰੀ ਲਾਲ ਦੇ ਘਰ ਗਿਆ ਤੇ ਉਸ ਨੂੰ ਆਵਾਜ਼ ਦਿੱਤੀ। ਮਿਥੇ ਹੋਏ ਪ੍ਰੋਗਰਾਮ ਅਨੁਸਾਰ ਪਟਵਾਰੀ ਦੀ ਪਤਨੀ ਨੇ ਉਸ ਆਦਮੀ ਨੂੰ ਦੱਸ ਦਿੱਤਾ ਕਿ ਉਹ ਘਰੇ ਨਹੀਂ ਹੈ। ਅਜਨਬੀ ਇਹ ਗੱਲ ਸੁਣਕੇ ਵਾਪਿਸ ਚਲਾ ਗਿਆ। ਜਦੋਂ ਉਹ ਦੁਬਾਰਾ ਸਤੀਸ਼ ਹੋਰਾਂ ਕੋਲੋਂ ਲੰਘਣ ਲਗਾ ਤਾਂ ਸਤੀਸ਼ ਨੇ ਬਿਨਾ ਮਤਲਬ ਹੀ ਪੁੱਛ ਲਿਆ 'ਕੀ ਗੱਲ ਅੰਕਲ, ਐਨੀ ਜਲਦੀ ਮੁੜ ਚਲੇ'। ਉਸ ਅਜਨਬੀ ਨੇ ਦਸਿਆ ਕਿ ਪਟਵਾਰੀ ਸਾਹਿਬ ਘਰੇ ਨਹੀਂ ਹਨ। ਸਤੀਸ਼ ਨੂੰ ਆਪਣੇ ਪਿਤਾ ਜੀ ਦੇ ਪ੍ਰੋਗਰਾਮ ਦਾ ਪਤਾ ਨਹੀਂ ਸੀ, ਇਸ ਲਈ ਉਸ ਨੇ ਕਿਹਾ 'ਨਹੀਂ ਅੰਕਲ, ਉਹ ਘਰੇ ਹੀ ਹਨ ਤੇ ਬੈਠਕ ਵਿੱਚ ਪਏ ਹਨ ਅੰਦਰ ਜਾਕੇ ਮਿਲ ਲਵੋ'। ਅਜਨਬੀ ਹੈਰਾਨ ਸੀ ਕਿ ਪਟਵਾਰੀ ਦੀ ਪਤਨੀ ਸੱਚੀ ਹੈ ਜਾਂ ਇਹ ਬੱਚਾ? ਉਸ ਨੂੰ ਪੁੱਛਣ ਤੇ ਪਤਾ ਲੱਗਾ ਕਿ ਸਤੀਸ਼ ਕਿਸ਼ੋਰੀ ਲਾਲ ਦਾ ਹੀ ਲੜਕਾ ਹੈ ਤਾਂ ਉਸ ਨੂੰ ਉਸ ਦੀ ਗੱਲ ਸੱਚੀ ਜਾਪੀ।

ਅਜਨਬੀ ਫਿਰ ਉਨ੍ਹਾਂ ਦੇ ਘਰ ਗਿਆ ਤੇ ਕਹਿਣ ਲੱਗਾ 'ਭੈਣ ਜੀ, ਮੈਂ ਬਹੁਤ ਹੀ ਦੂਰੋਂ ਆਇਆ ਹਾਂ। ਮੈਨੂੰ ਤੁਹਾਡੇ ਹੀ ਕਾਕੇ ਤੋਂ ਪਤਾ ਲੱਗਾ ਹੈ ਕਿ ਪਟਵਾਰੀ ਸਾਹਿਬ ਅੰਦਰ ਕਮਰੇ ਵਿਚ ਆਰਾਮ ਕਰ ਰਹੇ ਹਨ। ਕ੍ਰਿਪਾ ਕਰਕੇ ਉਨ੍ਹਾਂ ਨੂੰ ਬਾਹਰ ਬੁਲਾ ਦਿਉ, ਮੈਂ ਜ਼ਰੂਰੀ ਮਿਲਣਾ ਹੈ'। ਇਹ ਗੱਲ ਸੁਣਕੇ ਕਿਸ਼ੋਰੀ ਲਾਲ ਦੀ ਪਤਨੀ ਨੇ ਉਸ ਵਿਅਕਤੀ ਨੂੰ ਕਿਹਾ ਕਿ ਉਹ ਆਪੇ ਹੀ ਦਰਵਾਜ਼ਾ ਖੋਲ੍ਹਕੇ ਅੰਦਰ ਜਾ ਕੇ ਮਿਲ ਲਵੇ। ਅਜਨਬੀ ਨੇ ਦਰਵਾਜ਼ਾ ਖੋਲ੍ਹਿਆ ਤੇ ਖੜਕਾ ਹੁੰਦੇ ਸਾਰ ਹੀ ਕਿਸ਼ੋਰੀ ਲਾਲ ਉਠ ਬੈਠਾ। ਉਸ ਨੇ ਅਜੇ ਅੱਧਾ ਕੁ ਘੰਟਾ ਹੀ ਨੀਂਦ ਦਾ ਆਨੰਦ ਮਾਣਿਆ ਸੀ। ਉਹ ਦਿਲੋਂ ਤਾਂ ਬੜਾ ਖਿਝਿਆ ਪਰ ਘਰ ਆਏ ਨੂੰ ਝਿੜਕ ਕੇ ਬਾਹਰ ਕੱਢਣ ਤੋਂ ਵੀ ਅਸਮਰੱਥ ਸੀ। ਸੋ ਉਸ ਨੇ ਉਸ ਆਦਮੀ ਨਾਲ ਜਲਦੀ ਜਲਦੀ ਗੱਲ ਕਰਕੇ ਉਸ ਨੂੰ ਤੋਰ ਦਿੱਤਾ। ਉਸ ਦੇ ਜਾਣ ਪਿਛੋਂ ਉਹ ਆਪਣੀ ਘਰ ਵਾਲੀ ਨੂੰ ਘੁਰਕੀ ਲੈਕੇ ਪਿਆ ਪਰ ਉਸ ਦੀ ਸ੍ਰੀਮਤੀ ਦਾ ਜੁਆਬ ਸੀ 'ਜੀ ਤੁਹਾਡੇ ਲਾਡਲੇ ਦੀ ਮਿਹਰਬਾਨੀ ਹੈ, ਮੈਨੂੰ ਸਿਆਣੀ-ਬਿਆਣੀ ਨੂੰ ਝੂਠੀ ਬਣਾਇਆ। ਆਪ ਤਾਂ ਅੰਦਰ ਪਏ ਰਹੇ, ਮੈਨੂੰ ਬੇਸ਼ਰਮੀ ਦਾ ਥਾਂ ਬਣਾ ਦਿੱਤਾ। ਉਸ ਨੇ ਹੀ ਦੱਸਿਆ ਹੈ ਕਿ ਜਨਾਬ ਅੰਦਰ ਪਏ ਹੋਏ ਹਨ'। ਇਹ ਸੁਣਦੇ ਸਾਰ ਹੀ ਕਿਸ਼ੋਰੀ ਲਾਲ ਦਾ ਪਾਰਾ ਇਕ ਦਮ ਚੜ੍ਹ ਗਿਆ। ਉਸ ਨੇ ਆਪਣੇ ਘਰ ਅਗੋਂ ਲੰਘ ਰਹੇ ਇਕ ਬੱਚੇ ਰਾਹੀਂ ਸਤੀਸ਼ ਨੂੰ ਘਰ ਆਉਣ ਦਾ ਸੁਨੇਹਾ ਭੇਜਿਆ।

ਸਤੀਸ਼ ਸੁਨੇਹਾ ਮਿਲਦੇ ਹੀ ਘਰ ਵੱਲ ਨੂੰ ਦੌੜਿਆ। ਉਹ ਸੋਚ ਰਿਹਾ ਸੀ ਕਿ ਉਸ ਆਦਮੀ ਦੇ ਆਉਣ ਕਰਕੇ ਚਾਹ ਬਣੀ ਹੋਵੇਗੀ, ਇਸ ਲਈ ਉਸ ਨੂੰ ਚਾਹ ਪੀਣ ਵਾਸਤੇ ਹੀ ਬੁਲਾਇਆ ਹੋਵੇਗਾ ਪਰ ਵਿਚਾਰੇ ਨੂੰ ਕੀ ਪਤਾ ਸੀ ਕਿ ਘਰ ਪਹੁੰਚਣ ਤੇ ਉਸ ਨੂੰ ਕੋਈ ਹੋਰ ਹੀ ਚਾਹ ਮਿਲੇਗੀ। ਘਰ ਪਹੁੰਚਕੇ ਉਸ ਨੇ ਆਪਣੇ ਪਿਤਾ ਜੀ ਦੀਆਂ ਲਾਲ ਅੱਖਾਂ ਦੇਖੀਆਂ। ਕਿਸ਼ੋਰੀ ਲਾਲ ਨੇ ਗਰਜ਼ਕੇ ਪੁੱਛਿਆ 'ਨਲਾਇਕਾ, ਤੈਨੂੰ ਕਿਸ ਨੇ ਕਿਹਾ ਸੀ ਕਿ ਉਸ ਨੂੰ ਦੱਸ ਕਿ ਮੈਂ ਘਰੇ ਹਾਂ'। ਸਤੀਸ਼ ਨੇ ਖ਼ੁਸ਼ੀ ਅਨੁਭਵ ਕਰਦਿਆਂ ਭੋਲੇਪਣ ਨਾਲ ਕਿਹਾ, 'ਪਿਤਾ ਜੀ ਮੈਂ ਝੂਠ ਤਾਂ ਨਹੀਂ ਬੋਲਿਆ, ਤੁਸੀਂ ਸੱਚਮੁਚ ਘਰੇ ਹੀ ਸੀ'। ਸਤੀਸ਼ ਦੇ ਐਨਾ ਕਹਿਣ ਦੀ ਦੇਰ ਸੀ ਕਿ ਇਕ ਕਾੜ੍ਹ ਕਰਦਾ ਥੱਪੜ ਸਤੀਸ਼ ਦੇ ਮੂੰਹ ਤੇ ਵੱਜਿਆ ਤੇ ਉਸ ਦੀ ਮਾਤਾ ਜੀ ਵਲੋਂ ਗਾਲ੍ਹਾਂ ਦੀ ਬੁਛਾੜ ਸ਼ੁਰੂ ਹੋ ਗਈ। ਸਤੀਸ਼ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਸ ਨੂੰ ਇਹ ਕਿਹੜੇ ਕਸੂਰ ਦੀ ਸਜਾ ਮਿਲ ਰਹੀ ਹੈ ਜਦਕਿ ਉਸ ਨੇ ਸਿਰਫ਼ ਸੱਚ ਹੀ ਬੋਲਿਆ ਸੀ। ਉਹ ਹੈਰਾਨ ਸੀ ਕਿ ਉਸ ਦੇ ਮਾਤਾ-ਪਿਤਾ ਜੀ ਹਮੇਸ਼ਾ ਹੀ ਉਸ ਨੂੰ ਸਮਝਾਉਂਦੇ ਰਹੇ ਹਨ ਕਿ ਸੱਚ ਬੋਲਣਾ ਚੰਗੇ ਬੱਚਿਆਂ ਦਾ ਕੰਮ ਹੈ। ਉਸ ਨੇ ਰੋਂਦਿਆਂ ਰੋਂਦਿਆਂ ਚਾਹ ਪੀਣ ਤੋਂ ਇਨਕਾਰ ਕਰ ਦਿੱਤਾ।

ਥੋੜ੍ਹੀ ਦੇਰ ਬਾਅਦ ਕਿਸ਼ੋਰੀ ਲਾਲ ਆਪਣੇ ਬੇਟੇ ਸਤੀਸ਼ ਨੂੰ ਬੁੱਕਲ ਵਿਚ ਲੈਕੇ ਮਨਾ ਰਿਹਾ ਸੀ ਤੇ ਬੜੇ ਪਿਆਰ ਨਾਲ ਸਮਝਾ ਰਿਹਾ ਸੀ 'ਬੇਟਾ, ਹਮੇਸ਼ਾ ਸੱਚ ਨਾਲ ਕੰਮ ਨਹੀਂ ਚਲਦੇ ਹੁੰਦੇ। ਜੀਵਨ ਰੂਪੀ ਗੱਡੀ ਨੂੰ ਆਪਣੇ ਢੰਗ ਨਾਲ ਚਲਾਉਣ ਲਈ ਕਦੇ ਕਦੇ ਝੂਠ ਦਾ ਸਹਾਰਾ ਵੀ ਲੈਣਾ ਪੈਂਦਾ ਹੈ'। •

## ਗ਼ਜ਼ਲਾਂ

ਉੱਡ ਗਈ ਸਾਂਝ ਮੁੱਹਬਤ ਕਿੱਧਰੇ।
ਦਿਸਦੀ ਨਾ ਉਹ ਚਾਹਤ ਕਿੱਧਰੇ।

ਇਕ ਚਿਹਰੇ 'ਤੇ ਸੌ ਸੌ ਚਿਹਰੇ,
ਭੁੱਲੇ ਰੱਖ ਸ਼ਨਾਖ਼ਤ ਕਿੱਧਰੇ।

ਹਰ ਸ਼ੈਅ ਪੈਸੇ ਨਾਲ ਮਿਲੇ ਪਰ,
ਮਿਲਦੀ ਨਹੀਂ ਸ਼ਰਾਫ਼ਤ ਕਿੱਧਰੇ।

ਹੋਇਆ ਹੈ ਸੰਜੀਦਾ ਬਚਪਨ,
ਨਾ ਕੋਈ ਕਰੇ ਸ਼ਰਾਰਤ ਕਿੱਧਰੇ।

ਛੱਜ, ਅਟੇਰਨ ਖੂਹ ਤੇ ਚਰਖਾ,
ਰੁਲ਼ਦੀ ਫਿਰੇ ਵਿਰਾਸਤ ਕਿਧਰੇ।

ਜਾਂ ਕੰਮ ਹੁੰਦੇ ਨਾਲ ਸ਼ਿਫ਼ਾਰਸ਼,
ਤੇ ਨੋਟਾ ਦੀ ਤਾਕਤ ਕਿਧਰੇ।

ਕੈਸਾ ਦੌਰ ਤਰੱਕੀ ਆਇਆ,
ਖੋ ਗਈ 'ਅਮਰ' ਲਿਆਕਤ ਕਿੱਧਰੇ।



• ਅਮਰਜੀਤ ਕੌਰ 'ਅਮਰ', ਮੋਬਾਈਲ : 95014-76265

ਫਾਸਲੇ ਦਿਲ ਦੇ ਮਿਟਾਵਾਂ ਕਿਸ ਤਰ੍ਹਾਂ?
ਦੀਪ ਪਿਆਰ ਦੇ ਜਗਾਵਾਂ ਕਿਸ ਤਰ੍ਹਾਂ।

ਤੋੜ ਕੇ ਬੰਦਸ਼ਾਂ ਦੀਆਂ ਹੱਦ ਬੰਦੀਆਂ,
ਨਾਲ ਰੂਹ ਦੇ ਰੂਹ ਮਿਲਾਵਾਂ ਕਿਸ ਤਰ੍ਹਾਂ?

ਰੌਸ਼ਨੀ ਦੀ ਲੋੜ ਹੈ 'ਨੇਰੇ ਨੂੰ ਪਰ,
ਦੀਪ ਮੈਂ ਖ਼ੁਦ ਨੂੰ ਬਣਾਵਾਂ ਕਿਸ ਤਰ੍ਹਾਂ?

ਬਲ ਰਹੇ ਨਫ਼ਰਤ ਦੇ ਦੀਵੇ ਚਹੁੰ-ਤਰਫ਼,
ਜੋਤ ਅਪਣੱਤ ਦੀ ਜਗਾਵਾਂ ਕਿਸ ਤਰ੍ਹਾਂ?

ਬੇ-ਮੁਰੱਵਤ ਖੁਸ਼ਕ ਮਾਰੂਥਲ ਦੇ ਵਿਚ,
ਵਹਿਣ ਹੰਝੂਆਂ ਦਾ ਵਹਾਵਾਂ ਕਿਸ ਤਰ੍ਹਾਂ।

ਸੋਚਦੀ ਹੈ ਰਾਤ-ਦਿਨ ਮਨਜੀਤ ਇਹ,
ਦਰਦ ਦੁਖੀਆਂ ਦਾ ਵੰਡਾਵਾਂ ਕਿਸ ਤਰ੍ਹਾਂ।



• ਮਨਜੀਤ ਕੌਰ ਅੰਬਾਲਵੀ, ਮੋਬਾਈਲ : 94162-71625

ਹੌਲੀ ਹੌਲੀ ਭੁੱਲਦਾ ਜਾਂਦਾ ਸੱਜਣ ਦਾ ਸਿਰਨਾਵਾਂ, ਕਿੱਧਰ ਜਾਵਾਂ।
ਕਾਸ਼ ਕਿਤੇ ਜੇ ਮੁੜ ਆ ਜਾਵੇ ਉਸ ਨੂੰ ਕੋਲ ਬਿਠਾਵਾਂ, ਗਲ਼ ਨਾਲ ਲਾਵਾਂ।

ਹਿਜ਼ਰ ਤਿਰੇ ਵਿਚ ਤੀਲਾ ਤੀਲਾ ਹੋਈ ਜਿੰਦ ਨਿਮਾਣੀ, ਇਹ ਮਰਜਾਣੀ,
ਕੋਠੇ ਚੜ੍ਹ ਕੇ ਨਿੱਤ ਉਡੀਕਾਂ ਨਾਲੇ ਔਸੀ ਪਾਵਾਂ, ਕਾਂਗ ਉਡਾਵਾਂ।

ਰੋਜ਼ੀ-ਰੋਟੀ ਖ਼ਾਤਿਰ ਤੋਰੇ ਹੱਥੀਂ ਰਾਜ ਦੁਲਾਰੇ, ਪੁੱਤਰ ਪਿਆਰੇ,
ਸੁੰਨੇ ਪਏ ਚੁਬਾਰੇ ਤੱਕ ਕੇ ਉੱਚੀ ਰੋਵਣ ਮਾਵਾਂ, ਕਰਨ ਦੁਆਵਾਂ।

ਜਿਸ ਥਾਂ ਸਾਂਝ ਮੁਹੱਬਤ ਵਾਲੇ ਹੱਸੇ ਉੱਚੀ ਹਾਸੇ, ਵਾਂਗ ਪਿਤਾਸੇ,
ਸਾਨੂੰ ਮਖ਼ਮਲ ਵਾਂਗੂੰ ਜਾਪਣ ਸੱਜਣ ਜੀ ਉਹ ਰਾਹਵਾਂ, ਜਦ ਵੀ ਜਾਵਾਂ।

ਪੱਥਰ ਉੱਤੇ ਲੀਕ ਬਣੇ ਨੇ ਕੀਤੇ ਸੀ ਜੋ ਵਾਅਦੇ, ਨਾਲ ਇਰਾਦੇ,
ਇਸ਼ਕ ਇਬਾਦਤ ਯਾਰ ਖ਼ੁਦਾ ਹੈ ਅਪਣੇ ਬੋਲ ਪੁਗਾਵਾਂ, ਧਰਮ ਨਿਭਾਵਾਂ।

ਅੱਖਰ ਅੱਖਰ ਚਾਨਣ ਵੰਡਣ ਸ਼ਬਦਾਂ ਵਿਚ ਖੁਸ਼ਬੋਈ, ਸੋਚ ਨਿਰੋਈ,
ਅੰਬਰ ਵਿਚੋਂ ਨੂਰ ਵਰਸਦਾ ਜਦ ਮੈਂ ਉੱਚੀ ਗਾਵਾਂ, ਇਹ ਕਵਿਤਾਵਾਂ।

ਖ਼ਾਬਾਂ ਦੇ ਵਿਚ ਆਣ ਖਲੋਵੇ ਮੇਰਾ ਦਿਲਬਰ ਜਾਨੀ, ਕਰ ਮਨਮਾਨੀ,
ਦਿਲ ਕਰਦਾ ਹੈ ਉਸ ਨੂੰ 'ਪੱਖੋ' ਪਲਕਾਂ ਹੇਠ ਬਿਠਾਵਾਂ, ਲੈਕੇ ਲਾਵਾਂ।।



• ਜਗਤਾਰ ਪੱਖੋ, ਮੋਬਾਈਲ : 94651-96946

ਮਿਲੀ ਇਹ ਹੋਂਦ ਵੱਡੀ ਹੈ, ਮਿਲੀ ਇਹ ਜਾਤ ਵੱਡੀ ਹੈ।
ਮੁਨੱਖਾ ਦੇਹ ਪ੍ਰਾਪਤੀ ਜੋ, ਮਿਲੀ ਇਹ ਦਾਤ ਵੱਡੀ ਹੈ।

ਬੁਰੇ ਕੰਮੀ ਨ ਰਚ-ਮਿਚ ਤੂੰ ਨ ਬਣ ਬਘਿਆੜ ਐ ਬੰਦੇ,
ਰਹੀਂ ਬੰਦਾ ਨ ਬਣ ਦਾਨਵ, ਤਿਰੀ ਔਕਾਤ ਵੱਡੀ ਹੈ।

ਮਿਲੀ ਹੈ ਅਕਲ ਤੈਨੂੰ, ਸੋਚ ਦੀ ਤੌਫ਼ੀਕ ਬਖ਼ਸ਼ੀ ਹੈ,
ਮਿਲੀ ਬੋਲੀ, ਮਿਲੀ ਦ੍ਰਿਸ਼ਟੀ, ਮਿਲੀ ਸੌਗਾਤ ਵੱਡੀ ਹੈ।

ਕਰੇਂ ਜੇ ਪਿਆਰ ਸਭ ਨੂੰ, ਸਭ ਮੁੱਹਬਤ ਕਰਨਗੇ ਤੈਨੂੰ,
ਨਹੀਂ ਨਿੱਕੀ, ਨਹੀਂ ਛੋਟੀ, ਬੜੀ ਇਹ ਬਾਤ ਵੱਡੀ ਹੈ।

ਬਿਨਸ ਜਾਣੀ ਪਤਾ ਕੀ ਦੇਹ ਤੇਰੀ ਕੀਮਤੀ ਕਦ ਇਹ,
ਸਮੇਂ ਨੇ ਨਿਗਲ ਜਾਣਾ ਸਭ, ਸਮੇਂ ਦੀ ਘਾਤ ਵੱਡੀ ਹੈ।

ਰਹੂ ਨੇਕੀ ਸਦਾ ਜਿਉਂਦੀ ਸਦਾ ਕੁਰਬਾਨੀਆਂ ਜਿਊਣਾ,
ਖੜੇ ਧੌਲਰ ਨਹੀਂ ਰਹਿਣੇ, ਨਹੀਂ ਇਹ ਧਾਤ ਵੱਡੀ ਹੈ।

ਉਠਾ ਕੇ ਤੁਰ ਮਸ਼ਾਲਾਂ 'ਮੂਰਤੀ' ਕਰ ਗਿਆਨ ਦਾ ਚਾਨਣ,
ਤਿਰੇ ਰਸਤੇ 'ਚ ਹਾਲੇ ਤਾਂ ਹਨੇਰੀ ਰਾਤ ਵੱਡੀ ਹੈ।



• ਡਾ. ਰਾਮ ਮੂਰਤੀ, ਮੋਬਾਈਲ : 97795-91765

ਸੱਜਣ ਕਹਿਰ ਕਮਾਉਂਦੇ ਵੇਖੇ, ਛੁਪ ਕੇ ਤੀਰ ਚਲਾਉਂਦੇ ਵੇਖੇ।
ਗਿਰਗਟ ਵਾਂਗੂ ਪਲਾਂ-ਛਿਨਾਂ ਵਿਚ, ਬਹੁਤੇ ਰੰਗ ਵਟਾਉਂਦੇ ਦੇਖੇ।

ਜਿਉਂਦੇ ਜੀਅ ਤਾਂ ਕਦਰ ਨਾ ਪਾਈ, ਬਾਅਦ ਮੌਤ ਦੇ ਧੂੰਮ-ਮਚਾਈ,
ਚਿਖਾ ਜਲਾਕੇ ਦੇਸੀ ਘਿਉ ਨਾਲ, ਪੂਜਾ ਪਾਠ ਕਰਾਉਂਦੇ ਵੇਖੇ।

ਜਿਹਨਾਂ ਦੇ ਸੀ ਬਹੁਤ ਸਹਾਰੇ, ਮਿੱਤਰ ਸੀ ਜੋ ਬੜੇ ਪਿਆਰੇ,
ਸਿਰ 'ਤੇ ਬਿਪਤਾ ਆਣ ਪਈ ਜਦ, ਉਹ ਵੀ ਪਿੱਠ ਦਿਖਾਉਂਦੇ ਵੇਖੇ।

ਕੋਈ ਨਾ ਆਖੇ ਮੈਂ ਹਾਂ ਭੁੱਲਾ, ਨੱਚ ਕੇ ਯਾਰ ਮਨਾ ਗਿਆ ਬੁੱਲ੍ਹਾ,
ਬੁੱਲ੍ਹੇ ਵਾਂਗੂ ਘੁੰਗਰੂ ਪਾ ਕੇ, ਹੁਣ ਨਾ ਯਾਰ ਮਨਾਉਂਦੇ ਦੇਖੇ।

ਬਣ ਗਏ ਕੁਝ ਕੌਮਾ ਦੇ ਮੋਹਰੀ, ਨਾਲ ਫ਼ਰੇਬ ਦੇ ਕਰਦੇ ਚੋਰੀ,
ਜਨਤਾ ਭੋਲੀ ਪਿੱਛੇ ਲਾ ਕੇ, ਲੋਭੀ ਨੋਟ ਕਮਾਉਂਦੇ ਵੇਖੇ।

ਧਰਮ ਦੇ ਨਾਂ 'ਤੇ ਵੰਡਾਂ ਪਾਵਣ, ਨੇਤਾ ਜਨਤਾ ਤਾਂਈ ਲੜਾਵਣ,
ਕੁਰਸੀ ਖ਼ਾਤਿਰ ਲਾਉਣ ਚੁਆਂਤੀ, ਬੁਝਦੀ ਅੱਗ ਜਲਾਉਂਦੇ ਵੇਖੇ।

ਦੁਨੀਆ ਧੋਖਾ ਰੰਗ ਤਮਾਸ਼ੇ, 'ਸ਼ੇਰਗਿਲ' ਸਭ ਝੂਠੇ ਹਾਸੇ,
ਕਿਸੇ ਦਾ ਕੋਈ ਮਾਤ ਨਹੀਂ ਹੈ, ਝੂਠੇ ਪਿਆਰ ਜਤਾਉਂਦੇ ਵੇਖੇ।



• ਗੁਰਵਿੰਦਰ ਸਿੰਘ ਸ਼ੇਰਗਿਲ, ਮੋਬਾਈਲ : 98728-78501

ਹਰਿਕ ਦਿਲ 'ਚ ਗ਼ਮ ਦਾ ਬਸੇਰਾ ਮਿਲੇਗਾ।
ਵਿਆਕੁਲ ਤੁਹਾਨੂੰ ਚੁਫ਼ੇਰਾ ਮਿਲੇਗਾ।

ਬੜੀ ਰੌਸ਼ਨੀ ਉਂਞ ਚੁਫ਼ੇਰੇ ਬਿਖੇਰਨ,
ਚਿਰਾਗ਼ਾਂ ਥੱਲੇ ਪਰ ਹਨੇਰਾ ਮਿਲੇਗਾ।

ਜਦੋਂ ਖ਼ਤਮ ਹੋਈ ਇਹ ਕੁਨਬਾ-ਪ੍ਰਸਤੀ,
ਫਿਰ ਅਹੁਦਾ ਹੁਨਰ ਨੂੰ ਉਚੇਰਾ ਮਿਲੇਗਾ।

ਅਦਾਕਾਰੀਆਂ ਦੀ ਮੁਹਾਰਤ ਨਾ ਮੈਨੂੰ,
ਸਦਾ ਇਕ ਜਿਹਾ ਰੂਪ ਮੇਰਾ ਮਿਲੇਗਾ।


ਮਿਲੇਗਾ ਨਾ ਕੋਈ ਨਿਭਾਵਣ ਲਈ ਪਰ,
ਦਿਲਾਸਾ ਹਰਿਕ ਤੋਂ ਬਥੇਰਾ ਮਿਲੇਗਾ।

ਹਕੂਮਤ ਸਦਾ ਨਾ ਹਨ੍ਹੇਰੇ ਦੀ ਰਹਿਣੀ,
ਕਦੇ ਨਾ ਕਦੇ ਤਾਂ ਸਵੇਰਾ ਮਿਲੇਗਾ।


ਇਹੋ ਸੋਚ ਕੇ ਬਸ ਰਿਹਾ ਭਟਕਦਾ ਮੈਂ,
ਕਦੇ ਤਾਂ ਕੋਈ ਰਾਹ ਦਸੇਰਾ ਮਿਲੇਗਾ।

• ਕੁਲਦੀਪ ਸਿੰਘ ਰੁਪਾਲ
ਮੋਬਾਈਲ :94174-56778


## ਪ੍ਰਾਪਤ ਪੁਸਤਕਾਂ



| | | | |
|---|---|---|---|
| ਪੁਸਤਕ | : ਪੰਜਾਬੀ ਗ਼ਜ਼ਲ... | | |
| ਸੰਪਾਦਕ | : ਰਾਜਿੰਦਰ ਬਿਮਲ, ਅਮਨ ਸੀ ਸਿੰਘ | | |
| ਪੰਨੇ | : 432 | ਮੁੱਲ | : 375/- |
| ਪ੍ਰਕਾਸ਼ਕ | : ਕੁਕਨੂਸ ਪ੍ਰਕਾਸ਼ਨ, ਜਲੰਧਰ। | | |



| | | | |
|---|---|---|---|
| ਪੁਸਤਕ | : ਪੰਜਾਬੀ ਬਾਲ ਸਾਹਿਤ ਤੇ ਬਲਜਿੰਦਰ ਮਾਨ | | |
| ਸੰਪਾਦਕ | : ਪ੍ਰੋ. ਜੇ. ਬੀ. ਸੇਖੋਂ, ਕਮਲਜੀਤ ਨੀਲੋਂ | | |
| ਪੰਨੇ | : 147 | ਮੁੱਲ | : 295/- |
| ਪ੍ਰਕਾਸ਼ਕ | : ਯੂਨੀਸਟਾਰ ਬੁਕਸ, ਚੰਡੀਗੜ੍ਹ। | | |



| | | | |
|---|---|---|---|
| ਪੁਸਤਕ | : ਦੁੱਖ ਡਾਰੋਂ ਵਿਛੜੀ ਕੂੰਜ ਦਾ | | |
| ਸੰਪਾਦਕ | : ਡ. ਕਾਬਲ ਸਿੰਘ ਸੰਧੂ | | |
| ਪੰਨੇ | : 136 | ਮੁੱਲ | : 180/- |
| ਪ੍ਰਕਾਸ਼ਕ | : ਸੰਭਾਵਨਾ ਪ੍ਰਕਾਸ਼ਨ, ਅੰਮ੍ਰਿਤਸਰ। | | |

# ਬਾਘਾ ਪੁਰਾਣਾ ਬਲਾਕ ਸੰਮਤੀ ਚੋਣ ਵਿਵਾਦ 'ਚ ਹਾਈਕੋਰਟ ਦਾ ਵੱਡਾ ਫੈਸਲਾ, 17 ਮਾਰਚ ਦੀ ਚੋਣ ਰੱਦ

**ਕੌਮੀ ਪਤ੍ਰਿਕਾ**

ਬਾਘਾ ਪੁਰਾਣਾ, 27 ਮਾਰਚ। ਬਾਘਾ ਪੁਰਾਣਾ ਬਲਾਕ ਸੰਮਤੀ ਦੇ ਚੇਅਰਮੈਨ ਅਤੇ ਉਪ ਚੇਅਰਮੈਨ ਦੀ ਚੋਣ ਦੌਰਾਨ ਹੋਈ ਕਥਿਤ ਧਾਂਦਲੀ ਦੇ ਮਾਮਲੇ



ਵਿੱਚ ਮਾਣਯੋਗ ਹਾਈਕੋਰਟ ਵੱਲੋਂ ਅਹਿਮ ਫੈਸਲਾ ਸੁਣਾਇਆ ਗਿਆ ਹੈ। ਅਦਾਲਤ ਨੇ 17 ਮਾਰਚ ਨੂੰ ਹੋਈ ਚੋਣ ਨੂੰ ਰੱਦ ਕਰਦਿਆਂ 28 ਮਾਰਚ ਨੂੰ ਮੁੜ ਚੋਣ ਕਰਵਾਉਣ ਦੇ ਹੁਕਮ ਜਾਰੀ ਕੀਤੇ ਹਨ। ਇਸ ਦੇ ਨਾਲ ਹੀ ਅਦਾਲਤ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਚੋਣ ਦੀ ਪੂਰੀ ਵੀਡੀਓਗ੍ਰਾਫੀ ਕਰਵਾਉਣ ਦੇ ਨਿਰਦੇਸ਼ ਵੀ ਦਿੱਤੇ ਹਨ, ਤਾਂ ਜੋ ਚੋਣ ਪ੍ਰਕਿਰਿਆ ਪੂਰੀ ਤਰ੍ਹਾਂ ਪਾਰਦਰਸ਼ੀ ਬਣਾਈ ਜਾ ਸਕੇ। ਇਹ ਮਾਮਲਾ ਉਸ ਸਮੇਂ ਚਰਚਾ ਵਿੱਚ ਆਇਆ ਸੀ ਜਦੋਂ ਸ਼?ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ ਵੱਲੋਂ ਸੱਤਾਧਾਰੀ ਪਾਰਟੀ 'ਤੇ ਚੋਣ ਦੌਰਾਨ ਧੱਕੇਸ਼ਾਹੀ ਅਤੇ ਗਲਤ ਤਰੀਕਿਆਂ ਨਾਲ ਚੋਣ ਕਰਵਾਉਣ ਦੇ ਦੋਸ਼ ਲਗਾਏ ਗਏ ਸਨ। ਇਸ ਦੇ ਮੱਦੇਨਜ਼ਰ ਜਥੇਦਾਰ ਮਾਹਲਾ ਨੇ ਮਾਣਯੋਗ ਹਾਈਕੋਰਟ ਦਾ ਰੁਖ ਕੀਤਾ ਸੀ, ਜਿਸ 'ਤੇ ਹੁਣ ਅਦਾਲਤ ਨੇ ਇਹ ਫੈਸਲਾ ਸੁਣਾਇਆ ਹੈ। ਦੂਜੇ ਪਾਸੇ, ਇਸ ਮਾਮਲੇ ਨੇ ਉਸ ਵੇਲੇ ਹੋਰ ਤੀਬਰ ਰੂਪ ਧਾਰ ਲਿਆ ਸੀ ਜਦੋਂ ਐਸ.ਡੀ.ਐਮ ਬਾਘਾ ਪੁਰਾਣਾ ਵੱਲੋਂ ਡਿਪਟੀ ਕਮਿਸ਼ਨਰ ਮੋਗਾ ਉੱਤੇ ਦਬਾਅ ਬਣਾ ਕੇ ਚੋਣ ਕਰਵਾਉਣ ਦੇ ਦੋਸ਼ ਲਗਾਉਂਦਿਆਂ ਚੀਫ ਸੈਕਟਰੀ ਨੂੰ ਸ਼ਿਕਾਇਤ ਭੇਜੀ ਗਈ ਸੀ। ਹਾਲਾਂਕਿ, ਇਸ ਸ਼ਿਕਾਇਤ ਦੀ ਕਾਪੀ ਲੀਕ ਹੋਣ ਦੇ ਮਾਮਲੇ ਵਿੱਚ ਅਦਾਲਤ ਵੱਲੋਂ ਐਸ.ਡੀ.ਐਮ ਨੂੰ ਫਟਕਾਰ ਵੀ ਲਗਾਈ ਗਈ ਹੈ। ਜ਼ਿਕਰਯੋਗ ਹੈ ਕਿ 17 ਮਾਰਚ ਨੂੰ ਚੋਣ ਦੇ ਦਿਨ ਹਲਕਾ ਵਿਧਾਇਕ ਵੱਲੋਂ ਆਪਣੇ ਤੌਰ 'ਤੇ ਚੇਅਰਮੈਨ ਅਤੇ ਉਪ ਚੇਅਰਮੈਨ ਦੀ ਚੋਣ ਕਰਕੇ ਉਨ੍ਹਾਂ ਨੂੰ ਹਾਰ ਤੱਕ ਪਾ ਦਿੱਤੇ ਗਏ ਸਨ ਪਰ ਕਿਸੇ ਵੀ ਅਧਿਕਾਰੀ ਵੱਲੋਂ ਇਸ ਚੋਣ ਦੀ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ ਸੀ। ਇਸ ਕਾਰਨ ਪੂਰਾ ਮਾਮਲਾ ਵਿਵਾਦਾਂ ਵਿੱਚ ਘਿਰ ਗਿਆ ਸੀ। ਇਸ ਸਬੰਧੀ ਗੱਲਬਾਤ ਕਰਦਿਆਂ ਜਥੇਦਾਰ ਤੀਰਥ ਸਿੰਘ ਮਾਹਲਾ ਨੇ ਕਿਹਾ ਕਿ ਮਾਣਯੋਗ ਅਦਾਲਤ ਦੇ ਫੈਸਲੇ ਨਾਲ ਸੱਚ ਦੀ ਜਿੱਤ ਹੋਈ ਹੈ। ਉਨ੍ਹਾਂ ਕਿਹਾ ਕਿ ਹੁਣ 28 ਮਾਰਚ ਨੂੰ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਚੋਣ ਹੋਵੇਗੀ ਅਤੇ ਲੋਕਤੰਤਰ ਦੀ ਮਰਿਆਦਾ ਕਾਇਮ ਰਹੇਗੀ। ਇਸ ਫੈਸਲੇ ਤੋਂ ਬਾਅਦ ਇਲਾਕੇ ਦੀ ਸਿਆਸਤ ਇਕ ਵਾਰ ਫਿਰ ਗਰਮਾ ਗਈ ਹੈ ਅਤੇ ਸਾਰੇ ਧਿਰਾਂ ਦੀ ਨਿਗਾਹ ਹੁਣ 28 ਮਾਰਚ ਨੂੰ ਹੋਣ ਵਾਲੀ ਚੋਣ 'ਤੇ ਟਿਕ ਗਈ ਹੈ।

## ਅਣਪਛਾਤੇ ਟਰੇਲਰ ਨੇ ਮੋਟਰਸਾਈਕਲ ਸਵਾਰ ਨੂੰ ਕੁਚਲਿਆ

ਨੈਸ਼ਨਲ ਡੈਸਕ 27 ਮਾਰਚ। ਉੱਤਰ ਪ੍ਰਦੇਸ਼ ਦੇ ਸੁਲਤਾਨਪੁਰ ਜ਼ਿਲ੍ਹੇ ਵਿੱਚ ਇੱਕ ਬਹੁਤ ਹੀ ਦਰਦਨਾਕ ਸੜਕ ਹਾਦਸਾ ਵਾਪਰਨ ਦੀ ਖ਼ਬਰ ਸਾਹਮਣੇ ਆਈ ਹੈ। ਕਾਦੀਪੁਰ ਕੋਤਵਾਲੀ ਖੇਤਰ ਵਿੱਚ ਇੱਕ ਅਣਪਛਾਤੇ ਟ?ਰੇਲਰ ਨੇ ਮੋਟਰਸਾਈਕਲ ਸਵਾਰ ਨੂੰ ਇੰਨੀ ਜ਼ੋਰਦਾਰ ਟੱਕਰ ਮਾਰੀ ਕਿ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਟ?ਰੇਲਰ ਦਾ ਟਾਇਰ ਸਿਰ ਉੱਪਰੋਂ ਲੰਘ ਜਾਣ ਕਾਰਨ ਨੌਜਵਾਨ ਦਾ ਸਿਰ ਧੜ ਤੋਂ ਵੱਖ ਹੋ ਗਿਆ। ਮ੍ਰਿਤਕ ਦੀ ਪਛਾਣ ਦੇਵੇਸ਼ ਕੁਮਾਰ (40), ਨਿਵਾਸੀ ਗੋਪਾਲਪੁਰ ਨਮਾਜ਼ਗੜ੍ਹ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਦੇਵੇਸ਼ ਬੁੱਧਵਾਰ ਸ਼ਾਮ ਨੂੰ ਆਪਣੇ ਮੋਟਰਸਾਈਕਲ 'ਤੇ ਸੁਲਤਾਨਪੁਰ ਵੱਲ ਜਾ ਰਿਹਾ ਸੀ। ਜਦੋਂ ਉਹ ਪਦਾਰਥਪੁਰ ਉਪਾਧਿਆਏ ਨੇੜੇ ਇੱਕ ਮੋੜ 'ਤੇ ਪਹੁੰਚਿਆ, ਤਾਂ ਸਾਹਮਣੇ ਤੋਂ ਆ ਰਹੇ ਇੱਕ ਤੇਜ਼ ਰਫ਼ਤਾਰ ਅਣਪਛਾਤੇ ਟ?ਰੇਲਰ ਨੇ ਉਸ ਦੇ ਮੋਟਰਸਾਈਕਲ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਕੋਤਵਾਲੀ ਇੰਚਾਰਜ ਸ਼ਿਆਮ ਸੁੰਦਰ ਨੇ ਦੱਸਿਆ ਕਿ ਟੱਕਰ ਇੰਨੀ ਜ਼ਬਰਦਸਤ ਸੀ ਕਿ ਨੌਜਵਾਨ ਸੜਕ 'ਤੇ ਡਿੱਗ ਗਿਆ ਅਤੇ ਟ?ਰੇਲਰ ਦਾ ਟਾਇਰ ਉਸ ਦੇ ਸਿਰ ਨੂੰ ਕੁਚਲਦਾ ਹੋਇਆ ਲੰਘ ਗਿਆ। ਮ੍ਰਿਤਕ ਦੀ ਪਛਾਣ ਉਸ ਦੀ ਜੇਬ ਵਿੱਚੋਂ ਮਿਲੇ ਆਧਾਰ ਕਾਰਡ ਰਾਹੀਂ ਕੀਤੀ ਗਈ ਹੈ। ਸਥਾਨਕ ਲੋਕਾਂ ਵੱਲੋਂ ਸੂਚਨਾ ਮਿਲਣ 'ਤੇ ਪੁਲਿਸ ਤੁਰੰਤ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਟੱਕਰ ਮਾਰਨ ਵਾਲੇ ਵਾਹਨ ਦੀ ਭਾਲ ਜਾਰੀ ਹੈ।

## ਗੋਦਾਵਰੀ ਨਦੀ 'ਚ 5 ਇੰਜੀਨੀਅਰਿੰਗ ਵਿਦਿਆਰਥੀ ਡੁੱਬੇ, 3 ਲਾਸ਼ਾਂ ਬਰਾਮਦ ਤੇ 2 ਲਾਪਤਾ

ਪੋਲਾਵਰਮ/ਭਦਰਚਲਮ 27 ਮਾਰਚ। ਆਂਧਰਾ ਪ੍ਰਦੇਸ਼-ਤੇਲੰਗਾਨਾ ਸਰਹੱਦ 'ਤੇ ਸਥਿਤ ਪੋਲਾਵਰਮ ਜ਼ਿਲ੍ਹੇ ਦੇ ਏਟਾਪਾਕਾ ਮੰਡਲ ਵਿੱਚ ਸ਼ੁੱਕਰਵਾਰ ਨੂੰ ਇੱਕ ਬੇਹੱਦ ਮੰਦਭਾਗਾ ਹਾਦਸਾ ਵਾਪਰਿਆ ਹੈ। ਇੱਥੇ ਪੁਰਸ਼ੋਤਮਪਟਨਮ ਰੇਵੂ (ਘਾਟ) ਦੇ ਕੋਲ ਗੋਦਾਵਰੀ ਨਦੀ ਵਿੱਚ ਨਹਾਉਣ ਗਏ ਇੱਕ ਨਿੱਜੀ ਯੂਨੀਵਰਸਿਟੀ ਦੇ ਪੰਜ ਇੰਜੀਨੀਅਰਿੰਗ ਵਿਦਿਆਰਥੀ ਡੁੱਬ ਗਏ। ਪੁਲਸ ਮੁਤਾਬਕ ਹੁਣ ਤੱਕ ਤਿੰਨ ਵਿਦਿਆਰਥੀਆਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ, ਜਦਕਿ ਦੋ ਹੋਰ ਅਜੇ ਵੀ ਲਾਪਤਾ ਹਨ। ਜਾਣਕਾਰੀ ਅਨੁਸਾਰ,



SRM ਯੂਨੀਵਰਸਿਟੀ ਵਿੱਚ ਬੀ-ਟੈਕ ਦੂਜੇ ਸਾਲ ਦੀ ਪੜ੍ਹਾਈ ਕਰ ਰਹੇ 7 ਵਿਦਿਆਰਥੀਆਂ ਦਾ ਇੱਕ ਸਮੂਹ ਘੁੰਮਣ ਲਈ ਇੱਕ ਮੰਦਰ ਵਿੱਚ ਗਿਆ ਸੀ। ਮੰਦਰ ਵਿੱਚ ਦਰਸ਼ਨ ਕਰਨ ਤੋਂ ਬਾਅਦ, ਉਹ ਨਦੀ ਵਿੱਚ ਡੁਬਕੀ ਲਗਾਉਣ ਲਈ ਚਲੇ ਗਏ। ਉਨ੍ਹਾਂ ਨੇ ਆਪਣੀ ਕਾਰ ਨਦੀ ਦੇ ਕਿਨਾਰੇ ਖੜ੍ਹੀ ਕੀਤੀ ਅਤੇ ਪਾਣੀ ਵਿੱਚ ਉਤਰ ਗਏ। ਪੋਲਾਵਰਮ ਦੇ ਡਿਪਟੀ DSP ਐਮ. ਵੈਂਕਟੇਸ਼ਵਰ ਨੇ ਦੱਸਿਆ ਕਿ ਵਿਦਿਆਰਥੀ ਇਹ ਸੋਚ ਕੇ ਨਦੀ ਵਿੱਚ ਉਤਰੇ ਸਨ ਕਿ ਪਾਣੀ ਘੱਟ ਡੂੰਘਾ ਹੋਵੇਗਾ, ਪਰ ਉਹ ਨਦੀ ਦੀ ਮੌਜੂਦਾ ਸਥਿਤੀ ਤੋਂ ਅਣਜਾਣ ਸਨ। ਪੰਜ ਵਿਦਿਆਰਥੀ ਨਦੀ ਦੇ ਤੇਜ਼ ਵਹਾਅ ਅਤੇ ਭੰਵਰ ਵਿੱਚ ਫਸ ਗਏ। ਇਨ੍ਹਾਂ ਵਿੱਚੋਂ ਦੋ ਵਿਦਿਆਰਥੀ, ਦੀਪਕ ਅਤੇ ਹਰਸ਼ਾ, ਤੈਰਨਾ ਜਾਣਦੇ ਹੋਣ ਕਾਰਨ ਕਿਨਾਰੇ ਤੱਕ ਪਹੁੰਚਣ ਵਿੱਚ ਸਫਲ ਰਹੇ ਅਤੇ ਆਪਣੀ ਜਾਨ ਬਚਾ ਲਈ। ਸਥਾਨਕ ਲੋਕਾਂ ਅਤੇ ਮਾਹਰ ਗੋਤਾਖੋਰਾਂ ਦੀ ਮਦਦ ਨਾਲ ਅਭਿਰਾਮ, ਸ਼੍ਰੀਕਰ ਅਤੇ ਨਵਦੀਪ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਜਦਕਿ ਸਤੀਸ਼ ਕੁਮਾਰ ਅਤੇ ਤੇਜਾ ਦੀ ਭਾਲ ਲਈ ਸਰਚ ਆਪ੍ਰੇਸ਼ਨ ਅਜੇ ਵੀ ਜਾਰੀ ਹੈ। ਮ੍ਰਿਤਕ ਵਿਦਿਆਰਥੀ ਭਦਰਚਲਮ ਅਤੇ ਮਦਨਪੱਲੇ ਦੇ ਰਹਿਣ ਵਾਲੇ ਦੱਸੇ ਜਾ ਰਹੇ ਹਨ। ਘਟਨਾ ਦੀ ਗੰਭੀਰਤਾ ਨੂੰ ਦੇਖਦੇ ਹੋਏ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਲਾਪਤਾ ਵਿਦਿਆਰਥੀਆਂ ਦੀ ਭਾਲ ਲਈ ਚੱਲ ਰਹੀ ਮੁਹਿੰਮ ਨੂੰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ ਹਨ।

## ਠੱਗੀ ਦਾ ਅਨੋਖਾ ਤਰੀਕਾ ! ਮਦਦ ਦੇ ਨਾਂ 'ਤੇ ਸੋਨੇ ਦੀ ਮੁੰਦਰੀ ਤੇ ਨਕਦੀ ਲੈ ਕੇ 5 ਠੱਗ ਫਰਾਰ

ਹਾਜੀਪੁਰ 27 ਮਾਰਚ। ਹਾਜੀਪੁਰ ਵਿਖੇ ਅੱਜ ਦਿਨ-ਦਿਹਾੜੇ ਠੱਗੀ ਮਾਰਨ ਦਾ ਇਕ ਅਨੋਖਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇਕ ਗੱਡੀ ਵਿੱਚ ਸਵਾਰ ਹੋ ਕੇ ਆਏ ਪੰਜ ਵਿਅਕਤੀਆਂ ਨੇ ਇਕ ਮਹਿਲਾ ਨੂੰ ਆਪਣੀ ਚਲਾਕੀ ਦਾ ਸ਼ਿਕਾਰ ਬਣਾਉਂਦੇ ਹੋਏ ਉਸ ਕੋਲੋਂ ਸੋਨੇ ਦੀ ਮੁੰਦਰੀ, ਕੱਪੜੇ ਅਤੇ ਨਕਦੀ ਲੈ ਕੇ ਰਫੂ-ਚੱਕਰ ਹੋ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਘਟਨਾ ਅੱਜ ਸਵੇਰੇ ਕਰੀਬ ਸਾਢੇ 10 ਵਜੇ ਹਾਜੀਪੁਰ ਦੀ ਪਾਵਰ ਕਾਲੋਨੀ ਵਿਖੇ ਵਾਪਰੀ। ਇਕ ਗੱਡੀ ਵਿੱਚ ਸਵਾਰ ਹੋ ਕੇ ਆਏ 5 ਵਿਅਕਤੀਆਂ ਨੇ ਕਾਲੋਨੀ 'ਚ ਅਨਾਊਂਸਮੈਂਟ ਕੀਤੀ ਕਿ ਉਹ ਇਕ ਅਨਾਥ ਆਸ਼ਰਮ ਤੋਂ ਆਏ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਲੋੜਵੰਦ ਲੜਕੀਆਂ ਦੇ ਵਿਆਹ ਲਈ ਕੱਪੜੇ ਅਤੇ ਨਕਦੀ ਦਾਨ ਕਰਨ। ਇਨ੍ਹਾਂ 5 ਵਿਅਕਤੀਆਂ ਵਿੱਚੋਂ ਦੋ ਜਣੇ ਕਾਲੋਨੀ ਨਿਵਾਸੀ ਰਮਨ ਬਾਲਾ ਪਤਨੀ ਨਵਦੀਪ ਸਿੰਘ ਦੇ ਘਰ ਅੰਦਰ ਦਾਖ਼ਲ ਹੋਏ ਅਤੇ ਮਦਦ ਦੀ ਮੰਗ ਕੀਤੀ। ਦੱਸਿਆ ਜਾ ਰਿਹਾ ਹੈ ਕਿ ਉਕਤ ਵਿਅਕਤੀਆਂ ਨੇ ਰਮਨ ਬਾਲਾ ਨੂੰ ਕੋਈ ਨਸ਼ੀਲੀ ਚੀਜ਼ ਸੁੰਘਾ ਦਿੱਤੀ, ਜਿਸ ਤੋਂ ਬਾਅਦ ਉਹ ਬੇਸੁਧ ਹੋ ਗਈ। ਇਸ ਦਾ ਫਾਇਦਾ ਉਠਾਉਂਦੇ ਹੋਏ ਠੱਗ ਉਸ ਕੋਲੋਂ ਇਕ ਸੋਨੇ ਦੀ ਮੁੰਦਰੀ, ਇਕ ਸੂਟ ਅਤੇ 1100 ਰੁਪਏ ਨਕਦੀ ਲੈ ਕੇ ਫਰਾਰ ਹੋ ਗਏ। ਇਹ ਸਾਰੀ ਘਟਨਾ ਸੀ. ਸੀ. ਟੀ. ਵੀ. ਕੈਮਰਿਆਂ ਵਿੱਚ ਕੈਦ ਹੋ ਗਈ ਹੈ। ਪੀੜਤ ਪਰਿਵਾਰ ਵੱਲੋਂ ਘਟਨਾ ਦੀ ਸੂਚਨਾ ਤੁਰੰਤ ਪੁਲਸ ਨੂੰ ਦੇ ਦਿੱਤੀ ਗਈ ਹੈ। ਨਵਦੀਪ ਸਿੰਘ ਨੇ ਐਸ. ਐਸ. ਪੀ. ਹੁਸ਼ਿਆਰਪੁਰ ਤੋਂ ਮੰਗ ਕੀਤੀ ਹੈ ਕਿ ਸੀ. ਸੀ. ਟੀ. ਵੀ. ਫੁਟੇਜ ਦੇ ਅਧਾਰ 'ਤੇ ਇਨ੍ਹਾਂ ਠੱਗਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਤੁਰੰਤ ਕਾਬੂ ਕੀਤਾ ਜਾਵੇ ਅਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਇਲਾਕੇ ਵਿੱਚ ਅਜਿਹੀਆਂ ਘਟਨਾਵਾਂ ਨੂੰ ਨੱਥ ਪਾਈ ਜਾ ਸਕੇ।

### ਜਲੰਧਰ ਵਿਖੇ ਖੇਤਾਂ 'ਚੋਂ ਮਿਲੀ ਨੌਜਵਾਨ ਦੀ ਲਾਸ਼

ਜਲੰਧਰ 27 ਮਾਰਚ। ਜਲੰਧਰ ਵਿਚ ਸ਼ੱਕੀ ਹਾਲਾਤ ਵਿਚ ਵਿਅਕਤੀ ਦੀ ਲਾਸ਼ ਬਰਾਮਦ ਕੀਤੀ ਗਈ ਹੈ। ਮ੍ਰਿਤਕ ਦੀ ਪਛਾਣ ਰਾਜਾ (34) ਵਾਸੀ ਗੋਰਾਇਆ ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਥਾਣਾ ਲਾਂਬੜਾ ਦੇ ਅਧੀਨ ਆਉਂਦੇ ਇਕ ਇਲਾਕੇ ਦੇ ਖੇਤਾਂ ਵਿਚੋਂ ਨੌਜਵਾਨ ਦੀ ਲਾਸ਼ ਬਰਾਮਦ ਕੀਤੀ ਗਈ ਹੈ। ਇਹ ਲਾਸ਼ ਸਭ ਤੋਂ ਪਹਿਲਾਂ ਉਥੋਂ ਲੰਘ ਰਹੇ ਇਕ ਵਿਅਕਤੀ ਨੇ ਵੇਖੀ। ਜਿਵੇਂ ਹੀ ਘਟਨਾ ਦੀ ਜਾਣਕਾਰੀ ਨੇੜੇ ਦੇ ਲੋਕਾਂ ਨੂੰ ਮਿਲੀ, ਇਲਾਕੇ ਵਿਚ ਹੜਕੰਪ ਮਚ ਗਿਆ ਅਤੇ ਲੋਕਾਂ ਵਿਚ ਦਹਿਸ਼ਤ ਫੈਲ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਸਬੰਧਤ ਥਾਣੇ ਦੀ ਪੁਲਸ ਮੌਕੇ 'ਤੇ ਪਹੁੰਚੀ। ਪੁਲਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਲਿਆ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਵੇਅਰਹਾਊਸ ਮੈਨੇਜਰ ਦੀ ਖੁਦਕੁਸ਼ੀ ਪੰਜਾਬ ਸਰਕਾਰ ਦੇ ਮੱਥੇ 'ਤੇ ਕਲੰਕ : ਡਾ. ਅਵਤਾਰ ਕਰੀਮਪੁਰੀ

**ਕੌਮੀ ਪਤ੍ਰਿਕਾ**

ਜਲੰਧਰ 27 ਮਾਰਚ। ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਪ੍ਰਧਾਨ ਤੇ ਸਾਬਕਾ ਰਾਜ ਸਭਾ ਮੈਂਬਰ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਪੰਜਾਬ ਵੇਅਰ ਹਾਊਸ ਕਾਰਪੋਰੇਸ਼ਨ ਦੇ ਜ਼ਿਲ੍ਹਾ ਅੰਮ੍ਰਿਤਸਰ ਦੇ ਮੈਨੇਜਰ ਡਾਕਟਰ ਗਗਨਦੀਪ ਸਿੰਘ ਰੰਧਾਵਾ ਵੱਲੋਂ ਕੀਤੀ ਗਈ ਖੁਦਕੁਸ਼ੀ 'ਤੇ ਡੂੰਘੇ ਦੁੱਖ ਅਤੇ ਰੋਸ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਇਸ ਮੰਦਭਾਗੀ ਘਟਨਾ ਲਈ ਪੰਜਾਬ ਸਰਕਾਰ ਦੇ ਇੱਕ ਮੌਜੂਦਾ ਮੰਤਰੀ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਇਸ ਨੂੰ ਸਰਕਾਰ ਦੇ ਮੱਥੇ 'ਤੇ ਵੱਡਾ ਕਲੰਕ ਕਰਾਰ ਦਿੱਤਾ ਹੈ। ਡਾਕਟਰ ਕਰੀਮਪੁਰੀ ਨੇ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਸੂਬਾ ਵਾਸੀਆਂ ਦੇ ਜਾਨ-ਮਾਲ ਦੀ ਰਾਖੀ ਕਰਨ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ, ਉੱਥੇ ਹੀ ਕੈਬਨਿਟ 'ਚ ਬੈਠੇ ਲੋਕ ਅਧਿਕਾਰੀਆਂ ਨੂੰ ਮੌਤ ਦੇ ਮੂੰਹ ਵਿੱਚ ਧੱਕ ਰਹੇ ਹਨ।ਬਸਪਾ ਨੇ ਮੰਗ ਕੀਤੀ ਹੈ ਕਿ ਗਗਨਦੀਪ ਸਿੰਘ ਰੰਧਾਵਾ ਦਾ ਪੋਸਟਮਾਰਟਮ ਡਾਕਟਰਾਂ ਦੇ ਵਿਸ਼ੇਸ਼ ਬੋਰਡ ਵੱਲੋਂ ਕਰਵਾਇਆ ਜਾਵੇ, ਜਿਸ ਵਿੱਚ ਪੀਜੀਆਈ ਚੰਡੀਗੜ੍ਹ ਦੇ ਡਾਕਟਰ ਜ਼ਰੂਰ ਸ਼ਾਮਲ ਹੋਣ ਤਾਂ ਜੋ ਸੱਚਾਈ ਸਾਹਮਣੇ ਆ ਸਕੇ।ਪਾਰਟੀ ਨੇ ਸਰਕਾਰ ਤੋਂ ਤੁਰੰਤ ਦੋਸ਼ੀ ਮੰਤਰੀ ਖ਼?ਲਾਫ਼ ਐੱਫ.ਆਈ.ਆਰ. ਦਰਜ ਕਰ ਕੇ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਡਾਕਟਰ ਕਰੀਮਪੁਰੀ ਨੇ ਕਿਹਾ ਕਿ ਇੱਕ ਦਲਿਤ ਮਹਿਲਾ ਨਾਲ ਛੇੜਛਾੜ ਦੇ ਮਾਮਲੇ ਵਿੱਚ 'ਆਪ' ਵਿਧਾਇਕ ਨੂੰ 4 ਸਾਲ ਦੀ ਸਜ਼ਾ ਹੋਣ ਦੇ



ਬਾਵਜੂਦ ਸਪੀਕਰ ਵੱਲੋਂ ਉਸ ਨੂੰ ਡਿਸ-ਕੁਆਲੀਫਾਈ ਨਾ ਕਰਨਾ ਸਰਕਾਰ ਦੀ 'ਨੈਤਿਕ ਮੌਤ' ਦਾ ਪ੍ਰਤੀਕ ਹੈ। ਉਹਨਾਂ ਕਿਹਾ ਕਿ ਚੰਦਭਾਨ ਅਤੇ ਬਠੋਈ ਕਲਾਂ ਵਿੱਚ ਗਰੀਬਾਂ ਅਤੇ ਦਲਿਤਾਂ 'ਤੇ ਜ਼ੁਲਮ ਕਰਨ ਵਾਲੇ ਦੋਸ਼ੀਆਂ ਦੀਆਂ ਜ਼ਮਾਨਤਾਂ ਰੱਦ ਹੋਣ ਦੇ ਬਾਵਜੂਦ ਪੰਜਾਬ ਪੁਲਸ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਵਿੱਚ ਅਸਫਲ ਰਹੀ ਹੈ। 'ਪੰਜਾਬ ਸਰਕਾਰ ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ ਕੇ ਤਾਨਾਸ਼ਾਹ ਨਜ਼ਰੀਏ ਨਾਲ ਚੱਲ ਰਹੀ ਹੈ। ਜਨਤਾ ਦੇ ਹਿੱਤਾਂ ਪ੍ਰਤੀ ਇਸ ਸਰਕਾਰ ਵਿੱਚ ਕੋਈ ਸੰਵੇਦਨਾ ਨਹੀਂ ਬਚੀ।' ਡਾਕਟਰ ਕਰੀਮਪੁਰੀ ਨੇ ਪੰਜਾਬੀਆਂ ਨੂੰ ਸੱਦਾ ਦਿੱਤਾ ਕਿ ਸੂਬੇ ਨੂੰ ਇਸ ਗੰਭੀਰ ਸੰਕਟ ਵਿੱਚੋਂ ਕੱਢਣ ਲਈ ਬਸਪਾ ਵੱਲੋਂ ਵਿੱਢੀ 'ਪੰਜਾਬ ਸੰਭਾਲੋ ਮੁਹਿੰਮ' ਦਾ ਸਾਥ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ 2027 ਦੀਆਂ ਚੋਣਾਂ ਵਿੱਚ ਇਸ ਗੈਰ-ਜ਼ਿੰਮੇਵਾਰ ਸਰਕਾਰ ਨੂੰ ਚਲਦਾ ਕਰਨਾ ਸਮੇਂ ਦੀ ਮੁੱਖ ਲੋੜ ਹੈ। ?ਇਸ ਮੌਕੇ ਪਾਰਟੀ ਦੇ ਸਟੇਟ ਆਫੀਸ ਸੈਕਟਰੀ ਇੰਜੀਨੀਅਰ ਜਸਵੰਤ ਰਾਏ ਵੀ ਹਾਜ਼ਰ ਸਨ।

## ਹੱਦ ਹੋ ਗਈ ! ਭੈਣ ਨੇ ਵੱਢੀ 'ਦੰਦੀ' ਤਾਂ ਹਸਪਤਾਲ ਪਹੁੰਚ ਗਿਆ ਭਰਾ, ਡਾਕਟਰਾਂ ਨੂੰ ਕਹਿੰਦਾ- 'ਲਾਓ ਰੈਬੀਜ਼ ਦਾ ਟੀਕਾ...'

ਗਾਜ਼ੀਆਬਾਦ 27 ਮਾਰਚ। ਦਿੱਲੀ ਦੇ ਨਾਲ ਲੱਗਦੇ ਗਾਜ਼ੀਆਬਾਦ ਦੇ ਐਮ.ਐਮ.ਜੀ. ($$7) ਹਸਪਤਾਲ 'ਚ ਇਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨੂੰ ਸੁਣ ਕੇ ਡਾਕਟਰ ਵੀ ਸਿਰ ਫੜ ਕੇ ਬੈਠ ਗਏ। ਆਮ ਤੌਰ 'ਤੇ ਲੋਕ ਕੁੱਤੇ, ਬਾਂਦਰ ਜਾਂ ਬਿੱਲੀ ਦੇ ਵੱਢਣ 'ਤੇ ਰੈਬੀਜ਼ ਦੇ ਇੰਜੈਕਸ਼ਨ ਲਗਵਾਉਣ ਆਉਂਦੇ ਹਨ, ਪਰ ਇੱਥੇ ਇਕ ਨੌਜਵਾਨ ਆਪਣੀ ਹੀ ਭੈਣ ਦੇ ਵੱਢਣ ਤੋਂ ਬਾਅਦ ਰੈਬੀਜ਼ ਦੇ ਡਰ ਨਾਲ ਹਸਪਤਾਲ ਪਹੁੰਚ ਗਿਆ। ਜਾਣਕਾਰੀ ਅਨੁਸਾਰ ਵਿਜੇਨਗਰ ਦਾ ਰਹਿਣ ਵਾਲਾ ਇਕ 35 ਸਾਲਾ ਨੌਜਵਾਨ ਹਸਪਤਾਲ ਦੀ ਓਪੀਡੀ 'ਚ ਪਹੁੰਚਿਆ। ਉਸ ਨੇ ਡਾਕਟਰ ਨੂੰ ਆਪਣੀ ਖੱਬੀ ਬਾਂਹ ਦਿਖਾਉਂਦੇ ਹੋਏ ਕਿਹਾ ਕਿ ਉਸ ਦੀ ਭੈਣ ਨੇ ਗੁੱਸੇ 'ਚ ਆ ਕੇ ਉਸ ਨੂੰ ਵੱਢ ਲਿਆ ਹੈ। ਨੌਜਵਾਨ ਇੰਨਾ ਘਬਰਾਇਆ ਹੋਇਆ ਸੀ ਕਿ ਉਸ ਨੂੰ ਲੱਗ ਰਿਹਾ ਸੀ ਕਿ ਕਿਤੇ ਉਸ ਨੂੰ ਰੈਬੀਜ਼ ਨਾ ਹੋ ਜਾਵੇ। ਉਸ ਨੇ ਜ਼ਿੱਦ ਕੀਤੀ ਕਿ ਉਸ ਨੂੰ ਤੁਰੰਤ ਐਂਟੀ-ਰੈਬੀਜ਼ ਵੈਕਸੀਨ ਲਗਾਈ ਜਾਵੇ। ਡਾਕਟਰਾਂ ਨੇ ਪਹਿਲਾਂ ਤਾਂ ਨੌਜਵਾਨ ਦੀ ਗੱਲ ਸੁਣ ਕੇ ਹੈਰਾਨੀ ਜਤਾਈ ਅਤੇ ਫਿਰ ਉਸ ਨੂੰ ਸਮਝਾਇਆ ਕਿ ਇਨਸਾਨ ਦੇ ਵੱਢਣ ਨਾਲ ਰੈਬੀਜ਼ ਨਹੀਂ ਫੈਲਦਾ। ਡਾਕਟਰਾਂ ਨੇ ਦੱਸਿਆ ਕਿ ਅਜਿਹੀ ਸਥਿਤੀ 'ਚ ਘਬਰਾਉਣ ਦੀ ਲੋੜ ਨਹੀਂ ਹੁੰਦੀ, ਸਿਰਫ ਆਮ ਇਲਾਜ ਹੀ ਕਾਫ਼ੀ ਹੈ। ਹਾਲਾਂਕਿ, ਸਾਵਧਾਨੀ ਵਜੋਂ ਡਾਕਟਰ ਨੇ ਉਸ ਨੂੰ ਟੈਟਨਸ ਦਾ ਇੰਜੈਕਸ਼ਨ ਲਗਵਾਉਣ ਦੀ ਸਲਾਹ ਦਿੱਤੀ ਅਤੇ ਕੁਝ ਦਵਾਈਆਂ ਲਿਖ ਕੇ ਦਿੱਤੀਆਂ। ਐਮਰਜੈਂਸੀ ਵਾਰਡ 'ਚ ਟੀਟੀ ਦਾ ਇੰਜੈਕਸ਼ਨ ਲਗਾਉਣ ਤੋਂ ਬਾਅਦ ਨੌਜਵਾਨ ਨੂੰ ਘਰ ਭੇਜ ਦਿੱਤਾ ਗਿਆ। ਇਹ ਅਜੀਬੋ-ਗਰੀਬ ਮਾਮਲਾ ਹਸਪਤਾਲ ਦੇ ਸਟਾਫ਼ ਅਤੇ ਮਰੀਜ਼ਾਂ 'ਚ ਕਾਫ਼ੀ ਦੇਰ ਤੱਕ ਚਰਚਾ ਦਾ ਵਿਸ਼ਾ ਬਣਿਆ ਰਿਹਾ।

## ਮਰੀਜ਼ਾਂ ਨੂੰ ਮਿਲੇਗੀ ਨਵੀਂ ਜ਼ਿੰਦਗੀ, ਪੀ. ਜੀ. ਆਈ. 'ਚ ਸਥਾਪਿਤ ਹੋਵੇਗਾ ਟਰਾਂਸਪਲਾਂਟ ਸੈਂਟਰ

**ਕੌਮੀ ਪਤ੍ਰਿਕਾ**

ਚੰਡੀਗੜ੍ਹ 27 ਮਾਰਚ। ਉੱਤਰੀ ਭਾਰਤ ਦੇ ਪ੍ਰਮੁੱਖ ਸਿਹਤ ਸੰਸਥਾਨ ਪੀ. ਜੀ. ਆਈ. ਵੱਲੋਂ ਟਰਾਂਸਪਲਾਂਟ ਸੇਵਾਵਾਂ ਨੂੰ ਨਵੇਂ ਪੱਧਰ 'ਤੇ ਲੈ ਜਾਣ ਲਈ ਵੱਡਾ ਕਦਮ ਚੁੱਕਿਆ ਜਾ ਰਿਹਾ ਹੈ। ਸੰਸਥਾ 'ਚ ਜਲਦ ਹੀ ਸਮਰਪਿਤ ਟਰਾਂਸਪਲਾਂਟ ਸੈਂਟਰ ਸਥਾਪਿਤ ਕੀਤਾ ਜਾਵੇਗਾ। ਇਸ ਨਾਲ ਮਰੀਜ਼ਾਂ ਨੂੰ ਬਿਹਤਰ ਇਲਾਜ ਦੇ ਨਾਲ-ਨਾਲ ਉਡੀਕ ਸਮੇਂ 'ਚ ਵੀ ਕਮੀ ਆਉਣ ਦੀ ਉਮੀਦ ਹੈ। ਇਹ ਐਲਾਨ ਡਾਇਰੈਕਟਰ ਪ੍ਰੋ. ਵਿਵੇਕ ਲਾਲ ਨੇ ਆਈ. ਐੱਸ. ਟੀ. ਐੱਸ. ਦੀ ਸਾਲਾਨਾ ਕਾਨਫਰੰਸ ਦੇ ਉਦਘਾਟਨੀ ਸੈਸ਼ਨ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਨਵੇਂ ਸੈਂਟਰ ਨਾਲ ਟਰਾਂਸਪਲਾਂਟ ਸੇਵਾਵਾਂ ਦੀ ਗੁਣਵੱਤਾ ਤੇ ਕੁਸ਼ਲਤਾ ਦੋਵਾਂ 'ਚ ਮਹੱਤਵਪੂਰਨ ਸੁਧਾਰ ਆਵੇਗਾ। ਪ੍ਰੋ. ਵਿਵੇਕ ਲਾਲ ਨੇ ਟਰਾਂਸਪਲਾਂਟ ਨੂੰ ਸਰਜੀਕਲ ਵਿਗਿਆਨ ਦਾ ਸਭ ਤੋਂ ਉੱਚਾ ਤੇ ਮਨੁੱਖੀ ਰੂਪ ਕਰਾਰ ਦਿੰਦਿਆਂ ਕਿਹਾ ਕਿ ਇਹ ਸਿਰਫ਼ ਜਾਨਾਂ ਨਹੀਂ ਬਚਾਉਂਦਾ, ਸਗੋਂ ਮਰੀਜ਼ਾਂ ਨੂੰ ਮਾਣ, ਵਿਸ਼ਵਾਸ ਤੇ ਨਵੀਂ ਉਮੀਦ ਵੀ ਦਿੰਦਾ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਇਸ ਖੇਤਰ 'ਚ ਉੱਤਮਤਾ ਹਾਸਲ ਕਰਨ ਲਈ ਮਜ਼ਬੂਤ ਨੀਂਹ, ਸਖ਼ਤ ਸਿਖਲਾਈ ਤੇ ਅਨੁਸ਼ਾਸਨ ਬਹੁਤ ਜ਼ਰੂਰੀ ਹਨ।




ਇਕ ਵਧੀਆ ਟਰਾਂਸਪਲਾਂਟ ਸਰਜਨ ਬਣਨ ਤੋਂ ਪਹਿਲਾਂ ਇਕ ਚੰਗਾ ਸਰਜਨ ਹੋਣਾ ਲਾਜ਼ਮੀ ਹੈ। ਰੀਨਲ ਟਰਾਂਸਪਲਾਂਟ ਵਿਭਾਗ ਦੇ ਮੁਖੀ ਡਾ. ਅਸ਼ੀਸ਼ ਸ਼ਰਮਾ ਨੇ ਦੱਸਿਆ ਕਿ ਪੀ. ਜੀ. ਆਈ. ਨੇ ਹੁਣ ਤੱਕ ਲਗਭਗ 5600 ਟਰਾਂਸਪਲਾਂਟ ਸਫ਼ਲਤਾ ਪੂਰਵਕ ਕੀਤੇ ਹਨ, ਜੋ ਆਪਣੇ ਆਪ 'ਚ ਵੱਡੀ ਉਪਲੱਬਧੀ ਹੈ। ਮੌਜੂਦਾ ਸਮੇਂ 'ਚ ਸਿਰਫ਼ 10 ਬਿਸਤਰਿਆਂ ਦੇ ਸੀਮਤ ਸਰੋਤਾਂ ਦੇ ਬਾਵਜੂਦ ਮਾਹਰਾਂ ਦੀ ਟੀਮ ਲਗਾਤਾਰ ਮਿਹਨਤ ਕਰ ਰਹੀ ਹੈ। ਨਵਾਂ ਸੈਂਟਰ ਬਣਨ ਨਾਲ ਸਹੂਲਤਾਂ 'ਚ ਵਾਧਾ ਹੋਵੇਗਾ ਤੇ ਮਰੀਜ਼ਾਂ ਦੀ ਲੰਬੀ ਉਡੀਕ ਘਟੇਗੀ। ਪੀ.ਜੀ.ਆਈ. ਵੱਲੋਂ ਸਮਰਪਿਤ ਟਰਾਂਸਪਲਾਂਟ ਸੈਂਟਰ ਦੀ ਸਥਾਪਨਾ ਸਿਰਫ਼ ਨਵੀਂ ਸੁਵਿਧਾ ਨਹੀਂ, ਸਗੋਂ ਹਜ਼ਾਰਾਂ ਮਰੀਜ਼ਾਂ ਲਈ ਨਵੀਂ ਜ਼ਿੰਦਗੀ ਦੀ ਉਮੀਦ ਹੈ। ਇਹ ਕਦਮ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨ ਦੇ ਨਾਲ-ਨਾਲ ਦੇਸ਼ 'ਚ ਟਰਾਂਸਪਲਾਂਟ ਦੇ ਖੇਤਰ ਨੂੰ ਵੀ ਨਵੀਂ ਦਿਸ਼ਾ ਦੇਵੇਗਾ। ਡਾ. ਸ਼ਰਮਾ ਨੇ ਦੱਸਿਆ ਕਿ ਪੀ. ਜੀ. ਆਈ. 'ਚ ਰੋਬੋਟਿਕ ਟਰਾਂਸਪਲਾਂਟੇਸ਼ਨ ਤਕਨਾਲੋਜੀ ਵੀ ਵਰਤੀ ਜਾ ਰਹੀ ਹੈ, ਜੋ ਸਰਜਰੀ ਨੂੰ ਹੋਰ ਸੁਰੱਖਿਅਤ ਤੇ ਸਟੀਕ ਬਣਾਉਂਦੀ ਹੈ। ਮੌਜੂਦਾ ਸਮੇਂ 'ਚ ਸੰਸਥਾ ਕੋਲ ਦੋ ਰੋਬੋਟ ਹਨ ਤੇ ਜਲਦ ਹੀ ਤੀਜਾ ਰੋਬੋਟ ਵੀ ਖਰੀਦਿਆ ਜਾ ਰਿਹਾ ਹੈ। ਇਸ ਨਾਲ ਇਕੋ ਸਮੇਂ ਵੱਧ ਆਪਰੇਸ਼ਨ ਕਰਨਾ ਸੰਭਵ ਹੋਵੇਗਾ ਤੇ ਮਰੀਜ਼ਾਂ ਦੀ ਤੇਜ਼ ਰਿਕਵਰੀ ਵੀ ਹੋਵੇਗੀ। ਡਾਇਰੈਕਟਰ ਨੇ ਟਰਾਂਸਪਲਾਂਟ ਕੋ-ਆਰਡੀਨੇਟਰਾਂ ਤੇ ਦਾਨੀ ਪਰਿਵਾਰਾਂ ਦੀ ਭੂਮਿਕਾ ਦੀ ਵੀ ਖ਼ੂਬ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਉਹ ਲੋਕ ਹਨ, ਜੋ ਮੁਸ਼ਕਲ ਸਮੇਂ 'ਚ ਪਰਿਵਾਰਾਂ ਨੂੰ ਸਮਝਾ ਕੇ ਇਸ ਜੀਵਨ ਬਚਾਉਣ ਵਾਲੀ ਮੁਹਿੰਮ ਨੂੰ ਅੱਗੇ ਵਧਾਉਂਦੇ ਹਨ।

## ਨਿਮਿਸ਼ਾ ਮਹਿਤਾ ਨੇ ਘੇਰੀ 'ਆਪ' ਸਰਕਾਰ ! ਅ਼ਫਸਰ ਦੀ ਖ਼ੁਦਕੁਸ਼ੀ ਨੂੰ 'ਗੁੰਡਾਗਰਦੀ' ਦਾ ਸਬੂਤ ਦੱਸਿਆ

ਗੜ੍ਹਸ਼ੰਕਰ 27 ਮਾਰਚ। ਗੜ੍ਹਸ਼ੰਕਰ ਤੋਂ ਭਾਜਪਾ ਦੀ ਹਲਕਾ ਇੰਚਾਰਜ ਨਿਮਿਸ਼ਾ ਮਹਿਤਾ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਜਪ੍ਰਣਾਲੀ 'ਤੇ ਤਿੱਖੇ ਸਵਾਲ ਖੜ੍ਹੇ ਕਰਦਿਆਂ ਡੀ. ਐਮ. ਗਗਨਦੀਪ ਸਿੰਘ ਰੰਧਾਵਾ ਵੱਲੋਂ ਕੀਤੀ ਗਈ ਖ਼ੁਦਕੁਸ਼ੀ ਨੂੰ ਸਰਕਾਰ ਦੀ ਕਥਿਤ 'ਗੁੰਡਾਗਰਦੀ' ਦਾ ਸਿੱਧਾ ਸਬੂਤ ਕਰਾਰ ਦਿੱਤਾ ਹੈ। ਉਨ੍ਹਾਂ ਇਸ ਘਟਨਾ ਨੂੰ ਬਹੁਤ ਹੀ ਮੰਦਭਾਗੀ ਦੱਸਦਿਆਂ ਕਿਹਾ ਕਿ ਇਹ ਮਾਮਲਾ ਸਾਫ਼ ਕਰਦਾ ਹੈ ਕਿ ਮੌਜੂਦਾ ਸ਼ਾਸਨ ਅਧੀਨ ਅਫ਼ਸਰਸ਼ਾਹੀ ਕਿਸ ਕਦਰ ਦਬਾਅ ਹੇਠ ਕੰਮ ਕਰ ਰਹੀ ਹੈ। ਭਾਜਪਾ ਆਗੂ ਨਿਮਿਸ਼ਾ ਮਹਿਤਾ ਨੇ ਸਰਕਾਰ ਦੇ 'ਕੱਟੜ ਇਮਾਨਦਾਰੀ' ਦੇ ਦਾਅਵਿਆਂ ਦੀ ਪੋਲ ਖੋਲ੍ਹਦੇ ਕਿਹਾ ਕਿ ਇਸ ਘਟਨਾ ਨੇ ਸਰਕਾਰ ਦਾ ਅਸਲੀ ਸੱਚ ਲੋਕਾਂ ਦੇ ਸਾਹਮਣੇ ਲਿਆ ਦਿੱਤਾ ਹੈ। ਉਨ੍ਹਾਂ ਇਲਜ਼ਾਮ ਲਾਇਆ ਕਿ ਜਿਸ ਤਰ੍ਹਾਂ ਅਫ਼ਸਰਾਂ ਨੂੰ ਦਬਾਇਆ ਜਾ ਰਿਹਾ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਅਸਲ 'ਚ ਕਿੰਨੀ 'ਇਮਾਨਦਾਰੀ' ਨਾਲ ਕੰਮ ਕਰ ਰਹੀ ਹੈ। ਭਾਜਪਾ ਆਗੂ ਨਿਮਿਸ਼ਾ ਮਹਿਤਾ ਨੇ ਇਸ ਮਾਮਲੇ ਦੀ ਨਿਰਪੱਖ ਜਾਂਚ ਲਈ ਸੀ. ਬੀ. ਆਈ. ਨੂੰ ਕੇਸ ਸੌਂਪਣ ਦੀ ਪੁਰਜ਼ੋਰ ਮੰਗ ਕੀਤੀ ਹੈ। ਉਨ੍ਹਾਂ ਖ਼ਦਸ਼ਾ ਪ੍ਰਗਟਾਇਆ ਕਿ ਇਸ ਸਰਕਾਰ ਤੋਂ ਇਨਸਾਫ਼ ਦੀ ਕੋਈ



ਉਮੀਦ ਨਹੀਂ ਰੱਖੀ ਜਾ ਸਕਦੀ। ਨਿਮਿਸ਼ਾ ਮਹਿਤਾ ਨੇ ਅੱਗੇ ਕਿਹਾ ਕਿ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਸਰਕਾਰ ਆਪਣੇ ਮੰਤਰੀ ਨੂੰ ਬਚਾਉਣ ਲਈ ਆਉਣ ਵਾਲੇ ਕੁਝ ਦਿਨਾਂ ਵਿੱਚ ਹੀ 'ਕਲੀਨ ਚਿੱਟ' ਦੇ ਦੇਵੇਗੀ। ਉਨ੍ਹਾਂ ਮੁਤਾਬਕ ਇਹ ਕਦਮ ਲੋਕਾਂ ਲਈ ਇਕ ਹੋਰ ਸਬੂਤ ਹੋਵੇਗਾ ਕਿ ਇਹ ਸਰਕਾਰ ਕਿਸੇ ਨੂੰ ਇਨਸਾਫ਼ ਦੇਣ ਦੇ ਸਮਰੱਥ ਨਹੀਂ ਹੈ।

## ਸਾਵਧਾਨ ! ਮੱਕੜੀ ਦੇ ਜਾਲ ਵਾਂਗ ਫੈਲ ਰਹੇ ਫਰਜ਼ੀ ਕਾਲ ਸੈਂਟਰ, 'ਡਿਜੀਟਲ ਅਰੈਸਟ' ਦੇ ਨਾਂ 'ਤੇ ਹੜੱਪੇ ਜਾ ਰਹੇ ਕਰੋੜਾਂ ਰੁਪਏ

**ਕੌਮੀ ਪਤ੍ਰਿਕਾ**

ਫਗਵਾੜਾ 27 ਮਾਰਚ। ਦੇਸ਼ ਅਤੇ ਵਿਦੇਸ਼ ਵਿਚ ਸਾਈਬਰ ਠੱਗੀ ਦੇ ਮਾਮਲਿਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਫਰਜ਼ੀ ਕਾਲ ਸੈਂਟਰ ਮੱਕੜੀ ਦੇ ਜਾਲ ਵਾਂਗ ਫੈਲ ਰਹੇ ਹਨ। ਵਿਸ਼ੇਸ਼ ਤੌਰ 'ਤੇ 'ਡਿਜੀਟਲ ਅਰੈਸਟ' ਦੇ ਨਾਂ 'ਤੇ ਕੀਤੀ ਜਾ ਰਹੀ ਠੱਗੀ ਨੇ ਆਮ ਲੋਕਾਂ ਦੀ ਨੀਂਦ ਉਡਾ ਦਿੱਤੀ ਹੈ। ਇਸੇ ਕੜੀ ਵਿਚ ਪੰਜਾਬ ਵਿਚ ਉਦਯੋਗਿਕ ਨਗਰੀ ਅਤੇ ਪ੍ਰਦੇਸ਼ ਦੇ ਦੋਆਬਾ ਇਲਾਕੇ ਦਾ ਗੇਟਵੇਅ ਮੰਨੇ ਜਾਂਦੇ ਫਗਵਾੜਾ ਦਾ ਨਾਮ ਬੀਤੇ ਕੁਝ ਸਮੇਂ ਤੋਂ ਖ਼ਾਸੀਆਂ ਸੁਰਖੀਆਂ ਵਿਚ ਹੈ, ਕਿਉਂਕਿ ਕੁਝ ਸਮੇਂ ਪਹਿਲਾਂ ਜ਼ਿਲਾ ਕਪੂਰਥਲਾ ਦੀ ਸਾਈਬਰ ਕ੍ਰਾਈਮ ਵਿਭਾਗ ਦੀ ਪੁਲਸ ਟੀਮ ਅਤੇ ਥਾਣਾ ਸਿਟੀ ਫਗਵਾੜਾ ਦੀ ਪੁਲਸ ਵੱਲੋਂ ਇੱਥੋਂ ਦੇ ਸੰਘਣੀ ਆਬਾਦੀ ਵਾਲੇ ਪਲਾਹੀ ਰੋਡ ਇਲਾਕੇ ਵਿਚ ਇਕ ਵਿਲਾ ਵਿਚ ਚਲਾਏ ਜਾ ਰਹੇ ਇਕ ਅਜਿਹੇ ਫਰਜ਼ੀ ਕਾਲ ਸੈਂਟਰ ਦਾ ਪਰਦਾਫਾਸ਼ ਕੀਤਾ ਗਿਆ ਹੈ, ਜਿਸ ਦੇ ਤਾਰ ਕ੍ਰਿਪਟੋ ਕਰੰਸੀ ਤੋਂ ਲੈ ਕੇ ਹਵਾਲਾ ਕਾਰੋਬਾਰ ਅਤੇ ਹੁਣ ਡਿਜੀਟਲ ਅਰੈਸਟ ਦੇ ਮਾਮਲਿਆਂ ਨਾਲ ਵੀ ਜੋੜੇ ਜਾ ਰਹੇ ਹਨ। ਸੂਤਰਾਂ ਅਨੁਸਾਰ ਪੁਲਸ ਜਾਂਚ ਵਿਚ ਆਏ ਦਿਨ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆ ਰਹੇ ਹਨ। ਚਰਚਾ ਇਹ ਵੀ ਹੈ ਕਿ ਫਗਵਾੜਾ ਦੇ ਇਸ ਫਰਜ਼ੀ ਕਾਲ ਸੈਂਟਰ ਤੋਂ ਵਿਦੇਸ਼ਾਂ ਵਿਚ ਰਹਿ ਰਹੇ ਮਾਸੂਮ ਲੋਕਾਂ ਨੂੰ ਵੱਖ-ਵੱਖ ਤਰੀਕੇ ਅਪਣਾ ਕੇ ਕਥਿਤ ਤੌਰ 'ਤੇ ਡਿਜੀਟਲ ਅਰੈਸਟ ਦਾ ਡਰਾਵਾ ਦੇ ਕੇ ਮੋਟੀਆਂ ਰਕਮਾਂ ਵਸੂਲ ਕੀਤੀਆਂ ਜਾਂਦੀਆਂ ਰਹੀਆਂ ਹਨ। ਅਜੇ ਉਕਤ ਸਾਰੇ ਮਾਮਲੇ ਦੀ ਪੁਲਸ ਜਾਂਚ ਦਾ ਦੌਰ ਜਾਰੀ ਦੱਸਿਆ ਜਾ ਰਿਹਾ ਹੈ। ਪੀੜਤ ਨੂੰ ਚਾਹੀਦਾ ਹੈ ਕਿ ਉਹ ਸਾਰੇ ਸਬੂਤ ਜਿਵੇਂ ਕਾਲ ਰਿਕਾਰਡਿੰਗ, ਮੈਸੇਜ, ਬੈਂਕ ਟ?ਰਾਂਜੈਕਸ਼ਨ ਡਿਟੇਲ ਸੁਰੱਖਿਅਤ ਰੱਖਣ ਤਾਂ ਜੋ ਜਾਂਚ ਏਜੰਸੀਆਂ ਨੂੰ ਕਾਰਵਾਈ ਕਰਨ ਵਿਚ ਆਸਾਨੀ ਹੋਵੇ। ਸਰਕਾਰ ਅਤੇ ਪੁਲਸ ਵੱਲੋਂ ਲਗਾਤਾਰ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ ਪਰ ਮਾਹਿਰ ਮੰਨਦੇ ਹਨ ਕਿ ਜਦੋਂ ਤੱਕ ਆਮ ਨਾਗਰਿਕ ਸਤਰਕ ਨਹੀਂ ਹੋਣਗੇ, ਉਦੋਂ ਤੱਕ ਇਸ ਤਰ੍ਹਾਂ ਦੇ ਅਪਰਾਧਾਂ 'ਤੇ ਪੂਰੀ ਤਰ੍ਹਾਂ ਲਗਾਮ ਲਗਾਉਣਾ ਮੁਸ਼ਕਿਲ ਹੈ। ਅੰਤ ਵਿਚ ਇਹ ਸਮਝਣਾ ਬੇਹੱਦ ਜ਼ਰੂਰੀ ਹੈ ਕਿ 'ਡਿਜੀਟਲ ਅਰੈਸਟ' ਕੇਵਲ ਇਕ ਝੂਠਾ ਡਰ ਹੈ। ਕਾਨੂੰਨ ਦੀ ਆੜ ਵਿਚ ਠੱਗੀ ਕਰਨ ਵਾਲੇ ਇਨ੍ਹਾਂ ਗਿਰੋਹਾਂ ਤੋਂ ਬਚਣ ਦਾ ਇਕੋ-ਇਕ ਉਪਾਅ ਹੈ, ਸਤਰਕਤਾ, ਜਾਗਰੂਕਤਾ ਅਤੇ ਸਹੀ ਸਮੇਂ 'ਤੇ ਸਹੀ ਕਦਮ ਉਠਾਉਣਾ। ਸੰਗਠਿਤ ਗਿਰੋਹਾਂ ਵੱਲੋਂ ਚਲਾਏ ਜਾ ਰਹੇ ਫਰਜ਼ੀ ਕਾਲ ਸੈਂਟਰਾਂ ਤੋਂ ਸ਼ਾਤਰ ਠੱਗ ਖ਼ੁਦ ਨੂੰ ਪੁਲਸ, ਸੀ. ਬੀ. ਆਈ., ਈ. ਡੀ. ਜਾਂ ਹੋਰ ਸਰਕਾਰੀ ਏਜੰਸੀਆਂ ਦੇ ਅਧਿਕਾਰੀ ਦੱਸ ਕੇ ਲੋਕਾਂ ਨੂੰ ਡਰਾਉਂਦੇ ਹਨ ਅਤੇ ਉਨ੍ਹਾਂ ਤੋਂ ਭਾਰੀ ਰਕਮ ਹੜੱਪ ਲੈਂਦੇ ਹਨ। ਇਹ ਠੱਗੀ ਹੁਣ ਅੰਤਰਰਾਸ਼ਟਰੀ ਪੱਧਰ ਤੱਕ ਫੈਲ ਚੁੱਕੀ ਹੈ ਅਤੇ ਕਰੋੜਾਂ ਰੁਪਏ ਦੀ ਨਾਜਾਇਜ਼ ਕਮਾਈ ਦਾ ਜ਼ਰੀਆ ਬਣ ਚੁੱਕੀ ਹੈ। ਸਾਈਬਰ ਅਪਰਾਧੀਆਂ ਦਾ ਇਹ ਨੈੱਟਵਰਕ ਬੇਹੱਦ ਯੋਜਨਾਬੱਧ ਤਰੀਕੇ ਨਾਲ ਕੰਮ ਕਰਦਾ ਹੈ। ਠੱਗ ਪਹਿਲਾਂ ਸੋਸ਼ਲ ਮੀਡੀਆ, ਡਾਟਾ ਲੀਕ ਜਾਂ ਹੋਰ ਮਾਧਿਅਮਾਂ ਰਾਹੀਂ ਲੋਕਾਂ ਦੀ ਨਿੱਜੀ ਜਾਣਕਾਰੀ ਜੁਟਾਉਂਦੇ ਹਨ। ਇਸ ਤੋਂ ਬਾਅਦ ਉਹ ਫੋਨ ਕਾਲ ਜਾਂ ਵੀਡੀਓ ਕਾਲ ਰਾਹੀਂ ਸੰਪਰਕ ਕਰਦੇ ਹਨ ਅਤੇ ਪੀੜਤ ਨੂੰ ਦੱਸਦੇ ਹਨ ਕਿ ਉਨ੍ਹਾਂ ਦਾ ਆਧਾਰ ਕਾਰਡ, ਸਿਮ ਕਾਰਡ ਜਾਂ ਬੈਂਕ ਖਾਤਾ ਕਿਸੇ ਗੰਭੀਰ ਅਪਰਾਧ ਜਿਵੇਂ ਮਨੀ ਲਾਂਡਰਿੰਗ ਜਾਂ ਡਰੱਗਜ਼ ਸਮੱਗਲਿੰਗ ਵਿਚ ਇਸਤੇਮਾਲ ਹੋਇਆ ਹੈ। ਇਸ ਤੋਂ ਬਾਅਦ ਉਹ 'ਡਿਜੀਟਲ ਅਰੈਸਟ' ਦਾ ਡਰ ਦਿਖਾ ਕੇ ਪੀੜਤ ਨੂੰ ਮਾਨਸਿਕ ਤੌਰ 'ਤੇ ਦਬਾਅ ਵਿਚ ਲੈ ਆਉਂਦੇ ਹਨ। ਮਾਹਿਰਾਂ ਅਤੇ ਪੁਲਸ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ 'ਡਿਜੀਟਲ ਅਰੈਸਟ' ਨਾਮ ਦੀ ਕੋਈ ਵੀ ਕਾਨੂੰਨੀ ਪ੍ਰਕਿਰਿਆ ਭਾਰਤ ਵਿਚ ਮੌਜੂਦ ਨਹੀਂ ਹੈ। ਇਹ ਪੂਰੀ ਤਰ੍ਹਾਂ ਠੱਗਾਂ ਵੱਲੋਂ ਘੜੀ ਗਈ ਇਕ ਕਾਲਪਨਿਕ ਧਾਰਨਾ ਹੈ, ਜਿਸ ਦਾ ਉਦੇਸ਼ ਲੋਕਾਂ ਨੂੰ ਭੈਭੀਤ ਕਰ ਕੇ ਉਨ੍ਹਾਂ ਤੋਂ ਤੁਰੰਤ ਪੈਸੇ ਵਸੂਲਣਾ ਹੈ। ਅਸਲ ਵਿਚ ਭਾਰਤ ਵਿਚ ਕਿਸੇ ਵੀ ਵਿਅਕਤੀ ਦੀ ਗ੍ਰਿਫ਼ਤਾਰੀ ਕੇਵਲ ਨਿਰਧਾਰਿਤ ਕਾਨੂੰਨੀ ਪ੍ਰਕਿਰਿਆ ਦੇ ਤਹਿਤ ਪੁਲਸ ਵੱਲੋਂ ਸਰੀਰਕ ਰੂਪ ਵਿਚ ਕੀਤੀ ਜਾਂਦੀ ਹੈ ਨਾ ਕਿ ਫੋਨ ਜਾਂ ਵੀਡੀਓ ਕਾਲ ਦੇ ਮਾਧਿਅਮ ਨਾਲ। ਠੱਗਾਂ ਦਾ ਤਰੀਕਾ ਬੇਹੱਦ ਚਲਾਕੀ ਭਰਿਆ ਹੁੰਦਾ ਹੈ। ਉਹ ਪੀੜਤ ਨੂੰ ਕਹਿੰਦੇ ਹਨ ਕਿ ਉਹ 'ਜਾਂਚ ਦੇ ਘੇਰੇ ਵਿਚ' ਹਨ ਅਤੇ ਉਸ ਨੂੰ ਘਰ ਵਿਚ ਹੀ ਰਹਿ ਕੇ ਕਿਸੇ ਨਾਲ ਸੰਪਰਕ ਨਹੀਂ ਕਰਨਾ ਚਾਹੀਦਾ। ਕਈ ਮਾਮਲਿਆਂ ਵਿਚ ਵੀਡੀਓ ਕਾਲ 'ਤੇ ਨਕਲੀ ਪੁਲਸ ਸਟੇਸ਼ਨ ਜਾਂ ਵਰਦੀਧਾਰੀ ਵਿਅਕਤੀ ਦਿਖਾ ਕੇ ਭਰੋਸਾ ਪੈਦਾ ਕੀਤਾ ਜਾਂਦਾ ਹੈ। ਇਸ ਤੋਂ ਬਾਅਦ 'ਵੈਰੀਫਿਕੇਸ਼ਨ ਫੀਸ' ਜਾਂ 'ਕੇਸ ਸੈਟਲਮੈਂਟ' ਦੇ ਨਾਮ 'ਤੇ ਬੈਂਕ ਟ?ਰਾਂਸਫਰ, ਯੂ. ਪੀ.




ਆਈ. ਜਾਂ ਗਿਫਟ ਕਾਰਡ ਰਾਹੀਂ ਪੈਸੇ ਮੰਗੇ ਜਾਂਦੇ ਹਨ। ਡਰ ਅਤੇ ਸ਼ਰਮ ਦੇ ਕਾਰਨ ਕਈ ਲੋਕ ਬਿਨਾਂ ਕਿਸੇ ਨਾਲ ਸਲਾਹ ਕੀਤੇ ਪੈਸੇ ਭੇਜ ਦਿੰਦੇ ਹਨ। ਹਾਲ ਹੀ ਵਿਚ ਸਾਹਮਣੇ ਆਏ ਮਾਮਲਿਆਂ ਵਿਚ ਬਜ਼ੁਰਗਾਂ ਨੂੰ ਸਭ ਤੋਂ ਵੱਧ ਨਿਸ਼ਾਨਾ ਬਣਾਇਆ ਗਿਆ ਹੈ। ਰਿਟਾਇਰਡ ਕਰਮਚਾਰੀਆਂ, ਘਰੇਲੂ ਔਰਤਾਂ ਅਤੇ ਵਿਦਿਆਰਥੀਆਂ ਤੱਕ ਨੂੰ ਇਸ ਜਾਲ ਵਿਚ ਫਸਾਇਆ ਜਾ ਰਿਹਾ ਹੈ। ਕਈ ਪੀੜਤਾਂ ਨੇ ਆਪਣੀ ਜੀਵਨ ਭਰ ਦੀ ਜਮ?ਹਾ ਪੂੰਜੀ ਗੁਆ ਦਿੱਤੀ, ਜਦਕਿ ਕੁਝ ਮਾਮਲਿਆਂ ਵਿਚ ਲੋਕ ਮਾਨਸਿਕ ਤਣਾਅ ਦਾ ਵੀ ਸ਼ਿਕਾਰ ਹੋਏ ਹਨ। ਸਾਈਬਰ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਠੱਗੀ ਤੋਂ ਬਚਣ ਲਈ ਸਭ ਤੋਂ ਪਹਿਲਾਂ ਜਾਗਰੂਕਤਾ ਜ਼ਰੂਰੀ ਹੈ। ਜੇਕਰ ਕੋਈ ਵਿਅਕਤੀ ਖ਼ੁਦ ਨੂੰ ਸਰਕਾਰੀ ਅਧਿਕਾਰੀ ਦੱਸ ਕੇ ਫ਼ੋਨ 'ਤੇ ਗ੍ਰਿਫ਼ਤਾਰੀ ਦੀ ਗੱਲ ਕਰਦਾ ਹੈ ਤਾਂ ਇਹ ਸਪੱਸ਼ਟ ਰੂਪ ਵਿਚ ਧੋਖਾਦੇਹੀ ਦਾ ਸੰਕੇਤ ਹੈ। ਕੋਈ ਵੀ ਜਾਇਜ਼ ਏਜੰਸੀ ਫ਼ੋਨ ਜਾਂ ਵੀਡੀਓ ਕਾਲ ਦੇ ਜ਼ਰੀਏ ਗ੍ਰਿਫ਼ਤਾਰੀ ਜਾਂ ਪੁੱਛਗਿੱਛ ਨਹੀਂ ਕਰਦੀ। ਜੇਕਰ ਕਿਸੇ ਵਿਅਕਤੀ ਨੂੰ ਇਸ ਪ੍ਰਕਾਰ ਦੀ ਧਮਕੀ ਮਿਲਦੀ ਹੈ ਤਾਂ ਉਸ ਨੂੰ ਘਬਰਾਉਣ ਦੀ ਲੋੜ ਨਹੀਂ ਹੈ। ਸਭ ਤੋਂ ਪਹਿਲਾਂ ਕਾਲ ਕੱਟੋ ਅਤੇ ਸਬੰਧਿਤ ਨੰਬਰ ਨੂੰ ਬਲਾਕ ਕਰੋ। ਇਸ ਤੋਂ ਬਾਅਦ ਤੁਰੰਤ ਨਜ਼ਦੀਕੀ ਪੁਲਸ ਸਟੇਸ਼ਨ ਵਿਚ ਸ਼ਿਕਾਇਤ ਦਰਜ ਕਰਵਾਓ। ਭਾਰਤ ਸਰਕਾਰ ਦੀ ਰਾਸ਼ਟਰੀ ਸਾਈਬਰ ਕ੍ਰਾਈਮ ਹੈਲਪਲਾਈਨ 1930 'ਤੇ ਕਾਲ ਕਰਕੇ ਤੁਰੰਤ ਸਹਾਇਤਾ ਲਈ ਜਾ ਸਕਦੀ ਹੈ।